# ਵਿਗਿਆਨ ਜੋਤ

***ਸਾਲ 10, ਅੰਕ 2***

**ਮਾਰਚ-ਅਪ੍ਰੈਲ, 2015**

**PUNPUN/2006/17457**



ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ : ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

ਸੰਪਾਦਕੀ ਬੋਰਡ:
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@gmail.com



**ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਜੇ ਸਰਕਾਰਾਂ ਨਾ ਹੋਣ ਤਾਂ ਕੀ ਕੀਤਾ ਜਾਵੇ

ਮੇਰੇ ਮਹਾਨ ਭਾਰਤ ਦੀਆਂ ਹਾਲਤਾਂ ਦਿਨੋਂ ਦਿਨ ਨਿੱਘਰਦੀਆਂ ਜਾ ਰਹੀਆਂ ਹਨ ਇਸਦਾ ਮੁੱਖ ਕਾਰਨ ਇੱਥੋਂ ਦੀਆਂ ਵੋਟ ਵਟੋਰੂ ਸਿਆਸੀ ਪਾਰਟੀਆਂ ਹਨ। ਸਾਰੇ ਸਿਆਸੀ ਨੇਤਾਵਾਂ ਦਾ ਇਹ ਜ਼ੋਰ ਲੱਗਿਆ ਹੁੰਦਾ ਹੈ ਕਿ ਲੋਕਾਂ ਤੋਂ ਕਿਸ ਢੰਗ ਨਾਲ ਵੋਟਾਂ ਪ੍ਰਾਪਤ ਕੀਤੀਆਂ ਜਾਣ। ਇਸ ਕੰਮ ਲਈ ਉਹ ਨਸ਼ੇ, ਪੈਸੇ, ਧਰਮ, ਡੇਰੇ, ਜਾਤਪਾਤ ਅਸਰ ਰਸੂਖ, ਧੱਕੇਸ਼ਾਹੀ, ਫਿਰਕੂ ਮਾਹੌਲ ਆਦਿ ਦਾ ਇਸਤੇਮਾਲ ਧੜੱਲੇ ਨਾਲ ਕਰਦੇ ਹਨ। ਇਸ ਤਰ੍ਹਾਂ ਵਹਾਏ ਪੈਸੇ ਦੀ ਵਸੂਲੀ ਲਈ ਹਰ ਬੇਈਮਾਨੀ ਭਰਿਆ ਢੰਗ ਵਰਤਦੇ ਹਨ। ਇਲੈਕਸ਼ਨਾਂ ਸਮੇਂ ਵਰਤੋਂ ਕੀਤੇ ਉਪਰੋਕਤ ਕਿਸਮ ਦੇ ਲੋਕਾਂ ਦੇ ਅਹਿਸਾਨ ਤਾਰਨ ਲਈ ਤੇ ਅਗਲੇ ਇਲੈਕਸ਼ਨਾਂ ਦੀ ਜਿੱਤ ਦੀ ਆਸ ਵਿੱਚ ਉਹ ਆਮ ਤੇ ਗਰੀਬ ਜਨਤਾ ਵਿਰੁੱਧ ਬੇਇਨਸਾਫ਼ੀਆਂ ਕਰਵਾਉਂਦੇ ਹਨ।

ਇਸ ਲਈ ਇੱਥੇ ਪੈਸੇ ਦੀ ਬਹੁਤਾਤ ਤੇ ਘਾਟ ਵਾਲੇ ਲੋਕਾਂ ਵਿੱਚ ਵੱਡਾ ਖੱਪਾ ਪੈਦਾ ਹੋ ਗਿਆ ਹੈ। ਇਹ ਅਸਲੀਅਤ ਹੈ ਕਿ ਕੋਈ ਵੀ ਪ੍ਰੀਵਾਰ ਜਾਂ ਤਬਕਾ ਉਨਾ ਚਿਰ ਖੁਸ਼ਹਾਲ ਨਹੀਂ ਹੋ ਸਕਦਾ ਜਿੰਨਾ ਚਿਰ ਉਸਦੇ ਆਲੇ ਦੁਆਲੇ ਦੇ ਲੋਕ ਖੁਸ਼ ਨਹੀਂ ਹਨ। ਜੇ ਉਹ ਭੁੱਖੇ ਹਨ ਤਾਂ ਉਹ ਦੂਸਰਿਆਂ ਦੇ ਭੋਜਨ ਨੂੰ ਖੋਹਣਗੇ, ਜਾਂ ਚੋਰੀ ਕਰਨਗੇ। ਜੇ ਉਹਨਾਂ ਦੇ ਬੱਚੇ ਵਿਲਕਦੇ ਹੋਣਗੇ ਤਾਂ ਚੀਕਾਂ ਗੁਆਂਢੀਆਂ ਦੇ ਘਰਾਂ ਤੱਕ ਵੀ ਸੁਣਨਗੀਆਂ। ਜੇ ਤੁਸੀਂ ਜਾਂ ਤੁਹਾਡੇ ਪ੍ਰੀਵਾਰ ਵਾਲੇ ਥੋੜ੍ਹੇ ਬਹੁਤ ਰਹਿਮਦਿਲ ਹੋਣਗੇ ਤਾਂ ਤੁਸੀਂ ਵੀ ਹਾਂ ਦਾ ਨਾਹਰਾ ਮਾਰੋਗੇ। ਜੇ ਸਰਕਾਰਾਂ ਦੀ ਹਾਲਤ ਵੇਖੀ ਜਾਵੇ ਤਾਂ ਤੁਹਾਨੂੰ ਇਹ ਬੇੜਾ ਗਰਕਿਆ ਹੀ ਨਜ਼ਰ ਆਵੇਗਾ। ਇੱਕ ਪਾਸੇ ਬੇਰੁਜ਼ਗਾਰਾਂ ਦੀਆਂ ਲਾਈਨਾਂ ਲੱਗੀਆਂ ਨਜ਼ਰ ਆਉਣਗੀਆਂ। ਇੱਕ ਹਸਪਤਾਲ ਵਿੱਚ ਦਵਾਈਆਂ ਪਈਆਂ ਮਿਆਦ ਟਪਾ ਰਹੀਆਂ ਹੋਣਗੀਆਂ ਦੂਸਰੇ ਹਸਪਤਾਲਾਂ ਵਿੱਚ ਦਵਾਈਆਂ ਦੀ ਘਾਟ ਕਾਰਨ ਲੋਕ ਮਰ ਰਹੇ ਹੋਣਗੇ। ਇੱਕ ਸਕੂਲ ਵਿੱਚ ਦਸ ਵਿਦਿਆਰਥੀਆਂ ਨੂੰ ਇੱਕ ਅਧਿਆਪਕ ਪੜ੍ਹਾ ਰਿਹਾ ਹੋਵੇਗਾ। ਇੱਕ ਅਦਾਲਤ ਵਿੱਚ ਦਸ ਹਜ਼ਾਰਾਂ ਕੇਸ ਫਾਈਲਾਂ ਪਈਆਂ ਹੋਣਗੀਆਂ।

ਦੂਸਰੀ ਅਦਾਲਤ ਵਿੱਚ ਦਸ ਫਾਈਲਾਂ 'ਤੇ ਇੱਕ ਜੱਜ ਵੱਡੀ ਤਨਖਾਹ ਵਸੂਲ ਕਰ ਰਿਹਾ ਹੋਵੇਗਾ। ਉਪਰੋਕਤ ਤਾਂ ਕੁੱਝ ਉਦਾਹਰਣਾਂ ਹਨ ਕੇਂਦਰ ਤੇ ਪੰਜਾਬ ਸਰਕਾਰ ਵਿੱਚ ਪਿਛਲੇ 67 ਵਰ੍ਹਿਆਂ ਤੋਂ ਅਜਿਹਾ ਕੁੱਝ ਹੀ ਹੋ ਰਿਹਾ ਹੈ।

ਸੋ ਜੇ ਅਸੀਂ ਅੱਜ ਵੀ ਹੱਥ 'ਤੇ ਹੱਥ ਧਰ ਕੇ ਬੈਠੇ ਰਹੇ ਤਾਂ ਸਮਾਂ ਸਾਡੇ ਹੱਥੋਂ ਨਿਕਲ ਜਾਵੇਗਾ। ਇਸ ਲਈ ਲੋੜ ਹੈ ਸਰਕਾਰਾਂ ਦੀ ਅਣਹੋਂਦ ਵਿੱਚ ਵਿਚਰਨ ਲਈ ਕੁੱਝ ਉਪਰਾਲੇ ਕਰਨ ਦੀ। ਲੋਕ ਜੇ ਸਿੱਖ ਲੈਣ ਤਾਂ ਉਹਨਾਂ ਲਈ ਕੁੱਝ ਵੀ ਅਸੰਭਵ ਨਹੀਂ ਹੁੰਦਾ। ਸਰਕਾਰਾਂ ਜਿਹੋ ਜਿਹੀਆਂ ਹਨ ਉਹਨਾਂ ਨੂੰ ਆਪਣਾ ਕੰਮ ਕਰੀ ਜਾਣ ਦਿਓ। ਪਰ ਸਰਕਾਰਾਂ ਤੋਂ ਬਗੈਰ ਜਿਉਣ ਦੇ ਵੱਲ ਵੀ ਤੁਹਾਨੂੰ ਸਿੱਖਣੇ ਪੈਣੇ ਹਨ।

ਸਕੂਲੀ ਪੜ੍ਹਾਈ ਅਧਿਆਪਕਾਂ ਦੀ ਘਾਟ ਕਾਰਨ ਦਮ ਤੋੜ ਰਹੀ ਹੈ ਤੇ ਇੱਕ ਪਿੰਡ ਵਿੱਚ ਹੀ ਪੜ੍ਹਾਉਣ ਦੇ ਸਮਰੱਥ ਸੈਂਕੜੇ ਅਧਿਆਪਕ ਵਿਹਲੇ ਫਿਰ ਕੇ ਨਸ਼ੇ ਦੇ ਆਦੀ ਬਣ ਰਹੇ ਹਨ। ਕੀ ਉਹ ਇਹ ਘਾਟ ਪੂਰੀ ਨਹੀਂ ਕਰ ਸਕਦੇ?

ਹਸਪਤਾਲ ਵਿੱਚ ਡਾਕਟਰ ਨਹੀਂ ਹੈ। ਪਰ ਪਿੰਡ ਦਾ ਕੋਈ ਨੌਜੁਆਨ ਕਿਸੇ ਡਾਕਟਰ ਦੀ ਅਗਵਾਈ ਵਿੱਚ ਛੋਟੀਆਂ-ਮੋਟੀਆਂ ਬੀਮਾਰੀਆਂ ਲਈ ਦਵਾਈ ਬੂਟੀ ਤਾਂ ਕਰ ਹੀ ਸਕਦਾ ਹੈ। ਹਸਪਤਾਲ ਵਿੱਚ ਦਵਾਈ ਨਹੀਂ ਹੈ। ਕੀ ਰਹਿਮ ਦਿਲ ਇਸ ਕੰਮ ਲਈ ਪੈਸਾ ਨਹੀਂ ਦੇਣਗੇ?

ਕਰੋੜਾਂ ਟਨ ਅਨਾਜ ਬਰਬਾਦ ਹੋ ਰਿਹਾ ਹੈ ਤੇ ਭੁਖਮਰੀ ਫੈਲੀ ਹੋਈ ਹੈ। ਕੀ ਪੰਜਾਬ ਦੀ ਧਰਤੀ 'ਤੇ ਮੂਲੀਆਂ ਗਾਜਰਾਂ, ਸਾਗ, ਲੱਸੀ, ਬੇਰ ਦੀ ਘਾਟ ਹੈ ਜਦੋਂ ਕਿ ਹਰੇਕ ਪਿੰਡ ਵਿੱਚ ਸੈਂਕੜੇ ਅਜਿਹੀਆਂ ਥਾਵਾਂ ਵੀਰਾਨ ਪਈਆਂ ਹੁੰਦੀਆਂ ਹਨ। ਸੋ ਲੋਕਾਂ ਨੂੰ ਖੁੱਲ੍ਹੇ ਦਿਲ ਨਾਲ ਆਪਣੇ ਪ੍ਰੀਵਾਰ ਦੀਆਂ ਲੋੜਾਂ ਤੋਂ ਵਾਧੂ ਇਹਨਾਂ ਚੀਜ਼ਾਂ ਨੂੰ ਗਰੀਬ ਲੋਕਾਂ ਦੇ ਘਰਾਂ ਤੱਕ ਪਹੁੰਚਾਉਣਾਂ ਚਾਹੀਦਾ ਹੈ। ਰੱਜਦੇ-ਪੁੱਜਦੇ ਘਰਾਂ ਵਿੱਚ ਦਰੀਆਂ, ਖੇਸ, ਰਜਾਈਆਂ, ਗਦੇਲੇ, ਬੋਰੀਆਂ ਦਰਜਨਾਂ ਦੀ ਤਾਦਾਦ ਵਿੱਚ ਪੇਟੀਆਂ ਸੰਦੂਕਾਂ ਵਿੱਚ ਪਈਆਂ ਖਰਾਬ ਹੋ ਰਹੀਆਂ ਹਨ ਕੀ ਅਸੀਂ ਆਪਣੇ ਪ੍ਰੀਵਾਰ ਦੀਆਂ ਜ਼ਰੂਰਤਾਂ ਤੋਂ ਵਾਧੂ ਇਹ ਸਮਾਨ ਗਰੀਬਾਂ ਵਿੱਚ ਨਹੀਂ ਵੰਡ ਸਕਦੇ?

ਤੁਹਾਡੇ ਘਰ ਪਈਆਂ ਪੁਰਾਣੀਆਂ ਇੱਟਾਂ, ਖੰਡਰ ਹੋ ਕੇ ਕਿਸੇ ਗਰੀਬ ਦੀ ਕੁੱਲੀ ਦਾ ਸ਼ਿੰਗਾਰ ਬਣ ਸਕਦੇ ਹਨ ਤਾਂ ਕਿਉਂ ਨਾ ਬਣਾਏ ਜਾਣ।

ਤੁਹਾਡੇ ਨਜਦੀਕ ਰਹਿੰਦੇ ਕੁਝ ਗੁਆਂਢੀ ਮਾਮੂਲੀ ਜਿਹੀਆਂ ਗੱਲਾਂ ਤੋਂ ਮੁਕੱਦਮੇਬਾਜ਼ੀ ਵਿੱਚ ਫਸ ਕੇ ਥਾਣਿਆਂ ਅਦਾਲਤਾਂ ਵਿੱਚ ਜਿੱਥੇ ਆਪਣੀ ਛਿੱਲ ਲੁਹਾ ਰਹੇ ਹੋਣਗੇ। ਕੀ ਚਾਰ ਭਲੇਮਾਨਸ ਉਹਨਾਂ ਨੂੰ ਸਮਝਾ ਬੁਝਾ ਕੇ ਉਹਨਾਂ ਦਾ ਇਹ ਮਸਲਾ ਹੱਲ ਨਹੀਂ ਕਰ ਸਕਦੇ?

ਇਸ ਤਰ੍ਹਾਂ ਹੀ ਪਿੰਡਾਂ ਵਿੱਚ ਖੇਡ ਕਲੱਬਾਂ, ਲਾਇਬਰੇਰੀਆਂ, ਜਿੰਮਾਂ ਆਦਿ ਦੀ ਸਮੂਹਿਕ ਤੌਰ 'ਤੇ ਉਸਾਰੀ ਕੀਤੀ ਜਾ ਸਕਦੀ ਹੈ। ਵਾਤਾਵਰਣ ਨੂੰ ਮਨਮੋਹਣਾ ਬਣਾਉਣ ਲਈ ਅਤੇ ਪਿੰਡ ਦੀ ਦਿੱਖ ਸੁਧਾਰਨ ਲਈ ਫਲ, ਬੂਟੇ ਵੀ ਲਾਏ ਜਾ ਸਕਦੇ ਹਨ। ਸਮੂਹਿਕ ਹੱਕਾਂ ਦੀ ਰਾਖੀ ਕਰਨ ਲਈ ਜਨਤਕ ਜਥੇਬੰਦੀਆਂ ਦੀ ਉਸਾਰੀ ਤੇ ਸਹਿਯੋਗ ਵੀ ਕੀਤਾ ਜਾ ਸਕਦਾ ਹੈ।

ਸੋ ਸਰਕਾਰਾਂ ਤੋਂ ਝਾਕ ਨਾ ਰੱਖਦੇ ਹੋਏ ਪਿੰਡਾਂ, ਸ਼ਹਿਰਾਂ ਤੇ ਮੁਹੱਲਿਆਂ ਵਿੱਚ ਅਜਿਹੀਆਂ ਸੰਸਥਾਵਾਂ ਬਣਾ ਕੇ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ। ਮੈਨੂੰ ਪੂਰਾ ਯਕੀਨ ਹੈ ਕਿ ਘੱਟੋ ਘੱਟ ਪੰਜਾਬ ਦਾ ਹਰੇਕ ਪਿੰਡ ਆਪਣੇ ਪਿੰਡ ਦੀਆਂ ਸਮੱਸਿਆਵਾਂ ਖੁਦ ਹੱਲ ਕਰ ਸਕਦਾ ਹੈ। ਇਸ ਕੰਮ ਲਈ ਕਿਸੇ ਪਿੰਡ ਵਿੱਚ ਫੰਡਾਂ ਦੀ ਘਾਟ ਵੀ ਨਹੀਂ ਹੋਵੇਗੀ। ਤਰਕਸ਼ੀਲ ਸੁਸਾਇਟੀ ਭਾਰਤ ਦਾ ਤਜਰਬਾ ਦੱਸਦਾ ਹੈ ਕਿ ਉਸਨੂੰ ਆਪਣੀਆਂ ਗਤੀ ਵਿਧੀਆਂ ਤੇ ਸਰਗਰਮੀਆਂ ਕਰਨ ਲਈ ਕਦੇ ਫੰਡਾਂ ਦੀ ਘਾਟ ਨਹੀਂ ਆਈ ਤੇ ਅਸੀਂ ਇਹ ਸਾਰਾ ਕੁਝ ਸਰਕਾਰੀ ਸਹਿਯੋਗ ਤੋਂ ਬਗੈਰ ਕੀਤਾ ਹੈ। ਲੋੜ ਹੈ ਇਸ ਪਾਸੇ ਨੂੰ ਪਹਿਲ ਕਦਮੀ ਕਰਨ ਦੀ।

**-ਮੇਘ ਰਾਜ ਮਿੱਤਰ (ਮੁੱਖ ਸੰਪਾਦਕ) ਮੋ. 98887-87440**

# ਯਾਦਾਂ ਦੇ ਝਰੋਖੇ 'ਚੋਂ...



*** ਫਿਲਮ ਪੀ ਕੇ**

ਦਸੰਬਰ ਦੇ ਤੀਸਰੇ ਹਫਤੇ ਮੈਂ ਤੇ ਮੇਰੀ ਜੀਵਨ ਸਾਥਣ ਨੇ ਇਹ ਫਿਲਮ ਵੇਖੀ ਸੀ। ਕਿਸੇ ਵਿਅਕਤੀ ਨੇ ਮੈਨੂੰ ਇਹ ਦੱਸਿਆ ਕਿ ਇਸ ਫਿਲਮ ਦੇ ਇੱਕ ਡਾਇਰੈਕਟਰ ਰਾਜ ਕੁਮਾਰ ਹਿਰਾਨੀ ਦਾ ਪਿਤਾ ਇੱਕ ਤਰਕਸ਼ੀਲ ਹੈ। ਇਸ ਲਈ ਮਨ ਵਿੱਚ ਇੱਛਾ ਸੀ ਕਿ ਅਜਿਹੀ ਫਿਲਮ ਜ਼ਰੂਰ ਦੇਖੀ ਜਾਵੇ। ਫਿਲਮ ਵੇਖ ਕੇ ਆਇਆ ਹੀ ਸਾਂ ਕਿ ਮੈਨੂੰ ਕੈਨੇਡਾ ਤੋਂ ਗੁਰਪ੍ਰੀਤ ਦਾ ਫੋਨ ਆ ਗਿਆ ਕਿ ਲੋਕਾਂ ਨੂੰ ਇਸ ਫਿਲਮ ਬਾਰੇ ਜ਼ਰੂਰ ਦੱਸੋ। ਇਹ ਫਿਲਮ ਦੋ ਪਾਤਰਾਂ ਦੁਆਲੇ ਘੁੰਮਦੀ ਹੈ। ਪੀ. ਕੇ. ਕਿਸੇ ਦੂਰ ਦੀ ਗਲੈਕਸੀ ਤੋਂ ਆਇਆ ਇੱਕ ਪਾਤਰ ਹੈ ਜਿੱਥੋਂ ਦੇ ਲੋਕ ਨੰਗੇ ਰਹਿੰਦੇ ਹਨ ਤੇ ਜੱਗੂ ਟੀ. ਵੀ. ਦੀ ਇੱਕ ਰਿਪੋਰਟਰ ਹੈ। ਜੱਗੂ ਦਾ ਇੱਕ ਪਾਕਿਸਤਾਨੀ ਮੁਸਲਮਾਨ ਮੁੰਡੇ ਨਾਲ ਪਿਆਰ ਹੋ ਜਾਂਦਾ ਹੈ। ਉਸਦੇ ਪਿਤਾ ਤੇ ਪ੍ਰੀਵਾਰ ਦੇ ਹੋਰ ਮੈਂਬਰ ਇੱਕ ਆਸ਼ਾ ਰਾਮ ਵਰਗੇ ਸੰਤ 'ਤਮਸ' ਦੇ ਕੱਟੜ ਸ਼ਰਧਾਲੂ ਹੁੰਦੇ ਹਨ। ਸੰਤ ਤਮਸ ਭਵਿੱਖਬਾਣੀ ਕਰ ਦਿੰਦਾ ਹੈ ਕਿ ਜੱਗੂ ਨਾਲ ਉਹ ਪਾਕਿਸਤਾਨੀ ਮੁੰਡਾ ਬੇਵਫਾਈ ਕਰੇਗਾ ਕਦੇ ਵੀ ਵਿਆਹ ਨਹੀਂ ਕਰੇਗਾ। ਵਿਆਹ ਵਾਲੇ ਮੌਕੇ 'ਤੇ ਜੱਗੂ ਦੇ ਮਨ ਵਿੱਚ ਸੰਤ ਤਮਸ ਦੀ ਭਵਿੱਖਬਾਣੀ ਇੱਕ ਨਜ਼ਰੀਆ ਬਣਾ ਕੇ ਡਰ ਪੈਦਾ ਕਰ ਦਿੰਦੀ ਹੈ ਕਿ ਮੁਸਲਮਾਨ ਮੁੰਡਾ ਉਸ ਨਾਲ ਵਿਆਹ ਕਰਾਉਣ ਸਮੇਂ ਵਿਸ਼ਵਾਸ ਘਾਤ ਕਰ ਜਾਏਗਾ। ਠੀਕ ਉਸੇ ਮੌਕੇ 'ਤੇ ਆਈ ਚਿੱਠੀ ਨੂੰ ਉਹ ਸੱਚ ਮੰਨ ਕੇ ਉਹ ਵਿਆਹ ਦੇ ਪੰਡਾਲ ਵਿੱਚੋਂ ਚਲੀ ਜਾਂਦੀ ਹੈ। ਪੀ. ਕੇ. ਜਦੋਂ ਆਪਣੀ ਉੱਡਣ ਛਤਰੀ ਵਿੱਚੋਂ ਹੇਠਾਂ ਉਤਰਦਾ ਹੈ ਤਾਂ ਉਹਦੇ ਗਲ ਵਿੱਚ ਇੱਕ ਰੀਮੋਟ ਪਾਇਆ ਹੁੰਦਾ ਹੈ ਜਿਸ ਨਾਲ ਉਹ ਆਪਣੀ ਦੁਨੀਆਂ ਦੇ ਸੰਪਰਕ ਵਿੱਚ ਰਹਿ ਸਕਦਾ ਹੈ। ਪਰ ਇਹ ਰਿਮੋਟ ਕੋਈ ਸ਼ਰਾਬੀ ਖੋਹ ਕੇ ਭੱਜ ਜਾਂਦਾ ਹੈ ਪਰ ਪੀ. ਕੇ. ਉਸ ਦੇ ਗਲ ਵਿੱਚ ਪਾਇਆ ਟਰਾਂਸਜਿਸਟਰ ਖੋਹਣ ਵਿੱਚ ਕਾਮਯਾਬ ਹੋ ਜਾਂਦਾ ਹੈ। ਹੁਣ ਪੀ. ਕੇ. ਆਪਣੇ ਨਜ਼ਰੀਏ ਤੇ ਅਜੀਬ ਵੇਖਣੀ ਨਾਲ ਸਮੁੱਚੀ ਧਰਤੀ ਦੇ ਲੋਕਾਂ ਨੂੰ ਵੇਖਣਾ ਸ਼ੁਰੂ ਕਰਦਾ ਹੈ। ਉਹ ਆਪਣੇ ਗ੍ਰਹਿ ਤੇ ਵਾਪਸ ਆਪਣੇ ਪ੍ਰੀਵਾਰ ਨੂੰ ਮਿਲਣ ਲਈ ਹਰੇਕ ਧਰਮ ਦੇ ਵੱਡੇ ਤੋਂ ਵੱਡੇ ਧਾਰਮਿਕ ਸਥਾਨ 'ਤੇ ਸਿਜਦਾ ਕਰਨ ਲਈ ਜਾਂਦਾ ਹੈ। ਪਰ ਕੋਈ ਧਰਮ ਪੈਗੰਬਰ ਉਸਦੀ ਪ੍ਰੀਵਾਰ ਨਾਲ ਮਿਲਣੀ ਵਿੱਚ ਉਸਦੀ ਮੱਦਦ ਨਹੀਂ ਕਰਦਾ। ਇਸ ਤਰ੍ਹਾਂ ਧਰਮਾਂ ਦੀਆਂ ਰੂਹ ਰੀਤਾਂ ਦਾ ਵਖਰੇਂਵਾ ਤੇ ਮੰਨਣ ਢੰਗਾਂ ਧਰਮਾਂ ਦੇ ਥੋਥਲੇਪਣ ਦਾ ਪਰਦਾਫਾਸ਼ ਕਰਦਾ ਹੈ। ਉਹ ਨਤੀਜਾ ਕੱਢਦਾ ਹੈ ਕਿ ਸਿਰਫ਼ ਡਰ ਹੀ ਮਨੁੱਖ ਨੂੰ ਧਰਮ ਮੰਨਣ ਲਈ ਮਜ਼ਬੂਰ ਕਰਦਾ ਹੈ। ਜਿੰਨਾ ਵੱਧ ਮਨੁੱਖ ਡਰ ਜਾਂਦਾ ਹੈ ਉਹ ਓਨਾ ਜ਼ਿਆਦਾ ਹੀ ਉਹ ਕਿਸੇ ਚੀਜ਼ ਵਿੱਚ ਵਿਸ਼ਵਾਸ ਕਰਨ ਲੱਗ ਪੈਂਦਾ ਹੈ। ਜੱਗੂ ਟੀ. ਵੀ. ਰਿਪੋਰਟਰ ਹੋਣ ਕਾਰਨ ਉਸਦੀਆਂ ਰਿਪੋਰਟਾਂ ਆਪਣੇ ਚੈਨਲ 'ਤੇ ਲੋਕਾਂ ਸਾਹਮਣੇ ਪੇਸ਼ ਕਰਦੀ ਜਾਂਦੀ ਹੈ। ਅੰਤ ਵਿੱਚ ਪੀ. ਕੇ. ਵੇਖਦਾ ਹੈ ਕਿ ਸੰਤ ਤਮਸ ਕੋਲ ਉਸਦਾ ਰਿਮੋਟ ਹੈ ਜਿਸ ਨੂੰ ਵਿਖਾ ਕੇ ਉਹ ਲੋਕਾਂ ਤੋਂ ਮੰਦਰ ਬਣਾਉਣ ਲਈ ਪੈਸੇ ਇਕੱਠੇ ਕਰ ਰਿਹਾ ਹੈ। ਇਸ ਲਈ ਉਹ ਤਮਸ ਦੇ ਭਰੇ ਦਰਬਾਰ ਵਿੱਚ ਜਾ ਕੇ ਉਸ ਦੁਆਰਾ ਦਰਸਾਈਆਂ ਘਟਨਾਵਾਂ ਦੇ ਗਲਤ ਹੋਣ ਦੀ ਪੁਸ਼ਟੀ ਕਰਦਾ ਹੈ। ਅੰਤ ਵਿੱਚ ਉਹ ਇਹ ਵੀ ਸਿੱਧ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ ਕਿ ਜੱਗੂ ਦਾ ਵਿਆਹ ਕੈਂਸਲ ਕਰਵਾਉਣਾ ਵੀ ਸੰਤ ਤਮਸ ਦੀ ਇੱਕ ਸਾਜਿਸ਼ ਸੀ। ਇਸ ਤਰ੍ਹਾਂ ਪੀ. ਕੇ. ਆਪਣੀ ਰੀਮੋਟ ਵਾਪਸ ਲੈ ਕੇ ਆਪਣੇ ਗ੍ਰਹਿ ਨੂੰ ਵਾਪਸ ਚੱਲ ਪੈਂਦਾ ਹੈ। ਧਰਮਾਂ ਤੇ ਸਾਧਾਂ ਸੰਤਾਂ ਦਾ ਵਖਰੇਵਾਂ, ਸ਼ਰਧਾਲੂਆਂ ਦੇ ਸਮੇਂ ਦੀ ਬਰਬਾਦੀ, ਲੋਕਾਂ ਨੂੰ ਡਰਾਉਣ ਤੇ ਲੁੱਟਣ ਦੇ ਢੰਗਾਂ ਦੇ ਪਰਦੇ ਫਾਸ਼ ਕਰਨ ਵਾਲੀ ਇਹ ਇੱਕ ਬਹੁਤ ਹੀ ਵਧੀਆ ਮੂਵੀ ਹੈ। ਘੱਟੋ-ਘੱਟ ਤਰਕਸ਼ੀਲਾਂ ਦੇ ਹਰੇਕ ਪ੍ਰੀਵਾਰ ਲਈ ਇਹ ਇੱਕ ਵੇਖਣ ਯੋਗ ਹੈ।




**ਮੇਘ ਰਾਜ ਮਿੱਤਰ**
ਫੋਨ ਨੰ: 98887-87440


*** ਪੀਰ ਗਾਲੜ ਸ਼ਾਹ**

ਮੇਰੇ ਵਰਗੇ ਇੱਕ ਮਿੱਤਰ ਨੇ ਸੈਰ ਕਰਨ ਜਾਂਦਿਆਂ ਮੈਨੂੰ ਇਹਨਾਂ ਕਬਰਾਂ ਦੇ ਉਸਰਨ ਦੇ ਢੰਗਾਂ ਦਾ ਵਰਨਣ ਕੀਤਾ। ਇਹਨਾਂ ਵਿਚੋਂ ਪਹਿਲਾ ਕਿੱਸਾ ਪੀਰ ਗਾਲੜ ਸ਼ਾਹ ਦੀ ਕਬਰ ਦਾ ਸੀ ਅਣਵੰਡੇ ਪੰਜਾਬ ਵਿੱਚ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਪੜ੍ਹਾਈ ਦਾ ਕੇਂਦਰ ਲਾਹੌਰ ਸੀ। ਇਮਤਿਹਾਨ ਦੇ ਦਿਨ ਸਨ, ਕੁਝ ਵਿਦਿਆਰਥੀ ਇੱਕ ਬਾਗ ਵਿੱਚ ਪੜ੍ਹਾਈ ਕਰ ਰਹੇ ਸਨ। ਉਹਨਾਂ ਨੂੰ ਇੱਕ ਦਰੱਖਤ 'ਤੇ ਇੱਕ ਗਿਲਹਿਰੀ ਨਜ਼ਰ ਆਈ ਜਿਸਦੀਆਂ ਹਰਕਤਾਂ ਉਹਨਾਂ ਨੂੰ ਡਿਸਟਰਬ ਕਰ ਰਹੀਆਂ ਸਨ। ਸ਼ਰਾਰਤੀ ਲੜਕੇ ਨੇ ਉਸਦੇ ਰੋੜਾ ਮਾਰਿਆ ਜਿਸ ਨਾਲ ਗਿਲਹਿਰੀ ਮਰ ਗਈ। ਦੂਸਰੇ ਲੜਕਿਆਂ ਨੂੰ ਇਸ ਗੱਲ 'ਤੇ ਬਹੁਤ ਅਫਸੋਸ ਹੋਇਆ ਉਹਨਾਂ ਨੇ ਰਲ-ਮਿਲਕੇ ਉਸ ਗਿਲਹਿਰੀ ਦੇ ਸਸਕਾਰ ਦੀ ਯੋਜਨਾ ਬਣਾਈ। ਲਾਹੌਰ ਵਿੱਚ ਜ਼ਿਆਦਾ ਮੁਸਲਿਮ ਲੜਕੇ ਸਨ ਇਸ ਲਈ ਉਹਨਾਂ ਨੇ ਉਸ ਗਿਲਹਿਰੀ ਨੂੰ ਇੱਕ ਬੋਤਲ ਵਿੱਚ ਬੰਦ ਕੀਤਾ ਤੇ ਇੱਕ ਟੋਏ ਵਿੱਚ ਦੱਬਣਾ ਸ਼ੁਰੂ ਕਰ ਦਿੱਤਾ। ਇੱਕ ਭਲੇ ਪੁਰਸ਼ ਨੇ ਉਹਨਾਂ ਨੂੰ ਇੱਕ ਸਥਾਨ 'ਤੇ ਮਿੱਟੀ ਪਾਉਂਦਿਆਂ ਵੇਖ ਕੇ ਪੁੱਛਿਆ "ਤੁਸੀਂ ਕੀ ਕਰ ਰਹੇ ਹੋ।" ਉਹਨਾਂ ਨੇ ਕਿਹਾ ਕਿ "ਪੀਰ ਗਾਲੜ ਸ਼ਾਹ ਦੀ ਕਬਰ ਤਿਆਰ ਕਰ ਰਹੇ ਹਾਂ।" ਉਸ ਵਿਅਕਤੀ ਦਾ ਘਰ ਕਿਸੇ ਨਜ਼ਦੀਕੀ ਮੁਹੱਲੇ ਵਿੱਚ ਹੀ ਸੀ। ਅਗਲੇ ਦਿਨ ਉਸ ਨੇ ਉਸ ਕਬਰ ਉੱਪਰ ਹਰਾ ਕੱਪੜਾ ਪਾ ਦਿੱਤਾ। ਫਿਰ ਕਿਸੇ ਹੋਰ ਦਾਨੀ ਪੁਰਸ਼ ਨੇ ਉਸ ਦੁਆਲੇ ਚਾਰਦਿਵਾਰੀ ਕਰਵਾ ਦਿੱਤੀ। ਮੋਟੇ ਅੱਖਰਾਂ ਵਿੱਚ ਇਹ ਲਿਖਵਾ ਦਿੱਤਾ। "ਕਬਰ ਪੀਰ ਗਾਲੜ ਸਾਹ।" ਇਸ ਤਰ੍ਹਾਂ ਇਸ ਕਬਰ ਦੀ ਸਿਜਦਾ ਹੋਣੀ ਸ਼ੁਰੂ ਹੋ ਗਈ। ਕੁਝ ਸਮੇਂ ਬਾਅਦ ਇਹ ਸਥਾਨ ਭਾਰਤ ਪਾਕ ਸੀਮਾਂ ਦੇ ਨਜ਼ਦੀਕ ਹੋਣ ਕਰਕੇ ਇਸ ਸਥਾਨ ਲਈ ਲੜਾਈਆਂ ਹੋਣ ਲੱਗ ਪਈਆਂ ਕਿ "ਗਾਲੜ ਸ਼ਾਹ ਹਿੰਦੂ ਪੀਰ ਸੀ। ਮੁਸਲਮਾਨ ਕਹਿਣ ਲੱਗੇ ਕਿ ਉਹ ਤਾਂ ਮੁਸਲਿਮ ਪੀਰ ਸੀ।" ਜਦੋਂ ਫਸਾਦਾਂ ਦੀ ਗਿਣਤੀ ਵਧ ਗਈ ਤਾਂ ਉਹਨਾਂ ਵਿਦਿਆਰਥੀਆਂ ਨੇ ਦੱਸਿਆ ਕਿ ਜੇ ਤੁਸੀਂ ਇਸ ਕਬਰ ਨੂੰ ਫਰੋਲਿਆ ਤਾਂ ਇਸ ਵਿੱਚੋਂ ਤੁਹਾਨੂੰ ਸ਼ਰਾਬ ਵਾਲੀ ਪੁਰਾਣੀ ਖਾਲੀ ਬੋਤਲ ਵਿੱਚੋਂ ਇੱਕ ਗਿਲਹਿਰੀ ਦੀਆਂ ਹੱਡੀਆਂ ਮਿਲਣਗੀਆਂ। ਇੰਝ ਹੀ ਹੋਇਆ।

### * ਕਬਰ ਪੀਰ ਗਧੀ ਜੀ

ਇੱਕ ਵਿਅਕਤੀ ਆਪਣੇ ਸਿਰ ’ਤੇ ਗੱਠੜੀ ਰੱਖ ਕੇ ਪਿੰਡ-ਪਿੰਡ ਹੋਕਾ ਦੇ ਕੇ ਕੱਪੜਾ ਵੇਚਣ ਦਾ ਕਿੱਤਾ ਕਰਿਆ ਕਰਦਾ ਸੀ। ਰਸਤੇ ਵਿੱਚ ਇੱਕ ਕਬਰ ’ਤੇ ਇੱਕ ਸਾਧੂ ਜੀ ਬਿਰਾਜਮਾਨ ਹੁੰਦੇ ਸਨ। ਜਾਂਦਾ-ਆਉਂਦਾ ਇਹ ਵਿਅਕਤੀ ਕੁੱਝ ਆਰਾਮ ਕਰਨ ਲਈ ਉਸ ਕਬਰ ’ਤੇ ਬੈਠ ਜਾਂਦਾ। ਹੌਲੀ-ਹੌਲੀ ਉਸਨੇ ਕਬਰ ਦੇ ਸਾਧੂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਕਬਰ ਤੇ ਚੜ੍ਹੀ ਕੁਝ ਰਸਦ ਵਿੱਚ ਉਸਨੂੰ ਖਾਣ-ਪੀਣ ਨੂੰ ਮਿਲਣ ਲੱਗ ਪਿਆ। ਇੱਕ ਦਿਨ ਉਹ ਉਸ ਸੰਤ ਨੂੰ ਕਹਿਣ ਲੱਗਿਆ ਕਿ ਮੇਰੀ ਉਮਰ ਜ਼ਿਆਦਾ ਹੋ ਗਈ ਹੈ ਹੁਣ ਸਿਰ ’ਤੇ ਗੱਠੜੀ ਚੁੱਕ ਕੇ ਪਿੰਡ-ਪਿੰਡ ਜਾਣਾ ਮੇਰੇ ਲਈ ਮੁਸ਼ਕਿਲ ਹੋ ਗਿਆ ਹੈ। ਸੰਤ ਦੇ ਮਨ ਵਿੱਚ ਮੇਹਰ ਪਈ ਉਸਨੇ ਉਸ ਸ਼ਰਧਾਲੂ ਦਾ ਜੀਵਨ ਸੁਖਾਲਾ ਕਰਨ ਲਈ ਉਸਨੂੰ ਇੱਕ ਗਧੀ ਦੇ ਦਿੱਤੀ। ਹੁਣ ਉਹ ਉਪਰਲੇ ਪਹਾੜਾਂ ਦੀਆਂ ਚੜ੍ਹਾਈਆਂ ਵੱਲ ਆਪਣਾ ਮਾਲ ਵੇਚਣ ਜਾਣ ਲੱਗ ਪਿਆ। ਚਾਰ ਪੰਜ ਸਾਲ ਬਾਅਦ ਉਹ ਗਧੀ ਵੀ ਮਰ ਗਈ। ਉਹ ਰੋਣ ਲੱਗ ਪਿਆ ਦੋ ਚਾਰ ਵਿਅਕਤੀ ਉਹਦੀ ਮੱਦਦ ’ਤੇ ਆ ਗਏ ਸਭਨੇ ਰਲ ਕੇ ਉਸ ਗਧੀ ਨੂੰ ਇੱਕ ਟੋਏ ਵਿੱਚ ਰੱਖ ਕੇ ਉਸ ਉੱਪਰ ਮਿੱਟੀ ਪਾ ਦਿੱਤੀ। ਹੁਣ ਫਿਰ ਉਸਨੂੰ ਗਠੜੀ ਸਿਰ ’ਤੇ ਚੁੱਕਣੀ ਪੈਣੀ ਸੀ। ਸੋ ਉਸਨੇ ਗਧੇ ਦੁਆਰਾ ਕੀਤੀ ਸੇਵਾ ਕਾਰਨ ਆਪਣੀ ਗਠੜੀ ਵਿੱਚੋਂ ਇੱਕ ਨਵਾਂ ਕੱਪੜਾ ਉਸਦੀ ਕਬਰ ’ਤੇ ਪਾ ਦਿੱਤਾ। ਜਾਂਦਾ ਆਉਂਦਾ ਉਸ ’ਤੇ ਕੋਈ ਦੀਵਾ ਬਾਲਣਾ ਵੀ ਉਹ ਨਾ ਭੁੱਲਦਾ। ਇੱਕ ਦਿਨ ਇੱਕ ਵਿਅਕਤੀ ਨੇ ਇੱਕ ਰੁਪਿਆ ਉਸ ਕਬਰ ’ਤੇ ਚੜ੍ਹਾ ਕੇ ਮੱਥਾ ਟੇਕ ਦਿੱਤਾ ਤੇ ਸੁੱਖ, ਸੁੱਖ ਲਈ। ਘਰ ਜਾਂਦਿਆਂ ਨੂੰ ਉਸਦੀ ਸੁੱਖ ਪੂਰੀ ਹੋਣ ਦੀ ਖ਼ਬਰ ਮਿਲ ਗਈ ਜਾਂਦੇ ਹੋਏ ਉਸਨੇ ਉਸ ਕਬਰ ’ਤੇ ਭੰਡਾਰਾ ਲਾ ਦਿੱਤਾ। ਹੁਣ ਉਸ ਕਬਰ ਦੀ ਪ੍ਰਸਿੱਧੀ ਆਲੇ-ਦੁਆਲੇ ਫੈਲ ਗਈ। ਇੱਕ ਦਿਨ ਉਹ ਕਬਰ ਦੀ ਮੰਨਤਾ ਸੁਣ ਕੇ ਉਹ ਸਾਧੂ ਵੀ ਉਸਦੇ ਦਰਸ਼ਨਾਂ ਲਈ ਆ ਗਿਆ। ਆਪਣੇ ਪੁਰਾਣੇ ਚੇਲੇ ਦੀ ਪ੍ਰਸਿੱਧੀ ਵੇਖ ਕੇ ਉਸਦਾ ਮਨ ਬਹੁਤ ਖ਼ੁਸ਼ ਹੋਇਆ। ਦੋਵੇਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਨ ਲੱਗੇ। ਛੋਟੇ ਚੇਲੇ ਨੇ ਕਬਰ ਦਾ ਰਾਜ ਆਪਣੇ ਵੱਡੇ ਗੁਰੂ ਦੇ ਕੰਨ ਵਿੱਚ ਦੱਸ ਦਿੱਤਾ। ਵੱਡਾ ਸਾਧੂ ਕਹਿਣ ਲੱਗਿਆ ਤੇਰੇ ਵਾਲੀ ‘ਗਧੀ ਸ਼ਾਹ’ ਦੀ ਮਾਂ ਨੂੰ ਮੈਂ ਉੱਥੇ ਦੱਬਿਆ ਸੀ। ਇਸ ਤਰ੍ਹਾਂ ਦੋਹੇ ‘ਗਧੀ ਸਾਹ’ ਦੇ ਇਸ ਮਾਜਰੇ ਨੂੰ ਸਮਝ ਕੇ ਖੂਬ ਹੱਸੇ। ਲੋਕਾਂ ਦੀ ਭੇਡ ਚਾਲ ਨੇ ਉਹਨਾਂ ਦੀ ਜ਼ਿੰਦਗੀ ਸੁਖਾਲੀ ਕਰ ਦਿੱਤੀ ਸੀ।

### * ਕਬਰ ‘ਚਤੁਰਵੇਦੀ ਜੀ’

ਤ੍ਰਿਪਾਠੀ ਵਿੱਚ ਬੜੇ ਵਿਦਵਾਨ ਸਨ। ਕਹਿੰਦੇ ਹਨ ਉਹਨਾਂ ਦੇ ਵੱਡ-ਵਡੇਰੇ ਤਿੰਨ ਪਾਠਾਂ ਦੇ ਜਾਣੂ ਸਨ ਇਸ ਲਈ ਉਹਨਾਂ ਦੇ ਖਾਨਦਾਨ ਦੀ ਅੱਲ ਹੀ ਤ੍ਰਿਪਾਠੀ ਜੀ ਦੇ ਨਾਂ ’ਤੇ ਪੈ ਗਈ। ਹਰ ਪੀੜ੍ਹੀ ਆਪਣੇ ਨਾਂ ਅੱਗੇ ਤ੍ਰਿਪਾਠੀ ਲਾਉਣਾ ਨਾ ਭੁੱਲਦੀ। ਇੱਕ ਵਾਰ ਤ੍ਰਿਪਾਠੀ ਜੀ ਨੇ ਅਖ਼ਬਾਰ ਵਿੱਚ ਪੜ੍ਹਿਆ ਕਿ ਸਰਕਾਰ ਜੀ ਨੇ ਲਾਇਬਰੇਰੀ ਬਣਾਉਣ ਲਈ ਉਸਦੇ ਘਰ ਤੋਂ ਅਗਲਾ ਪਲਾਟ ਚੁਣ ਲਿਆ ਹੈ। ਉਪਰੋਂ ਆਈ ਥੋੜ੍ਹੀ ਗਰਾਂਟ ਨਾਲ ਚਾਰ ਦੀਵਾਰੀ ਵੀ ਹੋ ਗਈ। ਤ੍ਰਿਪਾਠੀ ਜੀ ਸੋਚਦੇ ਕਿ ਲਾਇਬਰੇਰੀ ਵਾਲਿਆਂ ਨੂੰ ਬੇਨਤੀ ਕਰਕੇ ਉਹ ਚਾਰੇ ਵੇਦ ਉਸ ਲਾਇਬਰੇਰੀ ਵਿੱਚ ਜ਼ਰੂਰ ਪੜ੍ਹਿਆ ਕਰਨਗੇ। ਇਸ ਤਰ੍ਹਾਂ ਉਹ ਚਤੁਰਵੇਦੀ ਬਣ ਜਾਣਗੇ ਤੇ ਉਹਨਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਨਾਵਾਂ ਦੁਆਲੇ ‘ਚਤੁਰਵੇਦੀ’ ਲਾਉਣਾ ਸ਼ੁਰੂ ਕਰ ਦੇਣਗੀਆਂ ਪਰ ਉਸਦੇ ਦੇਖਦੇ ਉਹ ਸਥਾਨ ਤਾਂ ਇੱਕ ‘ਖੁੱਲ੍ਹਾ ਸੌਚਾਲਿਆ’ ਬਣ ਗਿਆ। ਹਰ ਕੋਈ ਲੰਘਦਾ ਵੜਦਾ ਉਸ ਵਿੱਚ ਪਖਾਨਾ ਕਰਨਾ ਨਾ ਭੁੱਲਦਾ। ਹਰ ਸਮੇਂ ਹਵਾ ਵਿੱਚੋਂ ਖਿਲਰਦੀ ਬਦਬੂ ਨੇ ਉਸਦੀ ਜ਼ਿੰਦਗੀ ਨਰਕੀ ਬਣਾ ਦਿੱਤੀ। ਇਸ ਸਮੱਸਿਆ ਦੇ ਹੱਲ ਲਈ ਉਸਦੇ ਮਿੱਤਰ ਦਿਵੇਦੀ ਜੀ ਨੇ ਕੰਨ ਵਿੱਚ ਕੁਝ ਸਮਝਾਇਆ। ਇੱਕ ਦਿਨ ਉਸ ਸਥਾਨ ’ਤੇ ਰਾਤ ਨੂੰ ਇੱਕ ਮਜ਼ਦੂਰ ਲਾ ਦਿੱਤਾ। ਜਿਸਨੇ ਕਬਰ ਪੁੱਟ ਕੇ ਉਸ ਉੱਪਰ ਹਰੀ ਚਾਦਰ ਪਾ ਦਿੱਤੀ ਅਤੇ ਚਾਰ ਦੀਵਾਰੀ ਤੇ ਲਿਖ ਦਿੱਤੀ। ਕਬਰ “ਚਤੁਰਵੈਦੀ ਜੀ” ਹਰ ਰੋਜ਼ ਹੋਰ ਲੋਕਾਂ ਨੇ ਦੀਵੇ ਦੀਵਾਰਾਂ ’ਤੇ ਵੀ ਰੱਖਣੇ ਸ਼ੁਰੂ ਕਰ ਦਿੱਤੇ। ਉਸਦੀ ਹੈਰਾਨੀ ਦੀ ਹੱਦ ਨਾ ਰਹੀ ਹੁਣ ਲੋਕ ਪਖਾਨਾ ਕਰਨ ਦੀ ਬਜਾਏ “ਚਤੁਰਵੈਦੀ ਜੀ” ਦੀ ਸਿਜਦਾ ਕਰਨ ਲਈ ਉਸ ਸਥਾਨ ’ਤੇ ਆਉਣ ਲੱਗ ਪਏ।

### * ਸਾਰਲੀ ਐਬਦੋ

ਤਰਕਸ਼ੀਲ ਸੁਸਾਇਟੀਆਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਆਪਣੇ-ਆਪਣੇ ਨਾਵਾਂ ਥੱਲੇ ਤੇ ਵੱਖ-ਵੱਖ ਢੰਗਾਂ ਨਾਲ ਵੱਖ-ਵੱਖ ਧਾਰਮਿਕ ਅੰਧਵਿਸ਼ਵਾਸਾਂ ਨਾਲ ਆਪਣੇ ਸੰਘਰਸ਼ਾਂ ਨੂੰ ਲੜ ਰਹੀਆਂ ਹਨ। ‘ਸਾਰਲੀ ਐਬਦੋ” ਫਰਾਂਸ ਦੇ ਤਰਕਸ਼ੀਲਾਂ ਵੱਲੋਂ ਛਾਪੀ ਜਾਂਦੀ ਇੱਕ ਹਫਤਾਵਾਰੀ ਪੱਤਰਕਾ ਹੈ। ਇਸ ਪੱਤਰਕਾ ਵਿੱਚ ਆਮ ਤੌਰ ’ਤੇ ਵਿਅੰਗ ਤੇ ਕਾਰਟੂਨ ਹੀ ਛੱਪਦੇ ਹਨ। ਲਿਖਾਰੀ ਆਪਣੀ ਗੱਲ ਕਾਰਟੂਨਾਂ ਰਾਹੀਂ ਕਰਦੇ ਰਹਿੰਦੇ ਹਨ। ਧਾਰਮਿਕ ਆਗੂ ਉਹਨਾਂ ਦੇ ਕੀਤੇ ਹੋਏ ਛੋਟੇ ਵਿਅੰਗਾਂ ਨੂੰ ਆਪਣੇ ਧਰਮ ਦੇ ਖਾਤਮੇ ਦਾ ਪ੍ਰਤੀਕ ਸਮਝਦੇ ਹਨ। ਇਸੇ ਮਹੀਨੇ ਜਨਵਰੀ ਵਿੱਚ “ਸਾਰਲੀ ਐਬਦੋ” ਦੇ ਦਫਤਰ ’ਤੇ ਕੁਝ ਇਸਲਾਮਿਕ ਕੱਟੜ ਦਹਿਸ਼ਤ ਪਸੰਦਾਂ ਵੱਲੋਂ ਹਥਿਆਰਬੰਦ ਹਮਲਾ ਕੀਤਾ ਗਿਆ। ਉਸ ਪੱਤਰਕਾ ਦੇ ਦਸ ਬਹੁਤ ਹੀ ਸਥਾਪਤ ਪੱਤਰਕਾਰ ਮੌਤ ਦੇ ਘਾਟ ਉਤਾਰ ਦਿੱਤੇ ਗਏ ਅਤੇ ਨਾਲ ਹੀ ਦੋ ਪੁਲਸ ਵਾਲੇ ਵੀ ਕਤਲ ਕਰ ਦਿੱਤੇ ਗਏ। ਫਰਾਂਸ ਤੇ ਦੁਨੀਆਂ ਦੇ ਲੋਕਾਂ ਨੇ ਇਸਲਾਮਿਕ ਕੱਟੜਪੰਥੀਆਂ ਦੀ ਉਸ ਚੁਣੌਤੀ ਨੂੰ ਕਬੂਲ ਕੀਤਾ। ਦਸ ਲੱਖ ਲੋਕਾਂ ਦੇ ਹਜੂਮ ਨੇ “ਸਾਰਲੀ ਐਬਦੋ” ਦੇ ਹੱਕ ਵਿੱਚ ਸ਼ਾਂਤੀ ਪੂਰਵਕ ਮੁਜ਼ਾਹਰਾ ਕੀਤਾ ਗਿਆ। “ਸਾਰਲੀ ਐਬਦੋ” ਉਸ ਉੱਪਰ ਹੋਏ ਹਮਲੇ ਦੇ ਵਿਰੋਧ ਵਿੱਚ ਕੁੱਝ ਨੌਜਵਾਨਾਂ ਨੇ ਮਸਜਿਦਾਂ ’ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਗਏ ਸਨ। ਪਰ ਇਸ ਹਜੂਮ ਦਾ ਸੰਦੇਸ਼ ਸੀ ਕਿ ਅਸੀਂ ਕਿਸੇ ਵੀ ਧਰਮ ਨੂੰ ਨਿਸ਼ਾਨਾਂ ਨਹੀਂ ਬਣਾਵਾਂਗੇ ਸਗੋਂ ਸਾਡਾ ਨਿਸ਼ਾਨਾਂ ਤਾਂ ਧਾਰਮਿਕ ਕੱਟੜਵਾਦ ਹੈ ਤੇ ਇਹ ਰਹੇਗਾ। “ਸਾਰਲੀ ਐਬਦੋ” ਦੇ ਐਡੀਸ਼ਨ ਦੀ ਵਿਕਰੀ ਲਈ ਲੱਗੀਆਂ ਲਾਈਨਾਂ ਅਤੇ ਸੱਤਰ ਲੱਖ ਕਾਪੀਆਂ ਦੁਨੀਆਂ ਭਰ ਦੇ ਲੋਕਾਂ ਦਾ ਤਰਕਸ਼ੀਲਾਂ ਦੇ ਹੱਕ ਵਿੱਚ ਦਿੱਤਾ ਗਿਆ ਵੱਡਾ ਫਤਵਾ ਹੈ। ਜਿੱਥੇ ਤਰਕਸ਼ੀਲ ਸੁਸਾਇਟੀ ਭਾਰਤ, ਭਾਰਤ ਦੇ ਲੋਕਾਂ ਨੂੰ ਵੀ ਅਜਿਹੇ ਹਮਲਿਆਂ ਦਾ ਵਿਰੋਧ ਕਰਨ ਦੀ ਅਪੀਲ ਕਰਦੀ ਹੈ। ਉਸ ਸਮੇਂ ਭਾਰਤ ਦੀ ਹਾਲਤ ਵਿੱਚ ਅਜਿਹੇ ਹਮਲਿਆਂ ਦੇ ਹੋਣ ਦੀ ਸੰਭਾਵਨਾ ਬਾਰੇ ਚੌਕਸ ਵੀ ਕਰਦੀ ਹੈ।




### * ਫਿਲਮ ਐਮ. ਐਸ. ਜੀ.

ਸਰਸੇ ਵਾਲਾ ਡੇਰਾ ਪਿਛਲੇ ਪੰਦਰਾਂ ਸਾਲ ਤੋਂ ਵਾਦ-ਵਿਵਾਦ




ਦਾ ਕੇਂਦਰ ਰਿਹਾ ਹੈ। ਰੂਹਾਨੀਅਤ ਦਾ ਪ੍ਰਚਾਰ ਕੇਂਦਰ, ਫਿਲਮਾਂ ਅਤੇ ਵਿਉਪਾਰ ਦਾ ਕੇਂਦਰ ਬਣਦਾ ਜਾਪਦਾ ਹੈ। ਹਰਿਆਣੇ ਦੀਆਂ ਇਲੈਕਸ਼ਨਾਂ ਵਿੱਚ ਇਸ ਡੇਰੇ ਨੇ ਖੁੱਲ੍ਹ ਕੇ ਬੀ. ਜੇ. ਪੀ. ਨੂੰ ਵੋਟਾਂ ਪਵਾਈਆਂ। ਇਸ ਲਈ ਮੋਦੀ ਸਾਹਿਬ ਇਸ ਡੇਰੇ ਦੇ ਹਿਮਾਇਤੀ ਬਣ ਗਏ ਅਤੇ ਵਾਅਦਾ ਕੀਤਾ ਕਿ "ਸਰਸੇ ਵਾਲਿਆ ਇਲੈਕਸ਼ਨਾਂ ਦੇ ਇਮਤਿਹਾਨ ਵਿੱਚ ਤੂੰ ਸਾਡੀ ਹਿਮਾਇਤ ਕੀਤੀ ਹੈ ਇਸ ਲਈ ਕਿਸੇ ਭੀੜ ਸਮੇਂ ਅਸੀਂ ਵੀ ਤੇਰੇ ਨਾਲ ਖੜ੍ਹਾਂਗੇ।" ਹੁਣ ਸੈਂਸਰ ਬੋਰਡ ਨੇ ਬਾਬੇ ਦੀ ਫਿਲਮ 'ਤੇ ਪਾਬੰਦੀ ਲਾ ਦਿੱਤੀ ਅਤੇ ਮੋਦੀ ਸਰਕਾਰ ਨੇ ਸੈਂਸਰ ਬੋਰਡ ਦੇ ਫੈਸਲੇ ਨੂੰ ਉਲਟਾਅ ਦਿੱਤਾ ਅਤੇ ਰੋਸ਼ ਵਜੋਂ ਸੈਂਸਰ ਬੋਰਡ ਦੇ ਚੇਅਰਮੈਨ ਸਮੇਤ 9 ਮੈਂਬਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਭੇਜ ਦਿੱਤੇ। ਤਰਕਸ਼ੀਲ ਸੁਸਾਇਟੀ ਪਿਛਲੇ 31 ਵਰ੍ਹਿਆਂ ਤੋਂ ਲੋਕਾਂ ਨੂੰ ਹੋਕਾ ਦੇ ਰਹੀ ਹੈ ਕਿ ਡੇਰਿਆਂ ਤੇ ਸਿਆਸਤ ਵਿੱਚ ਭਾਈਵਾਲੀ ਹੁੰਦੀ ਹੈ। ਇੱਕ ਨੂੰ ਮੁਸੀਬਤ ਸਮੇਂ ਦੂਜਾ ਹਮਾਇਤ 'ਤੇ ਆ ਜਾਂਦਾ ਹੈ। ਕੀ ਇਹ ਇਸ ਸੱਚ ਦੀ ਮੂੰਹੋਂ ਬੋਲਦੀ ਤਸਵੀਰ ਨਹੀਂ ? ਸੋ ਡੇਰੇ ਭਾਵੇਂ ਛੋਟੇ ਹੋਣ ਜਾਂ ਵੱਡੇ ਸਭ ਦਾ ਸੱਚ ਇਹ ਹੀ ਹੈ।

ਪੰਜਾਬ ਵਿੱਚ ਐਮ. ਐਸ. ਜੀ. ਤੇ ਪਾਬੰਦੀ ਦੀ ਗੱਲ ਵੀ ਕਰਨੀ ਚਾਹੀਦੀ ਹੈ। ਪੰਜਾਬ ਵਿਚਲੇ ਸਿੱਖ ਧਰਮ ਨੂੰ ਡੇਰੇ ਵਾਲੇ ਦੇ ਵਧਦੇ ਪ੍ਰਭਾਵ ਨੂੰ ਰੋਕਣ ਵਾਸਤੇ ਇਸ ਡੇਰੇ ਨਾਲ ਵਿਰੋਧਤਾਈ ਪੈਦਾ ਕਰਨ ਦੀ ਸਖਤ ਜ਼ਰੂਰਤ ਸੀ। ਅਕਾਲੀ ਸਿਆਸਤ ਸਮੇਂ-ਸਮੇਂ ਸਿਰ ਡੇਰੇ ਵਾਲੇ ਦੀ ਹਿਮਾਇਤ ਤੇ ਵਿਰੋਧ ਦੀ ਭਾਗੀਦਾਰ ਹੁੰਦੀ ਰਹੀ ਹੈ। ਇਸ ਲਈ ਬਾਦਲ ਸਰਕਾਰ ਦੇ ਡੇਰੇ ਬਾਰੇ ਸਾਰੇ ਫੈਸਲੇ ਉਸੇ ਸੁਰ ਵਿਚੋਂ ਪੈਦਾ ਹੁੰਦੇ ਰਹੇ ਹਨ। ਕਦੇ ਬਾਦਲ ਸਰਕਾਰ ਡੇਰੇ ਦੇ ਪੈਰ ਫੜ੍ਹ ਲੈਂਦੀ ਹੈ। ਬਾਦਲ ਸਮੇਤ ਸਾਰਾ ਪ੍ਰੀਵਾਰ ਡੇਰੇ ਦੀ ਚੌਂਕੀ ਭਰਦਾ ਹੈ। ਕਦੇ-ਕਦੇ ਉਹ ਦੋਹਾਂ ਵਿਰੋਧਤਾਈਆਂ ਵਿੱਚ ਪਾੜਾ ਪੈਦਾ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਇਸ਼ਾਰਾ ਕਰ ਦਿੰਦੇ ਹਨ। ਪੰਜਾਬ ਦੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਇਹ 'ਤਮਾਸਾ' ਚੱਲਦਾ ਰਹਿੰਦਾ ਹੈ। ਲੋਕ ਜੋ ਮਾਨਸਿਕ ਸੰਤਾਪ ਭੋਗਦੇ ਹਨ ਜਿਹਨਾਂ ਨੂੰ ਸੰਸਕਾਰ ਜਾਂ ਭੋਗ ਪਾਉਣ ਜਾਂ ਵਿਆਹਾਂ ਸਮੇਂ ਜੋ ਮਾਨਸਿਕ ਪੀੜਾ ਹੁੰਦੀ ਹੈ ਉਸਦਾ ਜ਼ੁੰਮੇਵਾਰ ਕੌਣ ਹੈ ? ਇਸ ਲਈ ਤਰਕਸ਼ੀਲ ਸੁਸਾਇਟੀ ਭਾਰਤ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੇ ਚੁੰਗਲ ਵਿਚੋਂ ਨਿਕਲਕੇ ਅਸਲੀ ਲੋਕਾਸਾਹੀ ਉਸਾਰਣ ਦਾ ਸੱਦਾ ਪਿਛਲੇ 31 ਸਾਲਾਂ ਤੋਂ ਦੇ ਰਹੀ ਹੈ। ਐਮ. ਐਸ. ਜੀ ਤੇ ਪਾਬੰਦੀ ਜਾਂ ਪੇਸ਼ਕਾਰੀ ਇਸੇ ਸਿਆਸਤ ਦਾ ਇੱਕ ਤਮਾਸਾ ਹੈ। ਪਰ ਅਸੀਂ ਤਰਕਸ਼ੀਲ ਭਾਵੇਂ ਸਰਸੇ ਵਾਲਿਆਂ ਦੇ ਚੇਲਿਆਂ ਵੱਲੋਂ ਸਾਡੇ ਨਾਲ ਕੀਤੀਆਂ ਵਧੀਕੀਆਂ ਨੂੰ ਭੁਲਾ ਨਹੀਂ ਸਕਦੇ ਪਰ ਫਿਰ ਵੀ ਅਸੀਂ ਉਸਦੇ ਮੌਲਿਕ ਅਧਿਕਾਰਾਂ ਦੇ ਸਤਿਕਾਰ ਦੀ ਮੰਗ ਕਰਦੇ ਹਾਂ।

## * ਪੰਜਾਬੀ ਸਭਿਆਚਾਰ ਬਾਰੇ

ਕਈ ਗਾਇਕ ਚਰਖੇ ਨੂੰ ਤੇ ਮਧਾਨੀ ਨੂੰ ਪੰਜਾਬੀ ਸਭਿਆਚਾਰ ਸਮਝੀ ਬੈਠੇ ਹਨ। ਕਈ ਟੋਕਾ ਮਸ਼ੀਨਾਂ ਤੇ ਘਰ ਵਿੱਚ ਆਟਾ ਪੀਸਣ ਵਾਲੀਆਂ ਹੱਥ ਚੱਕੀਆਂ ਨੂੰ ਪੰਜਾਬੀ ਸਭਿਆਚਾਰ ਸਮਝਦੇ ਹਨ। ਅਸਲ ਵਿੱਚ ਪਹਿਲਾਂ ਦੁੱਧ ਰਿੜਕਣ ਲਈ ਹੱਥ ਨਾਲ ਚੱਲਣ ਵਾਲੀ ਮਧਾਣੀ ਹੁੰਦੀ ਸੀ। ਅੱਜ ਕੱਲ੍ਹ ਬਿਜਲੀ ਦੇ ਆਉਣ ਨਾਲ ਇਹ ਕੰਮ ਸੁਖਾਲਾ ਹੋ ਗਿਆ। ਵਿਗਿਆਨਕਾਂ ਦੀ ਕਿਰਪਾ ਨਾਲ ਅਜਿਹੇ ਸਾਧਨ ਆ ਗਏ ਹਨ ਜਿਹਨਾਂ ਨਾਲ ਇਹ ਢੰਗ ਸੁਖਾਲੇ ਹੋ ਗਏ ਹਨ। ਘਰ ਵਿੱਚ ਇਸਤਰੀਆਂ ਦੀ ਹਾਲਤ ਬੇਹਤਰ ਹੋ ਗਈ ਹੈ। ਸਮੇਂ ਨਾਲ ਵਧ ਰਹੀਆਂ ਸਹੂਲਤਾਂ ਨੂੰ ਮਾਨਣਾ ਆਧੁਨਕੀਕਰਣ ਦੀ ਨਿਸ਼ਾਨੀ ਹੈ। ਪਿਛਲੀਆਂ ਪੁਰਾਣੀਆਂ ਹੋ ਚੁੱਕੀਆਂ ਤਕਨੀਕਾਂ ਨੂੰ ਰੋਈ ਜਾਣਾ ਪਛੜੇਪਣ ਦੀ ਨਿਸ਼ਾਨੀ ਹੈ। ਸੋ ਅਜਿਹੇ ਪੁਰਾਤਨ ਸਭਿਆਚਾਰ ਲਈ ਰੋਈ ਜਾਣਾ ਇਤਿਹਾਸ ਦੇ ਪਹੀਏ ਨੂੰ ਪਿਛਾਂਹ ਮੋੜਨ ਦਾ ਯਤਨ ਹੈ। ਸੋ ਪੰਜਾਬੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪ੍ਰਾਚੀਨ ਵਿਰਾਸਤ ਸਾਡੀ ਇਹ ਨਹੀਂ ਹੈ। ਸਾਡੀ ਵਿਰਾਸਤ ਸਾਡੀਆਂ ਕਦਰਾਂ ਕੀਮਤਾਂ ਹਨ। ਸਾਡੇ ਲੋਕਾਂ ਦਾ ਖੁੱਲ੍ਹਾ ਸੁਭਾਅ, ਹਾਸਾ ਮਖੌਲ, ਵਫਾਦਾਰੀ, ਸਾਫ਼ ਮਨ, ਸੱਚੇ ਹੋਣਾ ਤੇ ਸਾਬਤ ਕਰਨਾ, ਦੁੱਖਾਂ ਸੁੱਖਾਂ ਵਿੱਚ ਸਰੀਕ ਹੋਣਾ ਇਹ ਸਾਡਾ ਪੁਰਾਤਨ ਵਿਰਸ਼ਾ ਹੈ। ਸੋ ਲੋੜ ਹੈ ਅਜਿਹੀਆਂ ਕਦਰਾਂ ਕੀਮਤਾਂ ਨੂੰ ਅਪਣਾਉਣ 'ਤੇ ਜ਼ੋਰ ਦੇਣ ਦੀ। ਸਾਡੇ ਬਹੁਤੇ ਤਰਕਸ਼ੀਲ ਤਾਂ ਅੰਧਵਿਸ਼ਵਾਸਾਂ ਤੋਂ ਬਚਣ ਦੀ ਨਸ਼ੀਹਤ ਤਾਂ ਲੋਕਾਂ ਨੂੰ ਦੇ ਰਹੇ ਹਨ ਪਰ ਸੱਚ ਨਾਲ ਖੜ੍ਹੇ ਹੋਣਾ, ਮੁਸੀਬਤ ਸਮੇਂ ਲੋਕਾਂ ਦੀ ਮੱਦਦ ਕਰਨਾ ਨਹੀਂ ਸਿਖਾਉਂਦੇ। ਸੋ ਲੋੜ ਹੈ ਅਜਿਹੇ ਸੱਭਿਆਚਾਰਕ ਵਿਰਸੇ ਨੂੰ ਉਤਸਾਹਤ ਕਰਨ ਦੀ।

## * ਸਰਸੇ ਵਾਲੇ ਡੇਰੇ ਵਿਚ ਨਿਪੁੰਸਕ ਬਣਾਉਣ ਬਾਰੇ

ਅਖ਼ਬਾਰਾਂ ਰਾਹੀਂ ਮੈਂ ਇਸ ਪ੍ਰਕ੍ਰਿਆ ਬਾਰੇ ਪੜ੍ਹਿਆ ਹੈ ਅਤੇ ਨਾਲ ਹੀ ਮੈਂ ਡੇਰੇ ਦੇ ਕੁਝ ਸ਼ਰਧਾਲੂਆਂ ਨੂੰ ਮਿਲਿਆ ਹਾਂ ਤੇ ਇਹ ਜਾਣਕਾਰੀ ਇਕੱਤਰ ਕੀਤੀ ਹੈ। ਅਸਲ ਵਿੱਚ ਜਦੋਂ ਕੁੱਝ ਪ੍ਰੀਵਾਰ ਡੇਰੇ ਦੇ ਕੱਟੜ ਕਿਸਮ ਦੇ ਸ਼ਰਧਾਲੂ ਹੋ ਜਾਂਦੇ ਹਨ ਤਾਂ ਉਹ ਘਰ ਦੇ ਕਿਸੇ ਇੱਕ ਜੀਅ ਨੂੰ ਡੇਰੇ 'ਤੇ ਚੜ੍ਹਾਅ ਦਿੰਦੇ ਹਨ। ਲੋਕਾਂ ਵਿੱਚ ਇਹ ਰੁਚੀ ਸਾਨੂੰ ਤਰਕਸ਼ੀਲਾਂ ਨੂੰ ਵੀ ਦੇਖਣ ਨੂੰ ਮਿਲੀ ਹੈ। ਕਈ ਪਰਿਵਾਰਾਂ ਦੇ ਕੁਝ ਵਿਅਕਤੀਆਂ ਨੇ ਆਪਣੇ ਆਪ ਨੂੰ ਤਰਕਸ਼ੀਲ ਲਹਿਰ ਨੂੰ ਸਮਰਪਿਤ ਕਰਨ ਦਾ ਮਨ ਬਣਾਇਆ ਸੀ ਪਰ ਅਸੀਂ ਤਾਂ ਉਹਨਾਂ ਵਿਅਕਤੀਆਂ ਨੂੰ ਸਮਝਾ ਬੁਝਾ ਕੇ ਆਪਣੇ ਘਰਾਂ ਵਿੱਚ ਰਹਿ ਕੇ ਆਪਣੇ ਆਲੇ-ਦੁਆਲੇ ਲਈ ਸਮਰਪਿਤ ਹੋਣ ਲਈ ਕਿਹਾ ਤੇ ਉਹਨਾਂ ਵਿੱਚੋਂ ਕੁੱਝ ਨੇ ਅਜਿਹਾ ਕੀਤਾ ਵੀ। ਸਰਸੇ ਵਾਲੇ ਡੇਰੇ ਵਿੱਚ ਅਜਿਹੇ ਵਿਅਕਤੀਆਂ ਨੂੰ ਸਾਧੂ ਜਾਂ ਸਾਧਣੀ ਬਣਾਉਣ ਦੀ ਪ੍ਰਕਿਰਿਆ ਵਿੱਚੋਂ ਲੰਘਾਇਆ ਜਾਂਦਾ ਹੈ। ਅਜਿਹਾ ਵਿਅਕਤੀ ਪੂਰੀ ਤਰ੍ਹਾਂ ਆਪਣੇ ਆਪ ਨੂੰ ਡੇਰੇ ਦੇ ਸਪੁਰਦ ਕਰ ਦਿੰਦਾ ਹੈ। ਡੇਰਾ ਜੇ ਉਸਨੂੰ ਕਹੇ ਕਿ "ਤੂੰ ਆਪਣੀ ਲੱਤ ਵਢਾ ਲੈ" ਤਾਂ ਉਹ ਅਜਿਹਾ ਕਰਨ ਲਈ ਇੱਕ ਮਿੰਟ ਵੀ ਦੇਰ ਨਹੀਂ ਲਾਵੇਗਾ। ਇਸ ਬਚਨ ਨੂੰ ਉਹ ਧੁਰੋਂ ਆਈ ਹੋਈ ਬਾਣੀ ਹੀ ਸਮਝੇਗਾ। ਸਾਧੂ ਜਾਂ ਸਾਧਣੀ ਡੇਰੇ ਵਿੱਚ ਹੀ ਰਹਿੰਦੇ ਹਨ। ਉਹਨਾਂ ਨੂੰ ਇੱਕ ਜਾਂ ਦੋ ਏਕੜ ਜ਼ਮੀਨ ਦੀ ਦੇਖ ਰੇਖ ਸੰਭਾਲ ਦਿੱਤੀ ਜਾਂਦੀ ਹੈ। ਜਿਸ ਵਿੱਚ ਉਹ ਡੇਰੇ ਆਉਣ ਵਾਲੇ ਸ਼ਰਧਾਲੂਆਂ ਤੋਂ ਸੇਵਾ ਕਰਵਾਉਂਦੇ ਉੱਥੇ ਹੀ ਉਮਰਾਂ ਬਤੀਤ ਕਰ ਦਿੰਦੇ ਹਨ। ਸਾਧੂ ਤੇ ਸਾਧਣੀਆਂ ਕਦੇ ਵੀ ਮੋੜਾ ਕੱਟਣ ਬਾਰੇ ਸੋਚ ਵੀ ਨਹੀਂ ਸਕਦੇ। ਹੁਣ ਅਜਿਹੇ ਸਾਧੂ ਸਾਧਣੀਆਂ ਵਿੱਚ ਸੰਤਾਨ ਦੇ ਵਾਧੇ ਨੂੰ ਰੋਕਣ ਲਈ ਮਰਦਾਂ ਦਾ ਨਿਪੁੰਸਕ ਹੋਣਾ ਵੀ ਜ਼ਰੂਰੀ ਹੁੰਦਾ ਹੈ। ਇਸ ਲਈ ਪਸ਼ੂਆਂ ਵਾਲੇ ਢੰਗਾਂ ਰਾਹੀਂ ਉਹ ਆਪਣੇ ਆਪ ਨੂੰ ਨਿਪੁੰਸਕ ਕਰਵਾ ਲੈਂਦੇ ਹਨ ਜਾਂ ਡੇਰਾ ਕਰਵਾ ਦਿੰਦਾ ਹੈ। ਕਈ ਵਾਰੀ

ਅਜਿਹਾ ਹੁੰਦਾ ਹੈ ਕਿ ਡੇਰੇ ਵਿਚਲਾ ਸਾਧੂ ਡੇਰੇ ਬਾਰੇ ਅਸਲੀਅਤ ਸਮਝ ਜਾਂਦਾ ਹੈ ਉਹ ਪਿਛਮੋੜਾ ਪਾਉਣਾ ਚਾਹੁੰਦਾ ਹੈ ਪਰ ਬਹੁਤੀਆਂ ਹਾਲਤਾਂ ਵਿੱਚ ਰਿਛ ਤੇ ਕੰਬਲ ਵਾਲੀ ਘਟਨਾ ਵਾਪਰ ਜਾਂਦੀ ਹੈ। ਕੰਬਲ ਤੋਂ ਉਹ ਖਹਿੜਾ ਛੁਡਵਾਉਣਾ ਚਾਹੁੰਦੇ ਹਨ ਪਰ ਆਲੇ ਦੁਆਲੇ ਵਿੱਚ ਉਹਨਾਂ ਵਲੋਂ ਉਸਾਰਿਆ ਵਾਤਾਵਰਣ ਉਹਨਾਂ ਨੂੰ ਪਿੰਡ ਮੁੜਨ ਤੋਂ ਰੋਕਦਾ ਹੈ। ਸ਼ਾਇਦ ਬਾਬੇ ਦੇ ਰਹਿ ਚੁੱਕੇ ਇੱਕ ਸ਼ਰਧਾਲੂ ਦੀ ਸਮੱਸਿਆ ਇਹ ਹੀ ਸੀ। ਸੋ ਉਸਨੇ ਬਾਬੇ ਤੇ ਇਲਜਾਮ ਲਾਇਆ ਹੈ ਕਿ ਉਸ ਨੇ ਚਾਰ ਸੌ ਸਾਧੂਆਂ ਨੂੰ ਨਿਪੁੰਸਕ ਬਣਾ ਦਿੱਤਾ ਹੈ। ਅਸਲੀਅਤ ਕੀ ਹੈ ਇਹ ਤਾਂ ਸਮਾਂ ਹੀ ਦੱਸੇਗਾ।

## * ਘਰਾਂ ਵਿੱਚ ਚੀਜ਼ਾਂ ਦੀ ਸਪਲਾਈ ਡਰੋਨਾਂ ਰਾਹੀਂ ਹੋਣੀ ਸ਼ੁਰੂ

ਚੀਨ ਦੀ ਇੱਕ ਵੱਡੀ ਕੰਪਨੀ 'ਅਲੀਬਾਬਾ' ਨੇ ਘਰਾਂ ਵਿੱਚ ਅਦਰਕ ਵਾਲੀ ਚਾਹ ਦੀ ਸਪਲਾਈ ਡ੍ਰੋਨਾਂ ਰਾਹੀਂ ਭੇਜਣੀ ਸ਼ੁਰੂ ਕਰ ਦਿੱਤੀ ਹੈ। ਡ੍ਰੋਨ ਇਕ ਹੈਲੀਕਾਪਟਰ ਦੀ ਤਰ੍ਹਾਂ ਪੱਖਿਆਂ ਨਾਲ ਉੱਡਣ ਵਾਲਾ ਖਿਡੌਣਾ ਟਾਈਪ ਜਹਾਜ ਹੁੰਦਾ ਹੈ। ਜੋ ਘਰਾਂ ਵਿੱਚ ਖਿੜਕੀਆਂ ਜਾਂ ਦਰਵਾਜ਼ਿਆਂ ਰਾਹੀਂ ਦਾਖਲ ਹੋ ਜਾਂਦਾ ਹੈ ਤੇ ਆਰਡਰ ਘਰ ਰੱਖ ਜਾਂਦਾ ਹੈ। ਕੰਪਨੀ ਵੱਲੋਂ ਗਾਹਕਾਂ ਲਈ ਇਹ ਸੇਵਾ ਚੀਨ ਦੇ ਤਿੰਨ ਸ਼ਹਿਰਾਂ ਬੀਜਿੰਗ, ਸੰਘਾਈ ਤੇ ਗੁਆਂਗਗਾਓ ਵਿੱਚ ਸ਼ੁਰੂ ਕੀਤੀ ਗਈ ਹੈ। ਫੌਜ ਦੀਆਂ ਜ਼ਰੂਰਤਾਂ ਕਰਕੇ ਚੀਨੀ ਸ਼ਹਿਰਾਂ ਵਿੱਚ ਹਵਾਈ ਸੇਵਾ ਦੀ ਪਹਿਲਾਂ ਫੌਜੀ ਅਧਿਕਾਰੀਆਂ ਤੋਂ ਆਗਿਆ ਲੈਣੀ ਜ਼ਰੂਰੀ ਹੁੰਦੀ ਹੈ। ਕੰਪਨੀ ਨੇ 450 ਡਿਲਵਿਰੀਆਂ ਲਈ ਇਸ ਦੀ ਆਗਿਆ ਲੈ ਲਈ ਹੈ। ਕੰਪਨੀ ਦਾ ਦਾਅਵਾ ਹੈ ਕਿ ਆਰਡਰ ਦੀ ਆਨਲਾਈਨ ਅਦਾਇਗੀ ਦੇ ਇੱਕ ਘੰਟੇ ਦੇ ਅੰਦਰ-ਅੰਦਰ ਇਹ ਆਰਡਰ ਭੁਗਤਾ ਦਿੱਤਾ ਜਾਇਆ ਕਰੇਗਾ। ਕਾਲੇ ਤੇ ਚਾਂਦੀ ਰੰਗੇ ਵੱਡੇ-ਵੱਡੇ ਪੱਖਿਆਂ ਵਾਲਾ ਡਰੋਨ ਜਿਸਦੇ ਥੱਲੇ ਤੇ ਲੰਚ ਬਾਕਸ ਫਿਟ ਕੀਤਾ ਹੁੰਦਾ ਹੈ ਅਕਸਰ ਹੀ ਚੀਨੀ ਅਸਮਾਨਾਂ ਵਿੱਚ ਵਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਅਸੀਂ ਪੰਜਾਬੀ ਤਾਂ ਅਜੇ ਵੀ ਦੁੱਧ ਦਾ ਡੋਲੂ ਚੁੱਕ ਕੇ ਮਟੀਆਂ 'ਤੇ ਚੜ੍ਹਾਉਣ ਲਈ ਤੁਰ ਪੈਂਦੇ ਹਾਂ। ਜੇ ਅਸੀਂ ਆਪਣੀਆਂ ਦਿਮਾਗੀ ਛਤਰੀਆਂ ਨੂੰ ਖੋਲ੍ਹਣਾ ਤੇ ਇਸਤੇਮਾਲ ਕਰਨਾ ਨਾ ਸਿੱਖਿਆ ਕੀ ਅਸੀਂ ਦੁਨੀਆਂ ਦੇ ਵਿਕਸਿਤ ਦੇਸ਼ਾਂ ਨਾਲ ਮੁਕਾਬਲਾ ਕਰ ਸਕਾਂਗੇ? ਲੋੜ ਹੈ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ।

## * ਲੋਕਾਂ ਨਾਲ ਵੱਡੀਆਂ ਠੱਗੀਆਂ ਮਾਰਨ ਵਾਲੇ ਬਾਬੇ ਵਿਰੁੱਧ ਮੁਕੱਦਮਾ ਸ਼ੁਰੂ

ਇੰਗਲੈਂਡ ਦੇ ਸ਼ਹਿਰ ਲਿਸੈਸਟਰ ਇੱਕ ਅਜਿਹੇ ਠੱਗ ਬਾਬੇ ਵਿਰੁੱਧ ਮੁਕੱਦਮਾ ਸ਼ੁਰੂ ਕੀਤਾ ਗਿਆ ਹੈ ਜਿਸਨੇ ਭਾਰਤੀ ਅਤੇ ਏਸੀਅਨ ਲੋਕਾਂ ਤੋਂ ਲੱਖਾਂ ਪੌਂਡ ਠੱਗੇ ਹਨ। ਇਹ ਬਾਬਾ ਲੋਕਾਂ ਦੀਆਂ ਬੀਮਾਰੀਆਂ ਦੂਰ ਕਰਨ ਲਈ, ਲਾਟਰੀ ਦਾ ਨੰਬਰ ਕੱਢਣ ਲਈ ਅਤੇ ਕਿਸਮਤ ਬਦਲਣ ਦਾ ਦਾਅਵਾ ਕਰਦਾ ਸੀ। ਏਸੀਅਨ ਲੋਕਾਂ ਦੀ ਤਰਕਸ਼ੀਲ ਸੰਸਥਾ ਨੇ ਇਸ ਬਾਬੇ ਦੀਆਂ ਠੱਗੀਆਂ ਦਾ ਪਰਦਾਫਾਸ਼ ਕੀਤਾ ਹੈ। ਇਸ ਠੱਗ ਦਾ ਨਾਂ ਮੁਹੰਮਦ ਅਸਰਫੀ ਹੈ ਤੇ ਲੋਕ ਉਸਨੂੰ ਕਮਲੀ ਜੀ ਦੇ ਨਾਂ ਨਾਲ ਵੀ ਜਾਣਦੇ ਸਨ। ਉਮੀਦ ਹੈ ਇਸੇ ਮਹੀਨੇ ਫਰਵਰੀ 2015 ਦੇ ਅੰਤ ਤੱਕ ਇਸਦੇ ਮੁਕੱਦਮੇ ਦਾ ਫੈਸਲਾ ਹੋ ਜਾਵੇਗਾ। ਇਹ ਠੱਗ ਆਪਣੇ ਆਪ ਨੂੰ ਸਾਂਈ ਬਾਬੇ ਦਾ ਭਗਤ ਕਹਿੰਦਾ ਸੀ।

ਸੰਸਥਾ ਦਾ ਦਾਅਵਾ ਹੈ ਕਿ ਬਹੁਤ ਸਾਰੇ ਏਸੀਅਨ ਮੁਲਕਾਂ ਦੇ ਯੂਰਪੀ ਦੇਸ਼ਾਂ ਵਿੱਚ ਰਹਿ ਰਹੇ ਲੋਕ ਅਜਿਹੇ ਬਾਬਿਆਂ ਦੇ ਚੁੰਗਲ ਵਿੱਚ ਫਸ ਕੇ ਆਪਣਾ ਧਨ ਤੇ ਮਾਨਸਿਕ ਸ਼ਾਂਤੀ ਖਤਮ ਕਰ ਬੈਠਦੇ ਹਨ। ਹਰੇਕ ਬਾਬਾ ਕਿਸੇ ਬੰਦੇ ਦੇ ਅੰਦਰ ਡਰ ਪੈਦਾ ਕਰਕੇ ਉਸਦੀ ਲੁੱਟ ਖਸੁੱਟ ਕਰਦਾ ਹੈ। ਇਸ ਬਾਬੇ ਨੇ 14 ਮਸਲਿਆਂ ਵਿੱਚ 18 ਵਿਅਕਤੀਆਂ ਨੂੰ ਆਪਣਾ ਸ਼ਿਕਾਰ ਬਣਾਇਆ ਸੀ। ਅਜੇ ਹੋਰ ਬਹੁਤ ਸਾਰੇ ਵਿਅਕਤੀਆਂ ਦੀ ਸ਼ਨਾਖਤ ਹੋਣੀ ਬਾਕੀ ਹੈ ਜਿਹੜੇ ਇਸਦੇ ਚੁੰਗਲ ਵਿੱਚ ਫਸੇ ਸਨ। ਇਹ ਬਾਬਾ ਯੰਤਰ ਮੰਤਰ ਤੇ ਪਾਠ ਪੂਜਾ ਲਈ ਲੋੜੀਂਦੀ ਸਮੱਗਰੀ ਦੇ ਖਰਚੇ ਦੀ ਪੂਰਤੀ ਦੇ ਰੂਪ ਵੱਡੀ ਰਕਮ ਆਪਣੇ ਸ਼ਿਕਾਰਾਂ ਤੋਂ ਵਸੂਲ ਲੈਂਦਾ ਸੀ। ਇੱਕ ਜੋੜੇ ਨਾਲ ਤਾਂ ਇਸ ਨੇ ਪੰਜਾਹ ਹਜ਼ਾਰ ਪੌਂਡ ਜੋ ਕਿ ਭਾਰਤੀ ਕਰੰਸੀ ਵਿੱਚ ਚਾਲੀ ਲੱਖ ਰੁਪੈ ਦੇ ਕਰੀਬ ਬਣ ਜਾਂਦਾ ਹੈ ਦੀ ਠੱਗੀ ਮਾਰੀ ਸੀ।

## * ਢੱਠੇ ਥੱਲੇ ਲੰਘਦੀਆਂ ਅੰਧ ਵਿਸ਼ਵਾਸੀ ਇਸਤਰੀਆਂ

ਹਰੇਕ ਧਰਮ ਦੇ ਆਪਣੇ-ਆਪਣੇ ਅੰਧਵਿਸ਼ਵਾਸ ਹੁੰਦੇ ਨੇ। ਅੱਡੋ-ਅੱਡ ਧਰਮਾਂ ਦੇ ਪੁਜਾਰੀ ਵਰਗ ਇਹਨਾਂ ਅੰਧਵਿਸ਼ਵਾਸਾਂ ਨੂੰ ਵਧਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੰਦਾ ਹੈ। ਬਹੁਤ ਸਾਰੀਆਂ ਇਸਤਰੀਆਂ ਜਿੰਨ੍ਹਾਂ ਦੇ ਔਲਾਦ ਪੈਦਾ ਨਹੀਂ ਹੁੰਦੀ ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇ ਉਹ ਢੱਠੇ ਹੇਠਾਂ ਦੀ ਲੰਘਣ ਤਾਂ ਉਹ ਹਰ ਹਾਲਤ ਮਾਂ ਬਣ ਸਕਦੀਆਂ ਹਨ। ਵਿਚਾਰੀਆਂ ਸਮਾਜ ਦੀਆਂ ਸਤਾਈਆਂ ਇਹਨਾਂ ਬਾਂਝ ਇਸਤ੍ਰੀਆਂ ਨੂੰ ਅਜਿਹਾ ਅੱਕ ਵੀ ਚੱਬਣਾ ਪੈਂਦਾ ਹੈ। ਭਾਵੇਂ ਅੱਜ ਸੰਤਾਨ ਉਤਪਤੀ ਦੇ ਖੇਤਰ ਵਿੱਚ ਮੈਡੀਕਲ ਵਿਗਿਆਨ ਨੇ ਬਹੁਤ ਵੱਡੀਆਂ ਉਪਲਬਧੀਆਂ ਰਾਹੀਂ ਇਸ ਖੇਤਰ ਦੇ ਬਹੁਤ ਸਾਰੇ ਰਹੱਸਾਂ ਤੋਂ ਪਰਦੇ ਲਾਹ ਦਿੱਤੇ ਹਨ। ਫਿਰ ਵੀ ਭਾਰਤ ਵਿੱਚ ਅੱਤ ਦਰਜੇ ਦੀਆਂ ਪਿਛਾਂਹਖਿੱਚੂ ਅਜਿਹੀਆਂ ਪਰੰਪਰਾਵਾਂ ਅੱਜ ਦੀ ਇੱਕੀਵੀਂ ਸਦੀ ਵਿੱਚ ਮੌਜੂਦ ਹਨ।

## * ਦਿੱਲੀ ਦੀ ਲੜਕੀ ਦੁਆਰਾ ਕੀਤੀ ਆਤਮ ਹੱਤਿਆ

ਹਰ ਰੋਜ਼ ਹਿੰਦੋਸਤਾਨ ਵਿੱਚ ਹਜ਼ਾਰਾਂ ਵਿਅਕਤੀ ਆਤਮ ਹੱਤਿਆ ਕਰ ਜਾਂਦੇ ਹਨ ਪਰ ਅਜਿਹੀਆਂ ਕੁੱਝ ਮੌਤਾਂ ਤੋਂ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ। ਦਿੱਲੀ ਦਾ ਇਕ ਪਬਲਿਕ ਸਕੂਲ ਅਜਿਹਾ ਹੈ। ਇਸ ਸਕੂਲ ਦੀ ਆਰ ਕੇ ਪੁਰਮ ਦੀ ਬਰਾਂਚ ਦੀ ਪ੍ਰਿੰਸੀਪਲ ਦੀ 29 ਸਾਲਾਂ ਬੇਟੀ ਅੰਜਨਾ ਸੈਣੀ ਨੇ ਪੱਖੇ ਨਾਲ ਲਟਕ ਕੇ ਫਾਹਾ ਲੈ ਲਿਆ ਹੈ। ਇਸਦਾ ਕਾਰਨ ਇਹ ਸੀ "ਕਹਿੰਦੇ ਨੇ ਜਦੋਂ ਵੀ ਕਿਸੇ ਲੜਕੇ ਨਾਲ ਉਸਦੀ ਜਨਮ ਕੁੰਡਲੀ ਮਿਲਾਈ ਜਾਂਦੀ ਸੀ ਤਾਂ ਇਹ ਮਿਲਦੀ ਨਹੀਂ ਸੀ ਤੇ ਇਸ ਵਿੱਚ ਕੋਈ ਨਾ ਕੋਈ ਨੁਕਸ਼ ਨਿਕਲ ਆਉਂਦਾ ਸੀ।" ਇਸ ਕਰਕੇ ਉਸਦੀ ਸ਼ਾਦੀ ਦੀ ਗੱਲ ਕਿਤੇ ਤਹਿ ਹੀ ਨਹੀਂ ਹੋ ਰਹੀ ਸੀ ਜਿਸ ਤੋਂ ਨਿਰਾਸ਼ ਇਸ ਲੜਕੀ ਨੇ ਆਪਣੀ ਜੀਵਨ ਲੀਲਾ ਹੀ ਖਤਮ ਕਰ ਲਈ। ਕੁੰਡਲੀ ਮਿਲਾਉਣ ਵਾਲੇ ਜੋਤਿਸੀਆਂ ਉੱਪਰ ਇਸ ਹੱਤਿਆ ਦਾ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਦੁਆਰਾ ਪਾਏ ਵਹਿਮ ਨੇ ਇੱਕ ਲੜਕੀ ਨੂੰ ਆਤਮ ਹੱਤਿਆ ਲਈ ਮਜ਼ਬੂਰ ਕਰ ਦਿੱਤਾ ਹੈ।

## * ਜੋਤਿਸੀ ਨਾਲ ਟੀ. ਵੀ. ਚੈਨਲ 'ਤੇ ਬਹਿਸ

ਅਕਤੂਬਰ ਦੇ ਤੀਸਰੇ ਹਫਤੇ ਮੇਰੀ ਬਹਿਸ ਰੋਹਤਕ ਦੇ ਤਿਵਾੜੀ ਜੀ ਨਾਲ ਹੋਈ। ਤਿਵਾੜੀ ਜੀ ਜੋਤਿਸ ਦਾ ਪੱਖ ਪੂਰ ਰਹੇ ਸਨ। ਇਹ ਬਹਿਸ ਅਮਰੀਕਾ ਕੈਨੇਡਾ ਵਿੱਚ ਚੱਲ ਰਹੇ ਇੱਕ ਚੈਨਲ 'ਗਲੋਬਲ ਪੰਜਾਬ' ਲਈ ਹੋਈ ਸੀ। ਤਿਵਾੜੀ ਜੀ ਨੇ ਮੈਨੂੰ ਘੇਰਨ ਲਈ ਤਿੰਨ ਸੁਆਲ ਉਠਾਏ। ਉਹਨਾਂ ਵਿੱਚੋਂ ਪਹਿਲਾ ਸੁਆਲ ਹਰੇਕ ਦੇਵੀ-ਦੇਵਤੇ ਦੇ ਸਿਰਾਂ ਦੁਆਲੇ ਵਿਖਾਏ ਜਾਂਦੇ ਚੱਕਰਾਂ ਬਾਰੇ ਸੀ। ਉਹ ਕਹਿਣ ਲੱਗੇ ਕਿ ਇਹ ਚੱਕਰ ਗ੍ਰਹਿ ਦੇ ਪ੍ਰਭਾਵ ਕਾਰਨ ਹੁੰਦੇ ਹਨ। ਮੈਂ ਉਹਨਾਂ ਨੂੰ ਦੱਸਿਆ ਕਿ ਇਹਨਾਂ ਚੱਕਰਾਂ ਦਾ ਸਬੰਧ ਗ੍ਰਹਿਆਂ ਨਾਲ ਨਹੀਂ ਹੁੰਦਾ ਸਗੋਂ ਇਹ ਤਾਂ ਆਇਨਾ ਦੇ ਬਣੇ ਚੱਕਰ ਹੁੰਦੇ ਹਨ ਜੋ ਹਰੇਕ ਜੀਵ ਤੇ

ਨਿਰਜੀਵ ਦੁਆਲੇ ਕ੍ਰਿਲੀਅਨ ਫੋਟੋਗ੍ਰਾਫੀ ਤਕਨੀਕ ਨਾਲ ਵੇਖੇ ਹੀ ਜਾ ਸਕਦੇ ਹਨ। ਸਾਡੀ ਕਿਸਮਤ ਨਾਲ ਇਹਨਾਂ ਚੱਕਰਾਂ ਦਾ ਕੋਈ ਸੰਬੰਧ ਨਹੀਂ ਹੁੰਦਾ। ਕੁੱਤੇ ਨੂੰ ਰੋਟੀ ਪਾਉਣ ਨਾਲ ਜਾਂ ਕਿਸੇ ਪੁਜਾਰੀ ਵਰਗ ਨੂੰ ਰੋਟੀ ਖਵਾਉਣ ਨਾਲ ਇਹਨਾਂ ਚੱਕਰਾਂ ਨੇ ਨਾ ਤਾਂ ਘਟਣਾ ਹੁੰਦਾ ਹੈ ਨਾ ਹੀ ਵਧਣਾ।

ਉਹਨਾਂ ਦਾ ਦੂਸਰਾ ਸੁਆਲ ਪਾਣੀ ਵਿੱਚ ਤੈਰਨ ਵਾਲੇ ਪੱਥਰਾਂ ਬਾਰੇ ਸੀ। ਉਹ ਕਹਿਣ ਲੱਗੇ ਕਿ ਇਹ ਉਹ ਪੱਥਰ ਹਨ ਜੋ ਦੇਵਤਿਆਂ ਨੇ ਸਮੁੰਦਰ ਵਿੱਚ ਤੈਰੇ ਸਨ। ਸਾਡੇ ਵਾਸਤੇ ਇਹ ਪੱਥਰਾਂ ਦੀ ਚਰਚਾ ਕੋਈ ਪਹਿਲੀ ਨਹੀਂ ਸੀ। ਸਾਡੀ ਸੁਸਾਇਟੀ ਦੇ ਮੈਂਬਰ ਜਗਮੋਹਣ ਸੁਲਤਾਨ 'ਤੇ ਇਹਨਾਂ ਪੱਥਰਾਂ ਨੂੰ ਵੇਖਣ ਗਏ ਸਮੇਂ ਹਮਲਾ ਵੀ ਹੋਇਆ ਸੀ। ਜਗਮੋਹਣ ਦਾ ਕਸੂਰ ਇਹ ਮੰਨਿਆ ਗਿਆ ਸੀ ਕਿਉਂਕਿ ਉਸਨੇ ਉਸਨੇ ਇਹਨਾਂ ਪੱਥਰਾਂ ਦੇ ਤੈਰਨ ਦੇ ਕਾਰਨਾਂ ਨੂੰ ਅਖ਼ਬਾਰਾਂ ਰਾਹੀਂ ਦਰਸਾਇਆ ਸੀ। ਅਸਲ ਵਿੱਚ ਇਹ ਪੱਥਰਾਂ ਦੀ ਕਿਸਮ ਝਾਮਾਂ ਪੱਥਰਾਂ ਵਾਲੀ ਹੀ ਹੈ ਜੋ ਅਕਸਰ ਹੀ ਸਾਡੇ ਬਾਥਰੂਮ ਵਿੱਚ ਵਰਤੀ ਜਾਂਦੀ ਹੈ। ਇਹ ਪੱਥਰ ਉਸ ਸਮੇਂ ਹੋਂਦ ਵਿੱਚ ਆਉਂਦੇ ਹਨ ਜਿਸ ਸਮੇਂ ਧਰਤੀ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਇਹਨਾਂ ਪੱਥਰਾਂ ਵਿੱਚ ਮੁਸਾਮ ਬਣਾ ਕੇ ਸਤਾ ਵਿੱਚ ਬਾਹਰ ਆਉਂਦੀਆਂ ਹਨ। ਜ਼ਿਆਦਾ ਮੁਸਾਮ ਹੋਣ ਕਾਰਨ ਇਹ ਪੱਥਰ ਹਲਕੇ ਹੋ ਜਾਂਦੇ ਹਨ ਤੇ ਪਾਣੀ ਦੀ ਸਤਾ ਉਪਰ ਤੈਰਨ ਲੱਗ ਪੈਂਦੇ ਹਨ। ਸਮੁੰਦਰਾਂ ਵਿੱਚ ਕਈ ਵਰਗ ਕਿਲੋਮੀਟਰ ਤੱਕ ਤੈਰਦੇ ਹੋਏ ਇਹ ਪੱਥਰ ਵੀ ਕਦੇ ਕਦੇ ਨਜ਼ਰ ਆ ਜਾਂਦੇ ਹਨ।

ਤਿਵਾੜੀ ਜੀ ਦਾ ਅਗਲਾ ਸੁਆਲ ਹੁਸਿਆਰਪੁਰ ਦੇ ਪੁਜਾਰੀ ਵਰਗ ਕੋਲ ਭ੍ਰਿਗੂ ਗਰੰਥ ਦੇ ਹੋਣ ਬਾਰੇ ਸੀ। ਕਿਹਾ ਜਾਂਦਾ ਹੈ ਕਿ ਇਸ ਗਰੰਥ ਵਿੱਚ ਦੁਨੀਆਂ ਦੇ ਹਰੇਕ ਵਿਅਕਤੀ ਦੀ ਕਿਸਮਤ ਦਰਜ ਹੈ। ਮੇਰੇ ਲਈ ਇਸ ਵਿਸ਼ੇ 'ਤੇ ਇਹ ਕੋਈ ਪਹਿਲੀ ਚਰਚਾ ਨਹੀਂ ਸੀ। ਮੈਨੂੰ ਇਸ ਗੋਰਖ ਧੰਦੇ ਦੀ ਅਸਲੀਅਤ ਪਹਿਲਾਂ ਹੀ ਪਤਾ ਸੀ ਕਿਉਂਕਿ ਮੈਨੂੰ ਕੁਝ ਅਜਿਹੇ ਸੱਜਣਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ ਜਿਹੜੇ ਹੁਸ਼ਿਆਰਪੁਰ ਦੇ ਇਹਨਾਂ ਸੌਦੇਬਾਜ਼ਾਂ ਕੋਲ ਨੌਕਰੀਆਂ ਕਰਦੇ ਰਹੇ ਹਨ। ਉਹਨਾਂ ਨੇ ਮੈਨੂੰ ਦੱਸਿਆ ਸੀ ਕਿ ਹੁਸ਼ਿਆਰਪੁਰ ਦੇ ਇਹਨਾਂ ਧੋਖੇਬਾਜ਼ਾਂ ਨੇ ਅਜਿਹੇ ਕਾਰਡਾਂ ਦੀਆਂ ਸੈਂਕੜੇ ਗੱਠੜੀਆਂ ਆਪਣੇ ਗੁਦਾਮਾਂ ਵਿੱਚ ਭਰੀਆਂ ਹੋਈਆਂ ਹਨ। ਜਦੋਂ ਕੋਈ ਗਾਹਕ ਉਹਨਾਂ ਕੋਲ ਫਸ ਜਾਂਦਾ ਹੈ ਉਸਤੋਂ ਵੱਡੀ ਫੀਸ ਲੈ ਕੇ ਉਹਨਾਂ ਤੋਂ ਹੀ ਉਹਨਾਂ ਦੀ ਜਾਣਕਾਰੀ ਲੈ ਲਈ ਜਾਂਦੀ ਹੈ। ਇਹ ਜਾਣਕਾਰੀ ਕਮਰੇ ਵਿੱਚ ਬੈਠੇ ਉਹਨਾਂ ਦੇ ਕਿਸੇ ਏਜੰਟ ਨੂੰ ਦੇ ਦਿੰਦੀ ਹੈ। ਉਹ ਇਸ ਜਾਣਕਾਰੀ ਨੂੰ ਕਿਸੇ ਬਸਤੇ ਦੇ ਇੱਕ ਪੁਰਾਣੇ ਕਾਰਡ ਤੇ ਪੁਰਾਣੀ ਜਿਹੀ ਵਿਖਾਈ ਦਿੰਦੀ ਲਿਖਾਈ ਵਿੱਚ ਦਰਜ਼ ਕਰ ਦਿੰਦਾ ਹੈ। ਜੋਤਿਸ਼ੀ ਜੀ ਬਸਤਿਆਂ ਨੂੰ ਫਰੋਲਦੇ ਹੋਏ ਉਸ ਵਿਅਕਤੀ ਨਾਲ ਸਬੰਧਤ ਕਾਰਡ ਲੱਭ ਲੈਂਦੇ ਹਨ ਤੇ ਜਾਣਕਾਰੀ ਉਸਨੂੰ ਦੱਸ ਦਿੱਤੀ ਜਾਂਦੀ ਹੈ। ਗਾਹਕ ਤੇ ਜੋਤਿਸੀ ਦੋਹੇਂ ਆਪਣੀ ਥਾਂ ਖੁਸ਼ ਹੋ ਜਾਂਦੇ ਹਨ। ਜੋਤਸੀ ਦੀ ਖੁਸ਼ੀ ਉਸਦੀ ਭਰੀ ਹੋਈ ਜੇਬ੍ਹ ਕਰ ਦਿੰਦੀ ਹੈ। ਗਾਹਕ ਝੂਠੀ ਤਸੱਲੀ ਲੈ ਕੇ ਆਪਣੇ ਘਰ ਨੂੰ ਰਵਾਨਾ ਹੋ ਜਾਂਦਾ ਹੈ

ਜੋਤਿਸੀ ਜੀ ਨੇ ਅਗਾਂਹ ਕਿਹਾ ਕਿ ਸਾਡੇ ਗ੍ਰੰਥਾਂ ਵਿੱਚ ਹਰੇਕ ਕਿਸਮ ਦੀ ਵਿਗਿਆਨਕ ਜਾਣਕਾਰੀ ਦਰਜ਼ ਕੀਤੀ ਹੋਈ ਹੈ। ਇੱਥੋਂ ਤੱਕ ਸਾਡੇ ਪ੍ਰਾਚੀਨ ਗ੍ਰੰਥਾਂ ਵਿੱਚ ਤਾਂ ਸੂਰਜੀ ਊਰਜਾ ਨਾਲ ਚੱਲਣ ਵਾਲੇ ਹਵਾਈ ਜਹਾਜਾਂ ਦਾ ਵੀ ਜ਼ਿਕਰ ਹੈ। ਮੈਂ ਕਿਹਾ ਕਿ ਹਰੇਕ ਧਰਮ ਇਹ ਦਾਅਵਾ ਕਰਦਾ ਹੈ ਕਿ ਸਾਰਾ ਵਿਗਿਆਨ ਸਾਡੇ ਧਾਰਮਿਕ ਗਰੰਥ ਵਿੱਚ ਪਹਿਲਾਂ ਹੀ ਦਰਜ ਹੈ। ਇੱਥੇ ਮੈਨੂੰ ਇਹ ਕਹਿਣਾ ਪਿਆ ਕਿ ਦੁਨੀਆਂ ਦਾ ਇੱਕ ਵੀ ਪੁਰਾਂਤਨ ਗਰੰਥ ਅਜਿਹਾ ਲੈ ਆਓ ਜਿਸ ਵਿੱਚ ਪਾਣੀ ਦੀ ਬਣਤਰ ਜਾਂ ਲੜਕੇ ਲੜਕੀ ਦੇ ਕਰੋਮਸੋਮਾਂ ਸੰਬੰਧੀ ਜਾਣਕਾਰੀ ਦਰਜ ਹੋਵੇ।

## * ਹੇਮ ਰਾਜ ਗਰਗ ਦਾ ਸਦੀਵੀ ਵਿਛੋੜਾ

ਤਰਕਸ਼ੀਲ ਲਹਿਰ ਨੂੰ ਅੱਗੇ ਵਧਾਉਣ ਲਈ ਸਾਨੂੰ ਬਹੁਤ ਸਾਰੇ ਵਿਅਕਤੀਆਂ ਦਾ ਸਹਿਯੋਗ ਮਿਲਦਾ ਰਿਹਾ ਹੈ। ਅਸੀਂ ਵਿਗਿਆਨ, ਗਣਿਤ, ਭਰਮ ਵਹਿਮ, ਭੂਤਾਂ ਪ੍ਰੇਤਾਂ ਦੇ ਕੇਸਾਂ ਨੂੰ ਲੋਕਾਂ ਦੀ ਸਾਹਿਤਕ ਰੁਚੀ ਨਾਲ ਜੋੜ ਕਰਕੇ ਤਰਕਸ਼ੀਲਤਾ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਹੈ। ਹੇਮ ਰਾਜ ਗੁਪਤਾ ਦਾ ਗਣਿਤ ਦੇ ਖੇਤਰ ਵਿੱਚ ਯੋਗਦਾਨ ਬਹੁਤ ਅਹਿਮ ਰਿਹਾ ਹੈ। ਗਣਿਤ ਦੀਆਂ ਉਲਝਣਾਂ ਦੀਆਂ ਪੰਜ ਕਿਤਾਬਾਂ ਇਹਨਾਂ ਨੇ ਲੋਕਾਂ ਨੂੰ ਦਿੱਤੀਆਂ। ਇਹਨਾਂ ਕਿਤਾਬਾਂ ਦੇ ਕਈ-ਕਈ ਐਡੀਸ਼ਨ ਲੋਕਾਂ ਦੀਆਂ ਆਪਣੀਆਂ ਨਿੱਜੀ ਲਾਇਬਰੇਰੀਆਂ ਵਿੱਚ ਅੱਜ ਵੀ ਮੌਜੂਦ ਹਨ। ਇੱਕ ਮਿਡਲ ਸਕੂਲ ਦੇ ਮੁੱਖ ਅਧਿਆਪਕ ਹੁੰਦੇ ਹੋਏ ਵੀ ਉਹਨਾਂ ਦਾ ਨੈਸ਼ਨਲ ਪੱਧਰ ਦਾ ਇਨਾਮ ਜਿੱਤਣਾ ਇੱਕ ਨਿਵੇਕਲੀ ਗੱਲ ਹੈ। ਹੇਮ ਰਾਜ ਗਰਗ ਦੀਆਂ ਦੋ ਕਿਤਾਬਾਂ ਉਸਦੀਆਂ ਦੋ ਪੋਤੀਆਂ ਵੱਲੋਂ ਉਨ੍ਹਾਂ ਦੇ ਸ਼ਰਧਾਂਜਲੀ ਸਮਾਰੋਹ 'ਤੇ ਰੀਲੀਜ ਕੀਤੀਆਂ ਗਈਆਂ। ਸਾਇੰਸ ਪ੍ਰਦਰਸ਼ਨੀਆਂ ਵਿੱਚ ਵੀ ਅਸੀਂ ਦੋਹੇਂ ਜੱਜਾਂ ਦੇ ਤੌਰ 'ਤੇ ਜਾਂਦੇ ਰਹੇ ਹਾਂ। ਇਹਨਾਂ ਨੇ ਆਪਣੇ ਸਕੂਲਾਂ ਦੁਆਰਾ ਬਣਾਏ ਮਾਡਲ ਵੀ ਮੁੱਖ ਅਧਿਆਪਕਾਂ ਦੇ ਕਮਰਿਆਂ ਵਿੱਚ ਲਗਾਏ ਹੋਏ ਸਨ। ਅੱਜ ਸੰਸਾਰ ਦੇ ਵਿਕਸਿਤ ਦੇਸ਼ਾਂ ਵਿੱਚ ਜਦੋਂ ਔਸਤ ਉਮਰ ਅੱਸੀਵੀਆਂ ਨੂੰ ਪਾਰ ਕਰ ਰਹੀ ਹੈ ਤਾਂ ਗਰਗ ਜੀ ਦਾ 69ਵਿਆਂ ਦੀ ਉਮਰ ਵਿੱਚ ਸਦੀਵੀ ਵਿਛੋੜਾ ਦੇ ਜਾਣਾ ਬਹੁਤ ਹੀ ਦੁੱਖ ਦਾਈ ਹੈ। ਗਣਿਤ ਦੇ ਖੇਤਰ ਵਿੱਚ ਗਰਗ ਜੀ ਦਾ ਯੋਗਦਾਨ ਹਮੇਸ਼ਾ ਸਾਡੇ ਯਾਦ ਰਹੇਗਾ।

## * ਸਰੀਰਦਾਨ ਸਭ ਤੋਂ ਮਹਾਨ

ਜਨਵਰੀ 2015 ਵਿੱਚ ਪੀ. ਜੀ. ਆਈ. ਚੰਡੀਗੜ੍ਹ ਵਿੱਚ ਇੱਕੋ ਦਿਨ ਦਾਨ ਵਿੱਚ ਆਈਆਂ ਤਿੰਨੇ ਮ੍ਰਿਤਕ ਦੇਹਾਂ ਇਸ ਗੱਲ ਦਾ ਪ੍ਰਤੀਕ ਹਨ ਕਿ ਪੰਜਾਬ ਦੇ ਲੋਕਾਂ ਨੇ ਮ੍ਰਿਤਕਾਂ ਦਾ ਸੰਸਕਾਰ ਕਰਨ ਦੀ ਪ੍ਰੰਪਰਾ ਵਿੱਚ ਕੁੱਝ ਸੁਧਾਰ ਕੀਤਾ ਹੈ। ਹੁਣ ਕੁਝ ਪ੍ਰੀਵਾਰ ਅਜਿਹੇ ਹਨ ਜਿਹੜੇ ਮੁਰਦਿਆਂ ਨੂੰ ਦਫਨਾਉਣ ਜਾਂ ਜਲਾਉਣ ਨਾਲੋਂ ਖੋਜ ਲਈ ਸਰੀਰ ਦਾਨ ਕਰਨ ਦੀ ਮੁਹਿਮ ਨੂੰ ਹੁੰਘਾਰਾ ਦੇਣ ਲੱਗ ਪਏ ਹਨ। ਮੈਨੂੰ ਅੱਜ ਵੀ ਯਾਦ ਹੈ ਜਦੋਂ 18 ਸਤੰਬਰ 2006 ਨੂੰ ਮੇਰੇ ਪਿਤਾ ਜੀ 91 ਸਾਲ ਦੀ ਉਮਰ ਵਿੱਚ ਸਦੀਵੀ ਵਿਛੋੜਾ ਦੇ ਗਏ ਸਨ ਤਾਂ ਉਹਨਾਂ ਦੀ ਅੰਤਿਮ ਇੱਛਾ ਅਨੁਸਾਰ ਅਸੀਂ ਉਹਨਾਂ ਦੇ ਸਰੀਰ ਨੂੰ ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਦੇਣ ਗਏ ਸਾਂ ਤਾਂ ਉਥੋਂ ਦੇ ਡਾਕਟਰ ਸਾਨੂੰ ਦੱਸ ਰਹੇ ਸਨ ਕਿ ਦਿਆਨੰਦ ਮੈਡੀਕਲ ਕਾਲੇਜ ਲੁਧਿਆਣਾ ਵਿੱਚ ਦਾਨ ਹੋਕੇ ਆਈ ਇਹ ਇੱਕੋ ਇੱਕ ਤੇ ਪਹਿਲਾ ਸਰੀਰ ਹੈ। ਚਾਲੀ ਸਾਲਾਂ ਪਹਿਲਾਂ ਮਿਲੀ ਮ੍ਰਿਤਕ ਦੇਹ ਵੀ ਇੱਕ ਲਾਵਾਰਸ ਭਿਖਾਰੀ ਦੀ ਸੀ। ਸਾਡੇ ਪ੍ਰੀਵਾਰ ਦੁਆਰਾ ਪਿਤਾ ਜੀ ਬਾਰੇ ਲਿਖੀ, ਛਾਪੀ, ਅਤੇ ਸ਼ਰਧਾਂਜਲੀ ਸਮਾਰੋਹ ਤੇ ਵੰਡੀ ਗਈ ਕਿਤਾਬ "ਇੱਕ ਵਗਦਾ ਦਰਿਆ" ਬਹੁਤ ਸਾਰੇ ਲੋਕਾਂ ਲਈ ਇਸ ਮਹਾਨ ਕਾਰਜ ਨੂੰ ਅੱਗੇ ਵਧਾਉਣ ਦਾ ਸੋਮਾ ਬਣੀ ਹੈ। ਇੱਕ ਹਫ਼ਤਾ ਪਹਿਲਾਂ ਹੀ ਸਾਡੇ ਸਤਿਕਾਰਤ ਐਡਵੋਕੇਟ ਗੁਰਚਰਨ ਸਿੰਘ ਧਾਲੀਵਾਲ ਜੀ ਦੀ ਪਤਨੀ ਸਾਨੂੰ ਸਦੀਵੀ ਵਿਛੋੜਾ ਦੇ ਗਈ। ਉਹਨਾਂ ਦੀ ਮ੍ਰਿਤਕ ਦੇਹ ਵੀ ਆਦੇਸ਼ ਮੈਡੀਕਲ ਲੁਧਿਆਣਾ ਨੂੰ ਦੇ ਦਿੱਤੀ ਗਈ। ਜਦੋਂ ਮੈਂ ਟੈਲੀਫੋਨ 'ਤੇ ਉਹਨਾਂ ਨਾਲ ਅਫਸੋਸ ਪ੍ਰਗਟ ਕੀਤਾ ਤਾਂ ਉਹ ਕਹਿਣ ਲੱਗੇ ਤੁਹਾਨੂੰ ਸ਼ਾਇਦ ਪਤਾ ਨਹੀਂ "ਮੈਂ ਤੁਹਾਡੇ ਪ੍ਰੀਵਾਰ ਵੱਲੋਂ ਲਿਖੀ ਗਈ ਕਿਤਾਬ "ਇੱਕ ਵਗਦਾ ਦਰਿਆ" ਇੱਕ ਸਾਲ ਆਪਣੇ ਸਿਰਹਾਣੇ ਥੱਲੇ ਰੱਖ ਕੇ ਸੌਂਦਾ ਰਿਹਾ ਹਾਂ। ਇਸ ਲਈ ਮੇਰੀ ਪਤਨੀ ਦੀ ਮ੍ਰਿਤਕ ਦੇਹ ਹਸਪਤਾਲ ਨੂੰ ਦਾਨ ਕਰਨ ਦਾ ਪ੍ਰੇਰਨਾ ਸਰੋਤ ਤੁਹਾਡਾ ਪ੍ਰੀਵਾਰ ਹੀ ਹੈ। ਸੋ ਅੱਜ ਸਾਨੂੰ ਤਸੱਲੀ ਹੈ ਕਿ ਸਾਡੇ ਦੁਆਰਾ ਪੁੱਟਿਆ ਗਿਆ ਇੱਕ ਛੋਟਾ ਜਿਹਾ ਕਦਮ ਹੀ ਇੱਕ ਵੱਡੀ ਪੁਲਾਂਘ ਬਣੀ ਹੈ।

# ਫਿਲਮ ਪੀ. ਕੇ. ਦਾ ਵਿਰੋਧ ਕਿਉਂ?




ਧਰਮ ਦੇ ਨਾਂ ਉੱਤੇ ਚੱਲ ਰਹੇ ਪਖੰਡਾਂ ਦੀਆਂ ਪੋਲਾਂ ਖੋਲ੍ਹਣ ਵਾਲੇ ਅਖ਼ਬਾਰ ਅਤੇ ਸਿਨੇਮਾ ਵਰਗੇ ਸਾਧਨਾਂ ਉੱਤੇ ਕੱਟੜਪੰਥੀਆਂ ਦਾ ਕਹਿਰ ਖ਼ਤਰਨਾਕ ਦੌਰ ਵਿੱਚ ਪਹੁੰਚ ਚੁੱਕਾ ਹੈ, ਬੋਲਣ, ਲਿਖਣ ਦੀ ਆਜ਼ਾਦੀ ਨੂੰ ਹਿੰਸਾ ਦੇ ਜ਼ਰੀਏ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਭਾਰਤ ਵਿੱਚ ਰਾਜਕੁਮਾਰ ਹਿਰਾਨੀ ਅਤੇ ਆਮਿਰ ਖਾਨ ਦੀ ਫ਼ਿਲਮ 'ਪੀਕੇ' ਦਾ ਵਿਰੋਧ ਧਰਨਾ ਪ੍ਰਦਰਸ਼ਨ, ਸਿਨੇਮਾ ਹਾਲਾਂ ਵਿੱਚ ਤੋੜ-ਫੋੜ, ਪੁਤਲਾ ਜਲਾਉਣਾ ਅਤੇ ਉਸ ਉੱਤੇ ਪਾਬੰਦੀ ਲਗਾਉਣ ਦੀ ਮੰਗ ਅਤੇ ਪੇਰਿਸ ਵਿੱਚ ਦਹਾਕਿਆਂ ਤੋਂ ਮਜ਼ਹਬੀ ਪਖੰਡਾਂ ਨੂੰ ਲੇਖਾਂ, ਕਾਰਟੂਨਾਂ ਦੇ ਜ਼ਰੀਏ ਤੋਂ ਉਜਾਗਰ ਕਰਨ ਦੇ ਲਈ ਮਸ਼ਹੂਰ ਸਪਤਾਹਿਕ ਰਸਾਲੇ/ਅਖ਼ਬਾਰ 'ਸ਼ਾਰਲੀ ਏਬਦੋ' ਦੇ ਦਫ਼ਤਰ ਉੱਤੇ ਹਮਲਾ ਕਰਕੇ 10 ਪੱਤਰਕਾਰਾਂ ਸਮੇਤ 12 ਲੋਕਾਂ ਦਾ ਕਤਲ ਕੀਤੇ ਜਾਣ ਤੋਂ ਸਪੱਸ਼ਟ ਹੈ ਕਿ ਕੱਟੜਪੰਥੀ ਪੋਲ ਖੁੱਲ੍ਹਣ ਦੇ ਡਰ ਤੋਂ ਕਿਸ ਹੱਦ ਤੱਕ ਬੌਖਲਾ ਕੇ (ਪਾਗਲਾਂ ਵਾਂਗ ਦਿਮਾਗੀ ਸੰਤੁਲਨ ਗੁਆ ਬੈਠਣਾ) ਸ਼ਾਂਤੀ, ਪ੍ਰੇਮ, ਅਹਿੰਸਾ, ਇਨਸਾਨੀਅਤ ਵਰਗੀਆਂ ਧਰਮ ਦੀਆਂ ਸਾਰੀਆਂ ਸਿੱਖਿਆਵਾਂ ਨੂੰ ਤਾਕ ਉੱਤੇ ਰੱਖ ਕੇ ਹਿੰਸਕ ਖ਼ੂਨੀ ਖੇਲ ਉੱਤੇ ਉਤਾਰੂ ਹਨ।

'ਪੀਕੇ' ਫਿਲਮ ਉੱਤੇ ਹਿੰਦੂ ਧਰਮ ਵਿਰੋਧੀ ਹੋਣ ਦੇ ਦੋਸ਼ ਲੱਗ ਰਹੇ ਹਨ। ਦੋਸ਼ਾਂ ਨੂੰ ਲੈ ਕੇ ਹਿੰਦੂ ਜਥੇਬੰਦੀਆਂ ਨੇ ਫਿਲਮ ਦੇ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਸਿਨੇਮੇਹਾਲਾਂ ਵਿੱਚ ਪੋਸਟਰ ਫਾੜ ਦਿੱਤੇ, ਟਿਕਟ ਖਿੜਕੀਆਂ ਉੱਤੇ ਟਿਕਟਾਂ ਨਹੀਂ ਵਿਕਣ ਦਿੱਤੀਆਂ। ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ, ਸ਼ਿਵਸੈਨਾ, ਹਿੰਦੂ ਮਹਾਂਸਭਾ ਵਰਗੇ ਸੰਗਠਨਾਂ ਨੇ ਵਿਧੂ ਵਿਨੋਦ ਚੋਪੜਾ, ਰਾਜਕੁਮਾਰ ਹਿਰਾਨੀ, ਆਮਿਰ ਖਾਨ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਹਿੰਦੂ ਸੰਗਠਨਾਂ ਦੁਆਰਾ ਫਿਲਮ ਉੱਤੇ ਸੈਂਸਰ ਬੋਰਡ ਨੂੰ ਰੋਕ ਲਗਾਉਣ ਦੀ ਮੰਗ ਕੀਤੀ ਗਈ ਪਰ ਬੋਰਡ ਦੁਆਰਾ ਅਜਿਹਾ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ ਗਈ। ਵਿਰੋਧ ਦੇ ਬਾਵਜੂਦ ਪੀਕੇ ਸਾਰੇ ਦੇਸ਼ ਦੇ ਸਿਨੇਮਾ ਹਾਲਾਂ ਵਿੱਚ ਕਾਮਯਾਬੀ ਦੇ ਝੰਡੇ ਗੱਡਦੀ ਰਹੀ। ਇਸ ਫਿਲਮ ਨੇ ਕਮਾਈ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਫਿਲਮ ਪੀਕੇ ਤੋਂ ਆਮ ਜਨਤਾ ਜਾਂ ਭਗਤ ਨਾਰਾਜ਼ ਹੁੰਦੇ ਤਾਂ ਏਨੀ ਭੀੜ ਨਹੀਂ ਉਮੜਦੀ। ਫਿਲਮ ਦੂਜੇ ਦਿਨ ਹੀ ਫਲਾਪ ਹੋ ਜਾਂਦੀ ਅਤੇ ਜੇਕਰ ਫਿਲਮ ਨਾਲ ਭਗਵਾਨ ਨਰਾਜ਼ ਹੁੰਦੇ ਤਾਂ ਇਸਨੂੰ ਏਨੀ ਵੱਡੀ ਸਫ਼ਲਤਾ ਨਾ ਮਿਲਦੀ।


ਜਗਦੀਸ਼ ਪੰਵਾਰ, ਸ਼ੈਲੇਂਦਰ ਸਿੰਘ, ਭਾਰਤ ਭੂਸ਼ਣ ਸ਼੍ਰੀਵਾਸਤਵ, ਬੀਰੇਂਦਰ ਬਰਿਆਰ


ਇੱਧਰ, ਆਪਣੀ ਫਿਲਮ ਦੇ ਵਿਰੁੱਧ ਪ੍ਰਦਰਸ਼ਨਾਂ ਤੋਂ ਦੁਖੀ ਰਾਜਕੁਮਾਰ ਹਿਰਾਨੀ ਜੀ ਸੱਭ ਦੋਸ਼ਾਂ ਤੋਂ ਨਾਂਹ ਕਰਦੇ ਹੋਏ ਕਹਿੰਦੇ ਹਨ ਕਿ ਇਹ ਫਿਲਮ ਕਿਸੇ ਧਰਮ ਦਾ ਅਪਮਾਨ ਨਹੀਂ ਕਰਦੀ। ਫਿਲਮ ਮਨੁੱਖ ਦੀ ਏਕਾਤਮਕਤਾ (ਏਕਤਾ, ਅਭੇਕਤਾ, ਇਕਰੂਪਤਾ) ਨੂੰ ਦਰਸ਼ਾਉਂਦੀ ਹੈ।

**ਫਿਲਮ ਦਾ ਨਜ਼ਾਰਾ :-** ਇਹ ਪੱਤਰਕਾਰ ਜਦ ਫਿਲਮ ਦੇਖਣ ਗਿਆ ਤਾਂ ਦਿੱਲੀ ਦੇ ਪ੍ਰਸ਼ਾਂਤ ਵਿਹਾਰ ਦਾ ਪੀਵੀਆਰ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਫਿਲਮ ਦੇਖਣ ਵਾਲਿਆਂ ਵਿੱਚ ਵੱਡੇ, ਬਜ਼ੁਰਗ, ਬੱਚੇ, ਨੌਜਵਾਨ, ਇਸਤਰੀਆਂ ਸਭ ਸਨ। ਲੋਕ ਪਰਵਾਰ ਦੇ ਨਾਲ ਆਏ ਸਨ। ਫਿਲਮ ਵਾਲਿਆਂ ਵਿੱਚ ਦਿਖਣ ਵਿੱਚ ਜ਼ਿਆਦਾਤਰ ਹਿੰਦੂ ਹੀ ਲੱਗ ਰਹੇ ਸਨ। ਫ਼ਿਲਮ ਦਾ ਨਾਇਕ ਆਮਿਰ ਖਾਨ ਜਦ ਭੋਲੇਪਨ ਨਾਲ ਧਰਮ, ਰੱਬ ਨੂੰ ਲੈ ਕੇ ਸਵਾਲ ਪੁੱਛਦਾ ਹੈ ਤਾਂ ਸਿਨੇਮੇ ਹਾਲ ਵਿੱਚ ਬੈਠੇ ਦਰਸ਼ਕ ਵਾਰ ਵਾਰ ਗੱਲਾਂ ਬਾਤਾਂ ਅਤੇ ਦ੍ਰਿਸ਼ਾਂ ਉੱਤੇ ਤਾਲੀਆਂ ਵਜਾਉਂਦੇ ਸਨ, ਹੱਸਦੇ, ਠਹਾਕੇ ਲਗਾਉਂਦੇ ਸਨ।

ਸੱਚ ਤਾਂ ਇਹ ਹੈ, ਫਿਲਮ ਵਿੱਚ ਵਿਰੋਧ ਕਰਨ ਲਾਇਕ ਕੁੱਝ ਨਹੀਂ ਹੈ। ਫਿਲਮ ਵਿੱਚ ਉਨ੍ਹਾਂ ਹੀ ਨਿੰਦਤ, ਬਦਨਾਮ ਬਾਬਿਆਂ ਦੇ ਪਖੰਡ ਵਿਖਾਏ ਗਏ ਹਨ ਜੋ ਤੁਹਾਡੇ ਅਤੇ ਸਾਡੇ ਵਿੱਚ ਹਨ ਜਾਂ ਜੇਲ੍ਹਾਂ ਵਿੱਚ ਬੈਠੇ ਹਨ। ਪੀਕੇ ਵਿੱਚ ਧਰਮ ਦੇ ਨਾਂ ਉੱਤੇ ਚੱਲ ਰਹੇ ਪਖੰਡ ਨੂੰ ਉਜਾਗਰ ਕੀਤਾ ਗਿਆ ਹੈ। ਆਪਣੇ ਆਪ ਨੂੰ ਰੱਬ ਨਾਲ ਮੁਲਾਕਾਤ ਕਰਾਉਣ ਦਾ ਦਾਅਵਾ ਕਰਨ ਵਾਲੇ ਤਥਾਕਥਿਤ ਬਾਬਿਆਂ ਦੇ ਪਖੰਡਾਂ ਦੀ ਪੋਲ ਖੋਲ੍ਹੀ ਗਈ ਹੈ।

ਫਿਲਮ ਵਿੱਚ ਦੱਸਿਆ ਗਿਆ ਹੈ ਕਿ ਅਸੀਂ ਜਨਮ ਤੋਂ ਹੀ ਧਰਮ ਦਾ ਮਾਰਕਾ ਲੈ ਕੇ ਪੈਦਾ ਨਹੀਂ ਹੋਏ ਹਾਂ। ਫਿਲਮ ਮਨੋਰੰਜਨ ਦੇ ਨਾਲ ਅੰਧਵਿਸ਼ਵਾਸ਼ਾਂ ਉੱਤੇ ਸੱਟ ਮਾਰਦੀ ਹੈ, ਕੁੱਝ ਪਖੰਡਾਂ ਵੱਲ ਧਿਆਨ ਖਿੱਚਦੀ ਹੈ। ਫਿਲਮ ਦੇ ਕਈ ਦ੍ਰਿਸ਼ਾਂ ਵਿੱਚ ਅੰਸ਼ਕ ਤੌਰ ਉੱਤੇ ਈਸਾਈਅਤ, ਇਸਲਾਮ ਅਤੇ ਹੋਰ ਫਿਰਕਿਆਂ ਵਿੱਚ ਚੱਲ ਰਹੇ ਪਖੰਡਾਂ ਉੱਤੇ ਵੀ ਸਵਾਲ ਉਠਾਏ ਗਏ ਹਨ।

ਪੀਕੇ ਦਾ ਨਾਇਕ ਲੱਖਾਂ ਮੀਲ ਦੂਰ ਕਿਸੇ ਦੂਜੇ ਗ੍ਰਹਿ ਤੋਂ ਧਰਤੀ ਉੱਤੇ ਉਤਰਦਾ ਹੈ। ਆਉਂਦੇ ਸਾਰ ਹੀ ਉਸਦੇ ਵਾਹਨ ਦਾ ਰਿਮੋਟ ਇਕ ਆਦਮੀ ਝਪਟ ਕੇ ਭੱਜ ਜਾਂਦਾ ਹੈ। ਹੁਣ ਉਹ ਇਸ ਦੇ ਬਿਨਾਂ ਵਾਪਸ ਨਹੀਂ ਮੁੜ ਸਕਦਾ। ਉਹ ਦੇਖਦਾ ਹੈ, ਧਰਮ ਅਸਥਾਨਾਂ ਦੀ ਭਰਮਾਰ ਹੈ ਜਿੱਥੇ ਖੁੱਲ੍ਹੇਆਮ ਪੈਸਿਆਂ ਦਾ ਲੈਣ ਦੇਣ ਹੁੰਦਾ ਹੈ। ਰੱਬ ਦੇ ਦਲਾਲ ਪੈਸੇ ਲੈ ਕੇ

ਕੰਮ ਕਰਾਉਣ, ਪਰੇਸ਼ਾਨੀਆਂ ਦੂਰ ਕਰਨ ਦਾ ਧੰਦਾ ਕਰਦੇ ਹਨ ਪਰ ਗਾਰੰਟੀ ਨਹੀਂ ਲੈਂਦੇ। ਪੀਕੇ ਹੈਰਾਨ ਹੁੰਦਾ ਹੈ ਅਤੇ ਇਨ੍ਹਾਂ ਗੱਲਾਂ ਉੱਤੇ ਇਤਰਾਜ਼ ਜਤਾਉਂਦਾ ਹੈ।

ਇਕ ਟੀਵੀ ਪੱਤਰਕਾਰ ਜਗਤਜਨਨੀ ਉਸ ਦਾ ਸਾਥ ਦੇਂਦੀ ਹੈ ਅਤੇ ਨਿਊਜ਼ ਚੈਨਲ ਦੇ ਜ਼ਰੀਏ ਸੱਚਾਈ ਭਗਤਾਂ ਦੇ ਸਾਹਮਣੇ ਰੱਖਦੀ ਹੈ। ਪੀਕੇ ਮੰਦਰਾਂ ਵਿੱਚ ਜਾਂਦਾ ਹੈ, ਪੰਡਿਆਂ ਦੇ ਪਾਸ ਜਾਂਦਾ ਹੈ। ਬਦਲੇ ਵਿੱਚ ਪੈਸਾ ਚੜ੍ਹਾਉਂਦਾ ਹੈ ਪਰ ਉਸ ਦਾ ਰਿਮੋਟ ਨਹੀਂ ਮਿਲਦਾ। ਉਹ ਆਪਣਾ ਚੜ੍ਹਾਵਾ ਵਾਪਸ ਲੈ ਲੈਂਦਾ ਹੈ ਅਤੇ ਰੱਬ ਦੇ ਲਾਪਤਾ ਹੋਣ ਦੇ ਪੋਸਟਰ ਵੰਡਦਾ ਹੈ। ਉਹ ਦੇਖਦਾ ਹੈ ਇੱਥੇ ਹਰ ਧਰਮ ਦੇ ਰਿਵਾਜ ਵੱਖ ਵੱਖ ਹਨ, ਪਹਿਰਾਵਾ ਅਲੱਗ ਅਲੱਗ ਹੈ। ਉਹ ਸਮਝ ਨਹੀਂ ਪਾਂਦਾ ਕਿ ਇੱਥੇ ਧਰਮ ਦੀਆਂ ਰੇਖਾਵਾਂ ਕਿਸ ਨੇ ਖਿੱਚੀਆਂ ਹਨ। ਉਹ ਲੋਕਾਂ ਦੀ ਪਿੱਠ ਉੱਤੇ ਉਸ ਦੀ ਮੋਹਰ ਲੱਭਦਾ ਹੈ। ਪੀਕੇ ਹਰ ਕੰਮ ਦੇ ਲਈ ਲੋਕਾਂ ਤੋਂ ਸੁਣਦਾ ਹੈ, 'ਈਸ਼ਵਰ ਜਾਨੇ, ਈਸ਼ਵਰ ਜਾਨੇ।' ਅਜਿਹੇ ਵਿੱਚ ਉਹ ਵੀ ਆਪਣਾ ਰਿਮੋਟ ਰੱਬ ਤੋਂ ਲੈਣ ਦੇ ਲਈ ਜੁਟ ਜਾਂਦਾ ਹੈ। ਉਸ ਨੂੰ ਪਤਾ ਚੱਲਦਾ ਹੈ ਕਿ ਉਸ ਦਾ ਰਿਮੋਟ ਇੱਕ ਤਪੱਸਵੀ ਦੇ ਪਾਸ ਹੈ ਜੋ ਉਸਨੂੰ ਸ਼ਿਵ ਦੇ ਡਮਰੂ ਦਾ ਵਿਸ਼ੇਸ਼ ਭਾਗ ਪ੍ਰਚਾਰਤ ਕਰ ਕੇ ਆਪਣਾ ਧੰਦਾ ਚਲਾ ਰਿਹਾ ਹੁੰਦਾ ਹੈ। ਇੱਕ ਤਪੱਸਵੀ ਬਾਬੇ ਨੂੰ ਦੇਖਦਾ ਹੈ ਕਿ ਉਹ ਲੋਕਾਂ ਦੀ ਰੱਬ ਨਾਲ ਗੱਲ ਕਰਾਉਂਦਾ ਹੈ। ਬਾਅਦ ਵਿੱਚ ਉਹ ਉਸਨੂੰ ਗਲਤ ਨੰਬਰ ਕਰਾਰ ਦੇਂਦਾ ਹੈ। ਆਖਰ ਉਸ ਬਾਬੇ ਦੀ ਪੋਲ ਖੁੱਲ੍ਹਦੀ ਹੈ।

**ਧਰਮ ਦੇ ਠੇਕੇਦਾਰ** : ਇਸ ਤਰ੍ਹਾਂ ਦੀਆਂ ਗੱਲਾਂ ਨੂੰ ਲੈ ਕੇ ਰੱਬ ਅਤੇ ਉਨ੍ਹਾਂ ਨੂੰ ਮੰਨਣ ਵਾਲਿਆਂ ਦੇ ਵਿੱਚ ਮੰਦਰਾਂ, ਮਠਾਂ, ਮਸਜਿਦਾਂ, ਗਿਰਜਾਘਰਾਂ ਵਿੱਚ ਬੈਠੇ ਕੁੱਝ ਗੁਰੂ, ਬਾਬੇ ਨਾਖੁਸ਼ ਹਨ ਕਿ ਫਿਲਮ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਹੈ ਅਤੇ ਉਹ ਇਸਨੂੰ ਆਪਣੇ ਧਰਮ ਦਾ ਅਪਮਾਨ ਸਮਝ ਰਹੇ ਹਨ।

ਇਹ ਕੋਈ ਪਹਿਲੀ ਵਾਰ ਨਹੀਂ, ਧਰਮ ਦੇ ਦੁਕਾਨਦਾਰਾਂ ਦਾ ਬਹੁਤ ਪਹਿਲਾਂ ਤੋਂ ਪਰਦਾਫਾਸ਼ ਹੁੰਦਾ ਰਿਹਾ ਹੈ। ਚਮਤਕਾਰੀ, ਤਪੱਸਵੀ ਬਾਬਿਆਂ, ਗੁਰੂਆਂ, ਸੰਤਾਂ ਦੀਆਂ ਚਲਾਕੀਆਂ ਦਾ ਪਰਦਾਫਾਸ਼ ਕਰਕੇ ਸਾਹਮਣੇ ਆਉਂਦਾ ਰਿਹਾ ਹੈ।

ਇਸ ਤਰ੍ਹਾਂ ਦੀਆਂ ਫਿਲਮਾਂ ਦਾ ਪਹਿਲਾਂ ਵੀ ਵਿਰੋਧ ਹੁੰਦਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਵਿਰੋਧ ਉਨ੍ਹਾਂ ਦਾ ਨਹੀਂ ਜੋ ਧਰਮ ਦੇ ਨਾਂ ਉੱਤੇ ਭਗਤਾਂ ਨੂੰ ਤਰ੍ਹਾਂ ਤਰ੍ਹਾਂ ਦੇ ਕਰਮਕਾਂਡ ਦੱਸ ਕੇ ਠੱਗ ਰਹੇ ਹਨ, ਵਿਰੋਧ ਉਨ੍ਹਾਂ ਦਾ ਕੀਤਾ ਜਾ ਰਿਹਾ ਹੈ ਜਿਹੜੇ ਅਜਿਹਾ ਕਰਨ ਵਾਲਿਆਂ ਨੂੰ ਫਿਲਮ ਬਣਾ ਕੇ, ਲੇਖਾਂ, ਕਾਰਟੂਨਾਂ ਦੇ ਜ਼ਰੀਏ ਬੇਨਕਾਬ ਕਰ ਰਹੇ ਹਨ। ਪਖੰਡੀ ਬਾਬਿਆਂ ਦੇ ਖਿਲਾਫ਼ ਧਰਨੇ ਪ੍ਰਦਰਸ਼ਨ ਕਿਉਂ ਨਹੀਂ ਹੁੰਦੇ?

ਸ਼ਰਧਾਂ ਦੇ ਨਾਂ ਉੱਤੇ ਧਰਮ ਦੀ ਪਹਿਰੇਦਾਰੀ ਕਰਨ ਵਾਲੇ ਸੰਗਠਨਾਂ ਨੂੰ ਧਰਮ ਦੇ ਪਖੰਡਾਂ, ਬਾਬਿਆਂ, ਗੁਰੂਆਂ ਵਿੱਚ ਕੋਈ ਬੁਰਾਈ ਨਹੀਂ ਦਿਖਾਈ ਦੇਂਦੀ? ਧਰਮ ਦੇ ਨਾਂ ਉੱਤੇ ਰੋਜ਼ ਪੈਦਾ ਹੋ ਰਹੀਆਂ ਬੁਰਾਈਆਂ ਦੇ ਖਿਲਾਫ਼ ਕੋਈ ਕੁੱਝ ਕਿਉਂ ਨਹੀਂ ਕਹਿੰਦਾ? ਛੂਆਛੂਤ ਦਾ ਭੇਦਭਾਵ, ਸਤੀਪ੍ਰਥਾ ਵੀ ਧਰਮ ਦੀ ਦੇਣ ਹੈ, ਇਹਨਾਂ ਦਾ ਵਿਰੋਧ ਕਰਨ ਵਾਲੇ ਵੀ ਕੀ ਧਰਮ ਦਾ ਅਪਮਾਨ ਨਹੀਂ ਕਰ ਰਹੇ ਹਨ?

**ਵਿਰੋਧ ਤਰਕਪੂਰਨ ਨਹੀਂ** :- ਫਿਲਮ ਦਾ ਤਰਕਪੂਰਨ ਵਿਰੋਧ ਕਿਧਰੇ ਨਹੀਂ ਹੈ। ਵਿਰੋਧ ਕਰਨ ਵਾਲਿਆਂ ਨੇ ਫਿਲਮ ਦੇਖੀ ਹੀ ਨਹੀਂ ਹੈ। ਸੁਆਦ ਦੀ ਗੱਲ ਇਹ ਹੈ ਕਿ ਜੋ ਪੀਕੇ ਦਾ ਵਿਰੋਧ ਕਰ ਰਹੇ ਹਨ, ਉਨੀ ਲੋਕ ਫਰਾਂਸ ਵਿੱਚ ਪੱਤਰਕਾਰਾਂ ਉੱਤੇ ਹੋਏ ਹਮਲੇ ਦੀ ਨਿੰਦਾ ਕਰਦੇ ਹੋਏ ਸੁਣੇ ਜਾ ਰਹੇ ਹਨ। ਪੀਕੇ ਦਾ ਵਿਰੋਧ ਕਰਨ ਵਾਲੇ ਅਤੇ ਸ਼ਾਰਲੀ ਏਬਦੋ ਉਤੇ ਹਮਲਾ ਕਰਨ ਵਾਲਿਆਂ ਵਿੱਚ ਆਖਰ ਕਿੰਨਾ ਫਰਕ ਹੈ? ਉਹ ਵਿਚਾਰਾਂ ਨੂੰ ਰੋਕਣ ਦੇ ਲਈ ਹਿੰਸਾ ਦੀ ਹੱਦ ਨੂੰ ਪਾਰ ਕਰ ਚੁੱਕੇ ਹਨ ਜਦਕਿ ਪੀਕੇ ਦੇ ਵਿਰੋਧੀ ਵਿਚਾਰਾਂ ਨੂੰ ਦਬਾਉਣ ਦੇ ਲਈ ਧਮਕੀਆਂ, ਤੋੜਫੋੜ ਦਾ ਸਹਾਰਾ ਲੈ ਰਹੇ ਹਨ। ਦੋਹਾਂ ਦੀ ਸੋਚ ਇੱਕ ਹੀ ਹੈ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਗੈਰਕਾਨੂੰਨੀ, ਅਲੋਕਤਾਂਤਰਿਕ ਢੰਗ ਨਾਲ ਕੁਚਲ ਦੇਣਾ।

ਧਰਮ ਦੇ ਕਾਰੋਬਾਰੀ ਸਰਕਾਰਾਂ ਤੋਂ, ਸੈਨਾ ਤੋਂ ਅਤੇ ਪੁਲਿਸ ਤੋਂ ਨਹੀਂ, ਪੈੱਨ, ਪੈਂਸਿਲ ਤੋਂ ਡਰ ਖਾਂਦੇ ਹਨ। ਹਿੰਦੂਤਵ ਅਤੇ ਇਸਲਾਮੀ ਕੂੜਮਗਜ ਉਹੀ ਕਰਨਗੇ ਜੋ ਉਹ ਕਰ ਰਹੇ ਹਨ। ਕਾਰਟੂਨ, ਲੇਖ ਅਤੇ ਫਿਲਮਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਹ ਸਾਧਨ ਧਰਮ ਦੇ ਧੰਦੇ ਨੂੰ ਡੂੰਘੀ ਸੱਟ ਪਹੁੰਚਾ ਰਹੇ ਹਨ। ਧਰਮ ਦਾ ਧੰਦਾ ਬਹੁਤ ਫਾਇਦੇ ਵਾਲਾ ਹੈ ਜਿਹੜਾ ਬਿਨਾ ਕੋਈ ਉਤਪਾਦਨ ਕੀਤੇ ਬੇਸ਼ੁਮਾਰ ਮੁਨਾਫਾ ਬਟੋਰਦਾ ਹੈ।

**ਵਿਚਾਰਾਂ ਨਾਲ ਪਰਿਵਰਤਨ** :- ਵਿਚਾਰਾਂ ਨਾਲ ਸਮਾਜ ਬਦਲਦਾ ਹੈ। ਇਹਨਾਂ ਵਿੱਚ ਜਿੱਥੇ ਤਰੱਕੀ ਦੀ ਸਮੱਰਥਾ ਹੁੰਦੀ ਹੈ, ਬਰਬਾਦੀ ਦੀ ਸ਼ਕਤੀ ਵੀ ਹੈ। ਦੁਨੀਆਂ ਦੇ ਸਾਹਮਣੇ ਅੱਜ ਸੱਭ ਤੋਂ ਵੱਡਾ ਸਵਾਲ ਇਹੀ ਹੈ ਕਿ ਅਜਿਹੇ ਵਿਚਾਰਾਂ ਨਾਲ ਕਿਵੇਂ ਨਿਬਟਿਆ ਜਾਵੇ ਜੋ ਚਰਮਪੰਥ ਨੂੰ ਹੱਲਾਸ਼ੇਰੀ ਦੇਂਦੇ ਹਨ, ਮਨੁੱਖ ਨੂੰ ਕੁਚਲ ਦੇਣ ਦੀ ਇੱਛਾ ਰੱਖਦੇ ਹਨ। ਆਖਿਰ ਅਸੀਂ ਕਿਸ ਦਿਸ਼ਾ ਵਿੱਚ ਜਾ ਰਹੇ ਹਾਂ? ਇਹ ਉੱਨਤੀ ਵਿਰੋਧੀ ਹਾਲਤ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਕੋਈ ਧਰਮ, ਰੱਬ, ਅਵਤਾਰ, ਅਲੌਕਿਕ ਸ਼ਕਤੀ ਨਾਲ ਸਿੱਧਾ ਜੁੜਿਆ ਬਾਬਾ ਕਿਸੇ ਛੋਟੀ ਜਿਹੀ ਫਿਲਮ, ਕਾਰਟੂਨ ਜਾਂ ਲੇਖ ਨਾਲ ਖ਼ਤਰੇ ਵਿੱਚ ਆ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਇਹਨਾਂ ਸੱਭ ਦੀ ਹੋਂਦ ਬਹੁਤ ਛੋਟੀ ਹੈ ਅਤੇ ਫਿਲਮ, ਲੇਖ, ਕਾਰਟੂਨ ਵਿੱਚ ਵੱਡੀ ਤਾਕਤ ਹੈ ਅਤੇ ਉਹ ਇਹਨਾਂ ਦੇ ਝੂਠ ਦੀ ਪੋਲ ਖੋਲ੍ਹਣ ਦੀ ਤਾਕਤ ਰੱਖਦੇ ਹਨ।

ਚੰਗੀ ਗੱਲ ਇਹ ਹੈ ਕਿ ਧਰਮਭੀਰੂ ਦੇਸ਼ ਦੇ ਲੋਕਾਂ ਦੀ ਸਿਨੇਮਾ ਹਾਲਾਂ ਵਿੱਚ ਵੱਧਦੀ ਭੀੜ ਨੇ ਉਨ੍ਹਾਂ ਵਿਰੋਧੀਆਂ ਦੀ ਬੋਲਤੀ ਬੰਦ ਕਰ ਦਿੱਤੀ ਜੋ ਸ਼ੁਰੂ ਵਿੱਚ ਹੱਲਾ ਮਚਾ ਰਹੇ ਸਨ। ਉਹ ਸ਼ਾਇਦ ਸੋਚ ਰਹੇ ਸਨ ਕਿ ਲੋਕ ਵੀ ਫਿਲਮ ਦੇ ਵਿਰੋਧ ਵਿੱਚ ਸੜਕਾਂ ਉੱਤੇ ਉਤਰ ਆਉਣਗੇ ਪਰ ਅਜਿਹਾ ਨਹੀਂ ਹੋਇਆ ਹੈ।

ਇਹ ਇਸ ਲਈ ਕਿ ਦੁਨੀਆਂ ਦੀ ਬਹੁਤ ਵੱਡੀ ਆਬਾਦੀ ਤਰਕਵਾਦ ਵਿੱਚ ਯਕੀਨ ਰੱਖਦੀ ਹੈ। ਰੋਜ਼ਾਨਾ ਧਰਮ ਦਾ ਬਾਣਾ ਧਾਰਨ ਕੀਤੇ ਬਾਬੇ, ਗੁਰੂ, ਸੰਤ ਕੁਕਰਮਾਂ ਵਿੱਚ ਲੀਨ ਪਾਏ ਜਾਂਦੇ ਹਨ। ਵਿਰੋਧ ਦੇ ਬਾਵਜੂਦ ਫਿਲਮ ਦੇ ਪ੍ਰਤੀ ਲੋਕਾਂ ਦਾ ਸਕਾਰਾਤਮਕ ਰੁਝਾਨ ਦੇਸ਼ ਵਿੱਚ ਬਦਲਾਅ ਦੀ ਲਹਿਰ ਦਾ ਸਬੂਤ ਹੈ। ਇੱਕ ਦਿਨ ਅਜਿਹਾ ਆਵੇਗਾ ਜਦ ਲੋਕ ਅਖੌਤੀ ਮਜ਼ਹਬਾ, ਬਾਬਿਆਂ, ਗੁਰੂਆਂ, ਮੁੱਲਾ ਮੌਲਵੀਆਂ, ਪਾਦਰੀਆਂ ਤੋਂ ਘਿਰਣਾਂ ਕਰਨਗੇ ਅਤੇ ਦੂਰ ਭੱਜਣਗੇ।

ਕੱਟੜਪੰਥੀਆਂ ਨੂੰ ਸਹੀ ਜਵਾਬ ਜਨਤਾ ਹੀ ਦੇ ਸਕਦੀ ਹੈ। ਤਦੇ ਸਮਾਜ ਦਾ ਬਿਹਤਰ ਵਿਕਾਸ ਹੋਵੇਗਾ।





ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-

✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।



# ਭੂਤ ਦੀ ਸਮਾਧੀ

ਡੇਰੇ ਵਿੱਚ ਲੋਕਾਂ ਦੇ ਭੂਤ ਕੱਢਣ ਦਾ ਨੇਮ ਅਨੁਸਾਰ ਪ੍ਰੋਗਰਾਮ ਹੁੰਦਾ ਹੈ। ਮੈਂ ਮੰਨਦਾ ਹਾਂ ਕਿ ਭੂਤਪ੍ਰੇਤ ਆਦਿ ਦੀਆਂ ਕੋਈ ਜੂਨੀਆਂ ਨਹੀਂ ਹੁੰਦੀਆਂ ਅਤੇ ਹੁੰਦੀਆਂ ਵੀ ਤਾਂ ਉਹਨਾਂ ਦੇ ਪ੍ਰਾਣੀ ਇੱਥੇ ਕਿਸੇ ਨੂੰ ਨਾ ਚਿੰਬੜਦੇ ਪਰ ਲੋਕਾਂ ਨੂੰ ਇਸ ਵਿਸ਼ੇ ਵਿੱਚ ਜੋ ਅੰਧਵਿਸ਼ਵਾਸ ਹੈ ਉਸਨੂੰ ਅਸਾਨੀ ਨਾਲ ਹੀ ਹਟਾਇਆ ਨਹੀਂ ਜਾ ਸਕਦਾ ਕਿਉਂਕਿ ਪੁਰਾਣੇ ਧਰਮਾਂ ਨੇ ਇਸ ਅੰਧ ਵਿਸ਼ਵਾਸ ਨੂੰ ਪ੍ਰੇਰਕ ਕਰਨ ਵਾਲੀ ਭਰਪੂਰ ਸਾਮੱਗਰੀ ਦਿੱਤੀ ਹੈ ਜਿਸਦੇ ਸੰਸਕਾਰ ਬਚਪਨ ਤੋਂ ਮਨੁੱਖ ਉੱਤੇ ਪਾਏ ਜਾਂਦੇ ਹਨ। ਇਸ ਪ੍ਰਕਾਰ ਉਹਨ੍ਹਾਂ ਵਿੱਚ ਇਹ ਮੂਰਖਤਾ ਅਮਿਟ ਜਿਹੀ ਹੈ। ਅਜਿਹੀ ਹਾਲਤ ਵਿੱਚ ਕੋਈ ਨਾ ਕੋਈ ਉਨ੍ਹਾਂ ਨੂੰ ਠੱਗੇਗਾ ਹੀ, ਤਦ ਮੈਂ ਹੀ ਕਿਉਂ ਨਾ ਉਨ੍ਹਾਂ ਨੂੰ ਠੱਗ ਲਵਾਂ।

ਫੇਰ ਇਹ ਠੱਗਣ ਦਾ ਵੀ ਸਵਾਲ ਨਹੀਂ ਹੈ, ਇਹ ਮਨੋਵਿਗਿਆਨਕ ਇਲਾਜ ਵੀ ਹੈ। ਜਦ ਲੋਕਾਂ ਨੂੰ ਭੂਤ ਚਿੰਬੜਨ ਦਾ ਪੱਕਾ ਵਿਸ਼ਵਾਸ ਹੈ ਤਦ ਉਨ੍ਹਾਂ ਦਾ ਇਲਾਜ ਤਾਂ ਹੀ ਸੰਭਵ ਹੈ ਜਦ ਉਨ੍ਹਾਂ ਨੂੰ ਕਿਸੇ ਨਾ ਕਿਸੇ ਕਿਰਿਆ ਨਾਲ ਕੱਢਣ ਦਾ ਵਿਸ਼ਵਾਸ ਕਰਾ ਦਿੱਤਾ ਜਾਵੇ। ਇਹ ਕਹਿਣ ਨਾਲ ਉਨ੍ਹਾਂ ਦਾ ਇਲਾਜ ਨਹੀਂ ਹੋ ਸਕਦਾ ਕਿ ਭੂਤ ਵਗੈਰਾ ਕੁੱਝ ਨਹੀਂ ਹੁੰਦਾ। ਅਜਿਹੀ ਹਾਲਤ ਵਿੱਚ ਡੇਰੇ ਵਿੱਚ ਭੂਤ ਕੱਢਣ ਦਾ ਧੰਦਾ ਵੀ ਚਾਲੂ ਕਰ ਦੇਣਾ ਠੀਕ ਹੀ ਸੀ।

ਅੱਜ ਇੱਕ ਪਰਿਵਾਰ ਆਇਆ ਸੀ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਨੂੰਹ ਸੀ। ਉਸ ਵਿੱਚ ਭੂਤ ਆਇਆ ਕਰਦਾ ਹੈ। ਉਸ ਤੋਂ ਇਹਨਾਂ ਦਾ ਟੱਬਰ ਪਰੇਸ਼ਾਨ ਸੀ। ਮੈਂ ਉਸ ਦਾ ਭੂਤ ਕੱਢਣਾ ਸੀ। ਇਸ ਦੇ ਲਈ ਇੱਕ ਵੱਡਾ ਕਮਰਾ ਨਿਸ਼ਚਿਤ ਕੀਤਾ ਹੋਇਆ ਹੈ। ਉਸੇ ਵਿੱਚ ਭੂਤ ਕੱਢਣ ਦਾ ਪ੍ਰਯੋਗ ਕੀਤਾ।

ਕਮਰੇ ਵਿੱਚ ਮੈਂ, ਮੇਰੇ ਦੋ ਚੇਲੇ, ਉਹ ਪਰਿਵਾਰ ਅਤੇ ਉਨ੍ਹਾਂ ਦੀ ਨੂੰਹ ਇਸ ਪ੍ਰਕਾਰ ਪੰਜ ਬੰਦੇ ਬੈਠੇ। ਭੂਤ ਕੱਢਣ ਦੀ ਸੱਭ ਸਾਮੱਗਰੀ ਉਥੇ ਰੱਖੀ ਉਥੇ ਇੱਕ ਪਾਸੇ ਅਜਿਹਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਬੈਟਰੀ ਦੀ ਤਰ੍ਹਾਂ ਲਾਲ ਰੋਸ਼ਨੀ ਨਿਕਲ ਰਹੀ ਸੀ। ਨੂੰਹ ਨੂੰ ਉਸੇ ਪਾਸੇ ਨਜ਼ਰ ਰੱਖ ਕੇ ਬਿਠਾ ਦਿੱਤਾ ਗਿਆ ਅਤੇ ਮੈਂ ਆਪਣੇ ਚੇਲਿਆਂ ਨਾਲ ਇਸ ਪ੍ਰਕਾਰ ਫੁਸਫੁਸਾਹਟ (ਕੰਨ ਵਿੱਚ ਹੌਲੀ ਨਾਲ ਕਹੀ ਜਾਣ ਵਾਲੀ ਗੱਲ) ਵਿੱਚ ਗੱਲ ਕਰਨ ਲੱਗਾ ਮੰਨ ਲਉ ਭੂਤ ਆਉਣ ਵਾਲਾ ਹੈ। ਸਾਡੀ ਫੁਸਫੁਸਾਹਟ ਉਹ ਨੂੰਹ ਸੁਣ ਰਹੀ ਸੀ। ਉਸ ਉੱਤੇ ਇਹ ਅਸਰ ਪੈ ਰਿਹਾ ਸੀ ਕਿ ਭੂਤ ਕਮਰੇ ਵਿੱਚ ਆ ਗਿਆ ਹੈ। ਇਸ ਮਨੋਵਿਗਿਆਨਕ ਪ੍ਰਭਾਵ ਦਾ ਫ਼ਲ ਇਹ ਹੋਇਆ ਹੈ ਕਿ ਉਸ ਉਤੇ ਭੂਤ ਦਾ ਜੋਸ਼ ਹੋ ਗਿਆ ਹੈ ਅਤੇ ਹੁਣ ਉਹ ਪੁੱਤਰ ਦੀ ਵਹੁਟੀ ਇਸ ਤਰ੍ਹਾਂ ਦੀ ਗੱਲ ਕਰਨ ਲੱਗੀ ਜਿਵੇਂ ਭੂਤ ਬੋਲ ਰਿਹਾ ਹੈ। ਭੂਤ ਨੇ ਇਸ ਸ਼ਰੀਰ ਵਿੱਚ ਆਉਣ ਦਾ ਕਾਰਨ ਦੱਸਿਆ। ਦੂਜੇ ਸਰੀਰ ਵਿੱਚ ਜਾਣ ਤੋਂ ਨਾਂਹ ਕਰ ਦਿੱਤੀ। ਤਦ ਮੈਂ ਇੱਕ ਸ਼ੀਸ਼ੀ ਵਿੱਚ ਜੋ ਤੇਜ਼ ਗੰਧ ਵਾਲਾ ਰਸ ਭਰਿਆ ਹੋਇਆ ਸੀ ਉਹ ਉਸ ਦੀ ਨੱਕ ਵਿੱਚ ਪਾਇਆ। ਉਸਨੂੰ ਏਨੀ ਬੇਚੈਨੀ ਹੋਈ ਕਿ ਉਸ ਦੇ ਮੂੰਹ ਤੋਂ ਨਿਕਲ ਗਿਆ ਕਿ ਮੈਂ ਜਾਂਦਾ ਹਾਂ। ਉਸੇ ਸਮੇਂ ਮੈਂ ਆਪਣੇ ਚੇਲਿਆਂ ਨੂੰ ਹੁਕਮ ਦਿੱਤਾ ਕਿ ਭੂਤ ਨੂੰ ਬੋਲਤ ਵਿੱਚ ਕੈਦ ਕਰ ਦਿਓ। ਹਾਂ ਠੀਕ ਹੈ। ਹੁਣ ਬੋਤਲ ਦਾ ਮੂੰਹ ਬੰਦ ਕਰ ਦਿਓ! ਉਸ ਉੱਤੇ ਮੰਤਰ ਦੀ ਮੋਹਰ ਮਾਰ ਦਿਓ! ਅਤੇ ਇਸ ਨੂੰ ਸੱਤ ਹੱਥ ਨੀਚੇਂ ਜਮੀਨ ਵਿੱਚ ਦੱਬ ਦਿਓ! ਇਹ ਹੁਣ ਸੱਤ ਸੌ ਸਾਲ ਤੱਕ ਨਹੀਂ ਨਿਕਲ ਸਕੇਗਾ। ਇਹ ਸੱਭ ਗੱਲਾਂ ਮੈਂ ਆਪਣੇ ਚੇਲਿਆਂ ਨੂੰ ਜ਼ੋਰ-ਜ਼ੋਰ ਨਾਲ ਕਹਿ ਰਿਹਾ ਸੀ, ਜਿਸ ਦਾ ਅਸਰ ਉਸ ਨੂੰਹ ਉਤੇ ਪੈ ਰਿਹਾ ਸੀ। ਉਸਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਭੂਤ ਸੱਤ ਸੌ ਸਾਲਾਂ ਤੱਕ ਨਹੀਂ ਆ ਸਕਦਾ। ਇਸ ਪ੍ਰਕਾਰ ਭੂਤ ਨਿਕਲ ਗਿਆ।

ਭੂਤ ਕੱਢਣ ਲਈ ਜਾਂ ਉਤਾਰਨ ਦੇ ਲਈ ਮੈਨੂੰ ਬਹੁਤ ਤਰ੍ਹਾਂ ਦੇ ਪ੍ਰਯੋਗ ਕਰਨੇ ਪੈਂਦੇ ਹਨ। ਇੱਕ ਵਾਰ ਤਾਂ ਰਾਸਾਇਣਕ ਪ੍ਰਯੋਗ ਨਾਲ ਮੈਂ ਭੂਤ ਨੂੰ ਜਲਾ ਦਿੱਤਾ ਸੀ ਅਤੇ ਉਸ ਦਾ ਧੂੰਆਂ ਭੂਤ ਦੇ ਆਵੇਸ਼ ਵਾਲੇ ਬੰਦੇ ਨੂੰ ਵਿਖਾ ਦਿੱਤਾ ਸੀ ਇੱਕ ਵਾਰ ਅਜਿਹੇ ਹੀ ਪ੍ਰਯੋਗਾਂ ਨਾਲ ਭੂਤ ਦਾ ਖ਼ੂਨ ਕਰ ਦਿੱਤਾ ਸੀ। ਇਸ ਪ੍ਰਕਾਰ ਬਹੁਤ ਤਰ੍ਹਾਂ ਦੀਆਂ ਕਿਰਿਆਵਾਂ ਕਰਦਾ ਰਹਿੰਦਾ ਹਾਂ ਜਿਸ ਤੋਂ ਭੂਤ ਨਿਕਲਣ ਜਾਂ ਭੂਤ ਉਤਰਨ ਦਾ ਸੰਕੇਤ ਭੂਤ ਆਵੇਸ਼ ਵਾਲੇ ਨੂੰ ਹੋ ਜਾਂਦਾ ਹੈ। ਇਸ ਕੰਮ ਵਿੱਚ ਵੀ ਚੰਗੀਆਂ ਭੇਟਾਂ ਮਿਲਦੀਆਂ ਹਨ।

ਕਦੇ-ਕਦੇ ਭੂਤ ਆਵੇਸ਼ ਵਾਲੇ ਬੰਦੇ ਬਹੁਤ ਪਖੰਡੀ ਹੁੰਦੇ ਹਨ। ਉਹ ਬਿਲਕੁੱਲ ਜਾਣ ਬੁੱਝ ਕੇ ਭੂਤ ਆਵੇਸ਼ ਦਾ ਪਖੰਡ ਕਰਦੇ ਹਨ ਅਤੇ ਉਸ ਦਾ ਕਾਰਨ ਇਹ ਹੁੰਦਾ ਹੈ ਕਿ ਪੁੱਤਰ ਪਿਉ ਨਾਲ ਨਾਰਾਜ਼ ਹੈ, ਬਹੂ ਸੱਸ ਨਾਲ ਨਾਰਾਜ਼ ਹੈ ਇਸ ਲਈ ਉਹ ਭੂਤ ਆਵੇਸ਼ ਦਾ ਪਖੰਡ ਕਰਕੇ ਬਾਪ ਦਾ ਜਾਂ ਸੱਸ ਦਾ ਅਪਮਾਨ ਕਰ ਲੈਂਦਾ ਹੈ। ਅਜਿਹੇ ਮੌਕਿਆਂ ਉੱਤੇ ਮੈਂ ਬਹੁਤ ਹੁਸ਼ਿਆਰੀ ਨਾਲ ਕੰਮ ਲੈਂਦਾ ਹਾਂ। ਇਕੱਲੇ ਵਿੱਚ ਘੁੰਮਾਫਿਰਾ ਕੇ ਚਰਚਾ ਕਰਕੇ ਮੈਂ ਉਸ ਦਾ ਰਹੱਸ ਸਮਝ ਲੈਂਦਾ ਹਾਂ। ਫੇਰ ਪਿਤਾ ਨੂੰ ਜਾਂ ਸੱਸ ਨੂੰ ਇਸ ਢੰਗ ਨਾਲ ਸਮਝਾਉਂਦਾ ਹਾਂ ਕਿ ਉਨ੍ਹਾਂ ਦਾ ਵਰਤਾਉ ਬਦਲ ਜਾਂਦਾ ਹੈ ਅਤੇ ਪੁੱਤਰ ਜਾਂ ਬਹੂ ਦੀ ਨਾਰਾਜ਼ਗੀ ਦੂਰ ਹੋ ਜਾਂਦੀ ਹੈ। ਇਸ ਪ੍ਰਕਾਰ ਉਨ੍ਹਾਂ ਦਾ ਭੂਤ ਉਤਰ ਜਾਂ ਨਿਕਲ ਜਾਂਦਾ ਹੈ। ਮੈਨੂੰ ਚੰਗੀਆਂ ਸੁਗਾਤਾਂ ਵੀ ਮਿਲ ਜਾਂਦੀਆਂ ਹਨ। ਮੈਂ ਵੱਡੇ ਉਪਕਾਰੀ ਰੂਪ ਵਿੱਚ ਪ੍ਰਸ਼ੰਸਿਤ ਵੀ ਹੋ ਜਾਂਦਾ ਹਾਂ। ਮੇਰੀ ਗਿਣਤੀ ਵੱਡੇ ਸਿੱਧ ਪੁਰਸ਼ ਦੇ ਰੂਪ ਵਿੱਚ ਹੋ ਜਾਂਦੀ ਹੈ। ਇਸ ਕੰਮ ਵਿੱਚ ਵੀ ਮੈਂ ਪੂਰੀ ਤਰ੍ਹਾਂ ਸਫ਼ਲ ਹਾਂ।

**-ਸਤਯਭਗਤ**


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ ਵਿੱਚ ਪ੍ਰਾਪਤ** *ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਭਾਰਤ ਵਿਚ ਲੋਕ ਰਾਜ?



ਜਗਤਾਰ ਸਹੋਤਾ

ਸ਼ੁਰੂ ਵਿਚ ਇਨਸਾਨ, ਜਦ ਇਸ ਧਰਤੀ ਤੇ ਪੈਦਾ ਹੋਇਆ, ਇਕੱਲਾ ਹੀ ਰਹਿੰਦਾ ਸੀ। ਫਿਰ ਉਸ ਨੇ ਦੇਖਿਆ ਕਿ ਕਬੀਲਿਆਂ ਵਿਚ ਰਹਿਣ ਨਾਲ ਉਹ ਦੂਸਰੇ ਲੋਕਾਂ ਅਤੇ ਜਾਨਵਰਾਂ ਦੇ ਖਤਰਿਆਂ ਤੋਂ ਰਲ ਕੇ ਵਧੀਆ ਬਚਾ ਕਰ ਸਕਦਾ ਸੀ। ਸ਼ੁਰੂ ਵਿਚ ਕਬੀਲਿਆਂ ਦਾ ਆਗੂ ਵੱਡੀ ਉਮਰ ਦਾ ਬਜ਼ੁਰਗ ਹੁੰਦਾ ਸੀ, ਜ਼ਿੰਦਗੀ ਦੇ ਲੰਬੇ ਤਜਰਬੇ ਵਾਲਾ। ਬਾਅਦ ਵਿਚ ਉਸ ਬਜ਼ੁਰਗ ਨੂੰ ਸਰਦਾਰ ਕਹਿਣ ਲੱਗ ਪਏ। ਹੌਲੀ ਹੌਲੀ ਸਰਦਾਰ ਦੇ ਕੰਮ ਵਧਣ ਨਾਲ ਅਖ਼ਤਿਆਰ ਵਧ ਗਏ, ਜਿਸ ਕਰਕੇ ਉਹ ਫਿਰਕੇ ਦਾ ਮੁਖਤਿਆਰ ਬਣ ਗਿਆ। ਪਹਿਲਾਂ ਹਰ ਚੀਜ਼ ਫਿਰਕੇ ਦੀ ਸਾਂਝੀ ਹੁੰਦੀ ਸੀ, ਸਰਦਾਰ ਦੇ ਮੁਖਤਿਆਰ ਬਣਨ ਨਾਲ ਉਹ ਹਰ ਚੀਜ਼ ਤੇ ਆਪਣਾ ਅਧਿਕਾਰ ਜਮਾਉਣ ਲੱਗ ਪਿਆ। ਧੀਰੇ ਧੀਰੇ ਸਰਦਾਰੀ ਖਾਨਦਾਨੀ ਵਿਚ ਬਦਲ ਗਈ। ਵਕਤ ਦੇ ਨਾਲ ਸਰਦਾਰ ਰਾਜੇ ਬਣ ਗਏ। ਸਰਦਾਰੀ ਜਾਂ ਰਾਜਿਆਂ ਦਾ ਨਿਜ਼ਾਮ ਇਸ ਧਾਰਨਾ ਤੇ ਨਿਰਭਰ ਕਰਦਾ ਸੀ ਕਿ ਇਕ ਇਨਸਾਨ ਜਾਂ ਖਾਨਦਾਨ ਕੋਲ ਕਬੀਲਿਆਂ ਜਾਂ ਲੋਕਾਂ ਦੀ ਸੁਰਖਿਅਤ ਦੀ ਨਿਪੁੰਨਤਾ ਸੀ। ਤਾਨਾਸ਼ਾਹੀ ਵੀ ਇਸ ਨਾਲ ਮਿਲਦੀ ਜੁਲਦੀ ਹੈ। ਵਕਤ ਨੇ ਸਾਨੂੰ ਸਿਖਾਲਿਆ ਹੈ ਕਿ ਲੋਕ ਰਾਜ ਇਨ੍ਹਾਂ ਢਾਂਚਿਆਂ ਵਿਚੋਂ ਵਧੀਆ ਢਾਂਚਾ ਹੈ, ਕਿਉਂਕਿ ਇਕ ਇਨਸਾਨ ਭਾਵੇਂ ਕਿਤਨਾ ਸਿਆਣਾ ਹੋਵੇ ਉਹ ਲੋਕਾਂ ਦੇ ਇੱਕਠੇ ਬੈਠ ਕੇ ਕੀਤੇ ਫੈਸਲਿਆਂ ਨੂੰ ਮਾਤ ਨਹੀਂ ਪਾ ਸਕਦਾ। ਸਮੇਂ ਨੇ ਇਹ ਵੀ ਸਿਖਾਇਆ ਹੈ ਕਿ ਲੋਕ ਰਾਜ ਨੂੰ ਕਾਮਯਾਬ ਕਰਨ ਲਈ ਉਨ੍ਹਾਂ ਖਤਰਿਆਂ ਤੋਂ ਦੂਰ ਰਹਿਣਾ ਪਵੇਗਾ ਜੋ ਲੋਕ ਰਾਜ ਨੂੰ ਢਾਹ ਲਾਉਂਦੇ ਹਨ।

ਲੋਕ ਰਾਜ ਪਹੁੰਚਣ ਤੋਂ ਪਹਿਲਾਂ ਧਰਮਾਂ ਦੇ ਰਾਜਿਆਂ ਦਾ ਵੀ ਪੜਾਅ ਆਇਆ। ਧਰਮ ਦਾ ਰਾਜ ਇਕ ਤਾਂ ਇਕ ਹੀ ਆਗੂ ਦੀ ਚੰਗੀ ਸਿਆਣਪ ਤੇ ਨਿਰਭਰ ਕਰਦਾ ਸੀ, ਦੂਜਾ ਉਹ ਧਰਮ ਦੀਆਂ ਬੰਦਸ਼ਾਂ ਵਿਚ ਬੱਝਿਆ ਸੀ। ਧਰਮ ਦੇ ਕੋਲ, ਪੁਰਾਣੇ ਸਮੇਂ ਦੇ ਹੋਣ ਕਰਕੇ, ਅਧੁਨਿਕ ਵਕਤ ਦੀ ਸਮੱਸਿਆਵਾਂ ਦਾ ਹੱਲ ਵੀ ਨਹੀਂ ਸੀ। ਇਸ ਲਈ ਧਰਮ ਦੇ ਰਾਜ ਜਾਂ ਤਾਂ ਖਤਮ ਹੋ ਗਏ ਜਾਂ ਉਨ੍ਹਾਂ ਨੂੰ ਲੋਕ ਰਾਜ ਦਾ ਮਖੌਟਾ ਨਾਲ ਖੜ੍ਹਾ ਕਰਨਾ ਪਿਆ। ਯੂ. ਐਨ. ਅਉ. ਦੇ ਅਨੁਸਾਰ ਧਾਰਮਿਕ ਦੇਸ਼ਾਂ ਵਿਚ ਅਧਰਾਮਿਕ ਦੇਸ਼ਾਂ ਦੇ ਮੁਕਾਬਲੇ ਔਰਤਾਂ ਦੇ ਖਿਲਾਫ ਜਬਰ ਅਤੇ ਅਪਰਾਧਾਂ ਦੀ ਭਰਮਾਰ ਹੈ । ਪੱਛਮ ਦੇ ਦੇਸ਼ਾਂ ਵਿੱਚ ਜਿੱਥੇ ਲੋਕ ਰਾਜ ਹੈ, ਉੱਥੇ ਧਰਮ ਦਾ ਸਿਆਸਤ ਵਿਚ ਦਖਲ ਬੰਦ ਕਰ ਦਿਤਾ ਗਿਆ ਹੈ। ਪੱਛਮ ਦੇ ਲੋਕਾਂ ਦਾ ਤਜਰਬਾ ਹੈ ਕਿ ਧਰਮ ਸਿਆਸਤ ਵਿਚ ਰੋਕ ਹੈ।

ਭਾਰਤ ਨੂੰ ਅਜ਼ਾਦ ਹੋਏ ਨੂੰ 67 ਸਾਲ ਹੋ ਗਏ ਹਨ ਅਤੇ ਉਸ ਨੇ 65ਵਾਂ ਗਣਤੰਤਰ ਦਿਵਸ ਮਨਾਇਆ ਹੈ। ਪਰ ਭਾਰਤ ਵਿਚ ਦਿਨੋਂ ਦਿਨ ਲੋਕ ਰਾਜ ਦਾ ਜਨਾਜ਼ਾ ਨਿਕਲ ਰਿਹਾ ਹੈ। ਲੋਕ ਰਾਜ ਨਾ ਤਾਂ ਲੋਕਾਂ ਦਾ ਹੈ ਅਤੇ ਨਾ ਹੀ ਲੋਕਾਂ ਲਈ ਹੈ। ਲੋਕਾਂ ਵਿਚ ਆਪਣੇ ਹੱਕਾਂ ਅਤੇ ਜ਼ੁੰਮੇਵਾਰੀਆਂ ਦੀ ਚੇਤਨਾਂ ਲਈ ਕਿਸੇ ਵੀ ਸਰਕਾਰ ਨੇ ਕੁੱਛ ਨਹੀਂ ਕੀਤਾ। ਅਗਿਆਨਤਾ ਦੀ ਭਰਮਾਰ ਹੈ। ਅਮੀਰ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਂਦੇ ਹਨ। ਪਹਿਲਾਂ ਤਾਂ 25 ਪ੍ਰਤੀਸ਼ਤ ਗਰੀਬਾਂ ਪਾਸ ਢਿੱਡ ਭਰ ਕੇ ਖਾਣ ਲਈ ਹੀ ਨਹੀਂ, ਉਹ ਪੜ੍ਹ ਕਿਸ ਤਰ੍ਹਾਂ ਸਕਦੇ ਸਨ? ਬਾਕੀ ਦੇ ਗਰੀਬਾਂ ਲਈ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ, ਜੋ ਅਧਿਆਪਕ ਹਨ ਉਹ ਪੜ੍ਹਾਉਣਾ ਆਪਣਾ ਕੰਮ ਹੀ ਨਹੀਂ ਸਮਝਦੇ। ਉਪਰੋਂ ਪੜ੍ਹਾਈ ਵਿਚ ਧਰਮ ਦਾ ਦਖਲ ਹੈ ਅਤੇ ਤਰਕ ਪੜ੍ਹਾਈ ਦਾ ਹਿੱਸਾ ਨਹੀਂ ਹੈ। ਇਸੇ ਲਈ ਪੜ੍ਹੇ ਲਿਖੇ ਬਹੁੱਤੇ ਭਾਰਤੀਆਂ ਵਿਚ, ਅਨਪੜ੍ਹਾਂ ਦੀ ਤਾਂ ਗੱਲ ਹੀ ਛੱਡੋ, ਲਾਈਲਗਤਾ ਦੀ ਭਰਮਾਰਤਾ ਹੈ। ਲੋਕਾਂ ਨੂੰ ਆਪਣੀ ਵੋਟ ਦੀ ਕੋਈ ਕਦਰ ਨਹੀਂ। ਘਰ ਵਿਚ ਵੋਟ ਮਰਦ ਦੇ ਕਹੇ ਅਨੁਸਾਰ ਪੈਂਦੀ ਹੈ। ਪਿੰਡ ਜਾਂ ਇਲਾਕੇ ਦਾ ਚੌਧਰੀ ਮਰਦਾਂ ਨੂੰ ਧਰਮ, ਭਾਈਵੰਦੀ, ਜਾਤ ਆਦਿ ਦੇ ਅਧਾਰ ਤੇ ਵੋਟਾਂ ਪਾਉਣ ਲਈ ਨਿਰਦੇਸ਼ ਦਿੰਦਾ ਹੈ ਭਾਵੇਂ ਉਮੀਦਵਾਰ ਅਪਰਾਧੀ ਹੀ ਹੋਵੇ। ਇਸ ਲਈ ਬਹੁ ਗਿਣਤੀ ਦੇ ਭਾਰਤੀ, ਲੋਕ ਰਾਜ ਹੋਣ ਦੇ ਬਾਵਜੂਦ, ਗਰੀਬੀ ਅਤੇ ਅਨਪੜ੍ਹਤਾ ਵਿਚ ਹੀ ਰੀਂਗਦੇ ਹਨ। ਸੰਨ 2014 ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ 187 ਦੇਸ਼ਾਂ ਵਿਚੋਂ ਮਨੁੱਖੀ ਤਰੱਕੀ ਦੇ ਇਨਡੈਕਸ (Human Development Index) ਵਿਚ ਭਾਰਤ ਦਾ ਨੰਬਰ 135, ਸ਼੍ਰੀ ਲੰਕਾਂ ਦਾ 73, ਭੂਟਾਨ ਦਾ 136, ਬੰਗਲਾਦੇਸ਼ ਦਾ 142, ਨਿਪਾਲ ਦਾ 145, ਅਤੇ ਪਾਕਿਸਤਾਨ ਦਾ 146 ਹੈ। ਲਿੰਗ ਨਾਬਰਾਬਰਤਾ ਇਨਡੈਕਸ (Gender Index Inequality) ਵਿਚ ਸ਼੍ਰੀ ਲੰਕਾਂ 75, ਨਿਪਾਲ 98, ਭੂਟਾਨ 115, ਭਾਰਤ ਅਤੇ ਪਾਕਿਸਤਾਨ 127 ਹੈ। ਕੀ ਇਹ ਸਾਬਤ ਨਹੀਂ ਕਰਦਾ ਕਿ ਭਾਰਤ ਦੀ ਤਰੱਕੀ ਸਿਰਫ ਅਮੀਰਾਂ ਅਤੇ ਦਰਮਿਆਨੇ ਤੱਬਕੇ ਤਕ ਹੀ ਸੀਮਤ ਹੈ? ਕੀ ਭਾਰਤ ਨੂੰ ਦੁਨੀਆਂ ਦਾ ਵੱਡਾ ਲੋਕ ਰਾਜ ਕਹਿਣਾ ਉਚਿੱਤ ਹੈ?

ਭਾਰਤ ਦੀ ਪਾਰਲੀਮੈਂਟ ਵਿਚ ਚੋਣਾਂ ਵਿਚ ਜਿੱਤੇ ਹੋਏ ਪ੍ਰਤੀਨਿਧਾਂ ਵਿਚੋਂ ਤੀਸਰਾ ਹਿੱਸਾ ਅਪਰਾਧੀਆਂ ਦਾ ਹੈ। ਇਹੋ ਹਾਲਤ ਸੂਬਿਆਂ ਦੇ ਅਸੈਂਮਬਲੀਆਂ ਦਾ ਹੈ। ਪਾਰਲੀਮੈਂਟ ਅਤੇ ਅਸੈਂਮਬਲੀਆਂ ਦੇ ਮੈਂਬਰਾਂ ਨੂੰ ਅਸੀਂ ਜੁੱਤੀ ਪਤਾਨ ਕਰਦੇ ਅਕਸਰ ਟੀ.ਵੀ. ਤੇ ਦੇਖਿਆ ਹੈ। ਇਥੇ ਧਰਮਾਂ ਦੀ ਆਪਣੇ ਮੁਫਾਦ ਲਈ ਵਰਤੋਂ ਆਮ ਗੱਲ ਬਣ ਗਈ ਹੈ। ਘਟੋ ਘੱਟ ਨਹਿਰੂ ਦੇ ਸਮੇਂ ਇਹ ਗੱਲ ਨਹੀਂ ਸੀ। ਭਾਰਤ ਵਿਚ ਲੋਕ ਰਾਜ ਦਾ ਪ੍ਰਤੀਦਿਨ ਨਿਘਾਰ ਹੋ ਰਿਹਾ ਹੈ। ਇੰਗਲੈਂਡ ਦੀ ਪਾਰਲੀਮੈਂਟ ਵਿਚ ਮੈਂ ਅੱਜ ਤੱਕ ਮੈਂਬਰਾਂ ਨੂੰ ਜੁੱਤੀ ਪਤਾਨ ਕਰਦੇ ਕਦੇ ਨਹੀਂ ਦੇਖਿਆ। ਵਿਰੋਧੀ ਪਾਰਟੀਆਂ ਦੇ ਆਗੂ, ਸਵਾਲ ਜਵਾਬ ਦੇ ਸਮੇਂ, ਇਕ ਦੂਸਰੇ ਨਾਲ ਮੂੰਹ ਜ਼ਬਾਨੀ ਝਗੜਦੇ ਅਕਸਰ ਟੀ.ਵੀ. ਤੇ ਦਿਸਦੇ ਹਨ। ਪਰ ਉਹੀ ਆਗੂ ਬਾਅਦ ਵਿਚ ਬਾਰ (Public Bar) ਤੇ ਖੜ੍ਹੇ ਇਕ ਦੂਸਰੇ ਨਾਲ ਹੱਸ ਕੇ ਗੱਲਾਂ ਕਰਦੇ ਮੈਂ ਆਪ ਦੇਖੇ ਹਨ। ਜਾਣੀ ਵਿਚਾਰਾਂ ਦੇ ਫਰਕ ਨਿਜੀ ਨਹੀਂ ਬਣਾਉਂਦੇ, ਵਿਕਸਤ ਲੋਕਾਂ ਦੀ ਨਿਸ਼ਾਨੀ। ਜੇਕਰ ਅਸੀਂ ਭਾਰਤ ਦੇ 67 ਸਾਲ ਅਜ਼ਾਦ ਹੋਣ ਤੋਂ ਬਾਅਦ ਵੀ ਵਿਕਸਤ ਇਨਸਾਨ ਨਹੀਂ ਬਣ ਸਕੇ, ਫਿਰ ਕਦੋ ਬਣਾਂਗੇ?

ਅਜ਼ਾਦੀ ਤੋਂ ਬਾਅਦ ਜਦ ਭਾਰਤ ਨੇ ਲੋਕ ਰਾਜ ਦਾ ਢਾਂਚਾ ਅਪਣਾਇਆ ਸੀ, ਪਾਰਲੀਮੈਂਟ ਦਾ ਮਿਆਰ ਇਤਨਾ ਨੀਵਾਂ ਨਹੀਂ ਸੀ ਜਿਤਨਾ ਪਿੱਛਲੇ ਕੁੱਛ ਸਾਲਾਂ ਤੋਂ ਹੋ ਗਿਆ ਹੈ। ਘੱਪਲਿਆਂ ਦੀ ਭਰਮਾਰ, ਰਾਜਸੀ ਪਾਰਟੀਆਂ ਦੀ ਨਾ ਕੁੱਛ ਕਰਨ ਦੀ ਅਸਮਰਥਾ, ਸਿਆਸਤ ਵਿਚ ਵਧਦੀ ਗੁੰਡਾਗਰਦੀ ਅਤੇ ਵੱਢੀਖੋਰੀ, ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ ਦਾ ਵਿਗੜਦਾ ਹੋਇਆ ਵਿਹਾਰ ਰੋਜ਼ ਦੀ ਗੱਲ ਬਣ ਗਈ ਹੈ। ਭਾਰਤ ਦੇ ਲੋਕ ਰਾਜ ਦਾ ਉਦੋਂ ਕੀ ਹਾਲ ਹੋਵੇਗਾ, ਜਦ ਵਿਸ਼ਵ ਸਰਮਾਏਦਾਰੀ ਦਾ ਪੂਰਾ ਪਸਾਰ ਭਾਰਤ ਵਿਚ ਹੋ ਗਿਆ? ਵਿਸ਼ਵ ਸਰਮਾਏਦਾਰੀ ਨੇ ਵਿਕਸਤ ਦੇਸ਼ਾਂ ਦੇ ਲੋਕ ਰਾਜਾਂ ਨੂੰ ਵੀ ਹਿਲਾ ਕੇ ਰੱਖ ਦਿਤਾ ਹੈ। ਵਿਸ਼ਵ ਸਰਮਾਏਦਾਰ ਸੰਚਾਰ ਤੇ ਪੂਰਾ ਕਬਜ਼ਾ ਕਰਕੇ ਸਿਰਫ ਉਸ ਪਾਰਟੀ ਦੇ ਆਗੂ ਨੂੰ ਉਭਾਰਦੀ ਹੈ ਜੋ ਉਸ ਦੇ ਇਸ਼ਾਰਿਆਂ ਤੇ ਨੱਚੇ ਜਾਣੀ ਨਾਮ ਲੋਕ ਰਾਜ ਪਰ ਰਾਜ ਅਮੀਰਾਂ ਦਾ। ਇਸ ਦਾ ਥੋੜ੍ਹਾ ਅਨੁਭਵ ਭਾਰਤੀ ਲੋਕਾਂ ਨੇ ਹੁੱਣੇ ਹੋਈਆਂ ਚੋਣਾਂ ਵਿਚ ਮਹਿਸੂਸ ਕੀਤਾ ਹੋਵੇਗਾ। ਜੇਕਰ ਲੋਕ ਆਪਣੇ ਹੱਕਾਂ ਦੀ ਰਖਵਾਲੀ ਲਈ ਤਿਆਰ ਨਹੀਂ ਹੋਣਗੇ, ਤਦ ਭਾਰਤ ਮੁੜ ਕੇ ਅੰਗਰੇਜ਼ਾਂ ਦੇ ਰਾਜ ਦੀ ਥਾਂ ਵਿਦੇਸ਼ੀ ਅਤੇ ਦੇਸੀ ਸਰਮਾਏਦਾਰਾਂ ਦਾ ਨਵੀਨ ਗੁਲਾਮ ਬਣ ਜਾਵੇਗਾ। ਜੇਕਰ ਅਸੀਂ ਹੁੱਣ ਵੀ ਗਹੁ ਨਾਲ ਦੇਖੀਏ ਤਦ ਸਾਫ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਅਤੇ ਕਾਂਗਰਸ ਪਾਰਟੀਆਂ ਕਾਰਪੋਰੇਟਾਂ ਦੇ ਹੱਥਾਂ ਵਿਚ ਖੇਡ ਰਹੀਆਂ ਹਨ। ਲੋਕ ਰਾਜ ਅਤੇ ਲੋਕ ਹੱਕਾਂ ਨੂੰ ਬਹਾਲ ਕਰਨ ਲਈ ਅਗਾਂਹ ਵਧੂ ਅਤੇ ਖੱਬੀਆਂ ਪਾਰਟੀਆਂ ਅਤੇ ਲੋਕਾਂ ਨੂੰ ਸਾਂਝੇ ਐਕਸ਼ਨਾਂ ਦੀ ਨੀਤੀ ਅਪਣਾਉਣੀ ਪਵੇਗੀ। ਲੋਕਾਂ ਦੀ ਏਕਤਾ ਦਾ ਉਭਾਰ ਹੀ ਦਿਨੋ ਦਿਨ ਅਮੀਰਾਂ ਦੇ ਵਧਦੇ ਨਿਜ਼ਾਮ ਨੂੰ ਕੰਟਰੋਲ ਕਰ ਸਕਦਾ ਹੈ।

# ਸਰੀਰ, ਦਿਮਾਗ ਅਤੇ ਰੂਹ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਵਿਗਿਆਨ ਦੁਆਰਾ ਮਨੁੱਖੀ ਜੀਨੋਮ (ਜਨਣ ਤੱਤਾਂ ਦੀ ਬਣਤਰ) ਬਾਰੇ ਜਾਣ ਲੈਣ ਤੋਂ ਬਾਅਦ ਮਨੁੱਖ ਬਾਰੇ ਨਵੇਂ ਸਿਰੇ ਤੋਂ ਵਿਗਿਆਨਕ ਢੰਗ ਨਾਲ ਸੋਚਣਾ ਸ਼ੁਰੂ ਕੀਤਾ ਗਿਆ ਹੈ। ਮਨੁੱਖ ਦੀ ਸਮੁੱਚੀ ਹੋਂਦ , ਇਸਦੇ ਆਚਰਣ, ਮਨੁੱਖੀ ਭਾਵਨਾਵਾਂ (ਕਿਹੜੇ ਜੀਨੋਮ ਤੱਤਾਂ ਕਾਰਨ ਗੁੱਸਾ, ਖੁਸ਼ੀ ਅਤੇ ਕਰੋਧ ਆਦਿ ਆਦਿ ਆਉਂਦਾ ਹੈ) ਬਾਰੇ ਮਨੋਵਿਗਿਆਨੀਆਂ ਨੇ ਨਵੇਂ ਸਿਰੇ ਤੋਂ ਸੋਚਣਾ ਸ਼ੁਰੂ ਕੀਤਾ ਹੈ। ਮਨੁੱਖ ਦੇ ਦਿਮਾਗ 'ਚ ਪੈਦਾ ਹੁੰਦੀਆਂ ਪਰਵਿਰਤੀਆਂ ਅਤੇ ਮਨੁੱਖੀ ਸੁਭਾਅ ਬਾਰੇ ਦੁਬਾਰਾ ਸੋਚ ਕੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਪੰਜਾਬੀ ਵਿਚ ਡਾ: ਸੁਰਜੀਤ ਸਿੰਘ ਢਿੱਲੋਂ (ਉਘੇ ਜੀਵ ਵਿਗਿਆਨੀ ਲੇਖਕ) ਜੀ ਨੇ ਇਸ ਬਾਰੇ ਕਈ ਕਿਤਾਬਾਂ ਲਿਖੀਆਂ ਹਨ। ਆਪਣੀ ਪ੍ਰਸਿਧ ਕਿਤਾਬ ' ਮਨੁੱਖ' 'ਚ ਉਹ ਲਿਖਦੇ ਹਨ ਕਿ ਰੂਹ ਅਤੇ ਦੇਹ ਵਿਚਕਾਰਲੇ ਅੰਤਰ ਮਿਟਦੇ ਮਿਟਦੇ ਹੁਣ ਅਲੋਪ ਹੋ ਹੀ ਗਏ ਹਨ। ਰੂਹ ( ਆਤਮਾ) ਦਾ ਸਰੀਰ ਨਾਲੋਂ ਨਿਖੜਵੀਂ ਹੋਂਦ ਦਾ ਵਿਚਾਰ ਹੁਣ ਨਿਰਆਧਾਰ ਮੰਨਿਆ ਜਾਣ ਲੱਗਾ ਹੈ। ਨਵੇਂ ਅਪਨਾਏ ਗਿਆਨ ਮੁਤਾਬਿਕ ਇਹ ਵੀ ਮੰਨਿਆ ਗਿਆ ਹੈ ਕਿ ਕਈ ਵੀ ਵਿਅੱਕਤੀ ਆਪਣੇ ਜਨਨ ਤੱਤਾਂ ਤੋਂ ਬਾਹਰੀ ਕਿਸੇ ਵੀ ਹੋਣੀ ਦਾ ਅਧਿਕਾਰੀ ਨਹੀਂ ਹੈ। ਇਹ ਜਨਨ ਤੱਤ ਹੀ ਉਸਦੀ ਕਿਸਮਤ ਉਲੀਕਦੇ ਹਨ ਅਤੇ ਇਹਨਾਂ ਦੇ ਪ੍ਰਗਟਾਵੇ ਹੀ ਉਸਦੀ ਤਕਦੀਰ ਬਣਦੇ ਹਨ।

ਅਸਲ ਵਿਚ ਰੂਹ ਫਾਰਸੀ ਦਾ ਸ਼ਬਦ ਹੈ ਜਿਸਦੇ ਅਰਥ ਹਨ ਸਾਹ। ਜਦ ਮਨੁੱਖ ਅਜੇ ਸੱਭਿਅਤਾ ਦੀ ਪਹਿਲੀ ਸਟੇਜ 'ਤੇ ਸੀ ਸਾਹ ਹੀ ਉਸ ਲਈ ਸਭ ਤੋਂ ਅਹਿਮ ਸਨ। ਉਹ ਵਾਰ ਵਾਰ ਆਪਣੇ ਨਿੱਕੇ ਬੱਚਿਆਂ ਨੂੰ ਦੇਖਦਾ ਸੀ ਕਿ ' ਇਸਦੇ ਸਾਹ ਚੱਲ ਰਹੇ ਹਨ ਕਿ ਨਹੀਂ। ਉਸਨੂੰ ਡਰ ਸਤਾਉਂਦਾ ਰਹਿੰਦਾ ਸੀ ਕਿ ਕਿਤੇ ਸਾਹ ਮੁੱਕ ਨਾ ਜਾਣ। ਇਸ ਲਈ ਪੁਰਾਣੀਆਂ ਪਰੀ ਕਥਾਵਾਂ ਵਿਚ ਜ਼ਿਕਰ ਆਉਂਦਾ ਹੈ ਕਿ ਫਲਾਣੇ ਵਿਅੱਕਤੀ ਦੇ ਸਾਹ ਸਰਾਲ ਪੀ ਗਈ ਅਤੇ ਫਿਰ ਸਰਾਲ ਵਲੋਂ ਇਹ ਸਾਹ ਵਾਪਸ ਕਰਨ ਦਾ ਜ਼ਿਕਰ ਅਨੇਕਾਂ ਕਹਾਣੀਆਂ ਵਿਚ ਆਉਂਦਾ ਹੈ । ਜਦੋਂ ਕਿ ਅੱਜ ਅਸੀਂ ਜਾਣਦੇ ਹਾਂ ਕਿ ਦਿਲ ਦੀ ਧੜਕਣ ਨਾਲ ਲਹੂ ਰਗਾਂ 'ਚ ਦੌੜਦਾ ਹੈ , ਫੇਫੜੇ ਸੁੰਗੜ ਫੈਲ ਕੇ ਸਾਹ ਅੰਦਰ ਬਾਹਰ ਕੱਢਦੇ ਰਹਿੰਦੇ ਹਨ। ਬੀਮਾਰ ਵਿਅੱਕਤੀ ਦੇ ਸਾਹ ਆਕਸੀਜਨ ਲਾ ਕੇ ਵੀ ਕਿੰਨੇ ਦਿਨ ਚਲਦੇ ਰੱਖੇ ਜਾ ਸਕਦੇ ਹਨ। ਇਸੇ ਸਾਹ ਦੀ ਮਹੱਤਤਾ ਨੂੰ ਸਮਝਦਿਆਂ ਪੁਰਾਤਨ ਮਨੁੱਖ ਨੇ ਵਾਰ ਵਾਰ ਸਾਹਾਂ ਦਾ ਜ਼ਿਕਰ ਕੀਤਾ । ਧਾਰਮਿਕ ਲੋਕਾਂ ਨੇ ਇਸ ਨੂੰ ਨਵੀਂ ਰੰਗਤ ਦੇ ਕੇ ਕਿਹਾ ਕਿ ਸਾਹ ਤਾਂ ਵਿਧਮਾਤਾ ਨੇ ਧੁਰੋਂ ਹੀ ਲਿਖ ਕੇ ਭੇਜਦੀ ਹੈ। ਜਿੰਨੇ ਸਾਹ ਲਿਖੇ ਹਨ ਉਸਤੋਂ ਨਾ ਵੱਧ ਨਾ ਘਟ ਮਨੁੱਖ ਸਾਹ ਲੈ ਹੀ ਨਹੀਂ ਸਕਦਾ।

ਹੌਲੀ ਹੌਲੀ ਸਾਹ ਨੂੰ ਰੂਹ ਵਿਚ ਬਦਲ ਦਿਤਾ ਗਿਆ । ਰੂਹ ਆਤਮਾ ਦੇ ਜ਼ਿਕਰ ਤੋਂ ਬਾਅਦ ਪੁਨਰਜਨਮ ਦਾ ਫਲਸਫਾ ਘੜਿਆ ਗਿਆ। ਜਦੋਂ ਕਿ ਇਸਾਈ ਅਤੇ ਮੁਸਲਮਾਨਾਂ ਵਿਚ ਪੁਨਰ ਜਨਮ ਨਹੀਂ। ਇਸ ਲਈ ਮੁਰਦੇ ਨੂੰ ਸਾੜਦੇ ਨਹੀਂ ਦਫ਼ਨਾਉਂਦੇ ਹਨ। ਉਹਨਾਂ ਦੇ ਪੁਜਾਰੀਆਂ ਨੇ ਕਿਆਮਤ ਦਾ ਫਲਸਫਾ ਘੜ ਲਿਆ । ਕਿਆਮਤ ਭਾਵ ਇਸ ਧਰਤੀ 'ਤੇ ਜ਼ਿੰਦਗੀ ਦਾ ਅੰਤ ਹੋਕੇ ਪਰਲੋ ਆਉਣੀ। ਉਹਨਾਂ ਕਿਹਾ ਕਿਆਮਤ ਦੇ ਦਿਨ ਸਾਰੇ ਮੁਰਦੇ ਕਬਰਾਂ 'ਚੋਂ ਨਿਕਲ ਕੇ ਖੜ੍ਹੇ ਹੋ ਜਾਣਗੇ ਅਤੇ ਖ਼ੁਦਾ, ਰੱਬ, ਗੌਡ ਉਹਨਾਂ ਤੋਂ ਕਰਮਾਂ ਦਾ ਹਿਸਾਬ ਲਵੇਗਾ। ਹਿੰਦੂ ਮਿਥਿਆਲੋਜੀ ਵਿਚ ਰੂਹ ਰਾਹੀਂ ਪੁਨਰ ਜਨਮ ਦਾ ਸਿਧਾਂਤ ਘੜ ਕੇ ਦਾਨ ਪੁੰਨ 'ਤੇ ਜੋਰ ਦਿਤਾ ਗਿਆ ਤਾਂ ਕਿ ਮਰਨ ਤੋਂ ਬਾਅਦ ਵਿਅੱਕਤੀ ਦੀ ਰੂਹ ਕਿਸੇ ਚੰਗੇ ਅਮੀਰ ਆਦਮੀ (ਰਾਜੇ ਵਜ਼ੀਰ) ਦੇ ਘਰ ਜਨਮ ਲਵੇਗੀ। ਇਥੇ ਚੰਗਾ ਅਮੀਰਾਂ ਅਤੇ ਰਾਜਿਆਂ ਨੂੰ ਹੀ ਕਿਹਾ ਗਿਆ ਹੈ। ਤਾਹੀਂ ਕਹਿੰਦੇ ਹਨ ਕਿ 'ਤਪੋਂ ਰਾਜ ਰਾਜੋਂ ਨਰਕ'। ਭਾਵ ਰਾਜ ਤਪ ਕਰਕੇ ਮਿਲਦਾ ਹੈ। ਅੱਜ ਸਾਰੇ ਹੀ ਜਾਣਦੇ ਹਾਂ ਕਿ ਮੌਜੂਦਾ ਰਾਜਿਆਂ ਨੇ (ਮੋਦੀ ਬਾਦਲ ਅਤੇ ਅੰਬਾਨੀ, ਟਾਟੇ ਬਿਰਲੇ) ਕਿਹੋ ਜਿਹਾ ਤਪ ਕੀਤਾ ਹੈ ਅਤੇ ਕਿਹੋ ਜਿਹਾ ਕਰੀ ਜਾ ਰਹੇ ਹਨ।

ਅਸਲ ਵਿਚ ਹਰ ਧਰਮ, ਮਜ਼ਹਬ ਡਰ ਦਾ ਬਿਜ਼ਨਿਸ ਕਰਦਾ ਹੈ। ਕਿਰਤੀ ਮਨੁੱਖ ਦੀ ਕਿਰਤ ਲੁੱਟਣ ਵਾਸਤੇ ਉਸਨੂੰ ਡਰਾਉਣਾ (ਨਰਕਾਂ ਅਤੇ ਮਾੜੀਆਂ ਜੂਨਾਂ ਦਾ ਡਰ) ਅਤੇ ਲਾਲਚ ਦੇਣਾ (ਸੁਰਗ ਅਤੇ ਅਮੀਰਾਂ ਦੇ ਘਰ ਜਨਮ ਦਾ ਲਾਲਚ) ਜਰੂਰੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡਾ ਦਿਮਾਗ ਸਾਡੇ ਸਰੀਰ ਦਾ ਅਨਿਖੜਵਾਂ ਅੰਗ ਹੈ। ਇਸ ਦਿਮਾਗ ਵਿਚ ਮਨ ਵਿਕਸਤ ਹੁੰਦਾ ਹੈ। ਜਮਾਂਦਰੂ ਬੱਚੇ ਦਾ ਦਿਮਾਗ ਕੋਰੀ ਸਲੇਟ ਹੁੰਦਾ ਹੈ । ਜਿਵੇਂ ਜਿਵੇਂ ਦਿਮਾਗ ਕ੍ਰਿਆ ਕਰਦਾ ਹੈ ਤਾਂ ਮਨ ਵਿਕਸਤ ਹੋਣ ਲਗਦਾ ਹੈ । ਜਦੋਂ ਕੋਈ ਵਿਅੱਕਤੀ ਕਹਿੰਦਾ ਹੈ ਕਿ ਮੇਰੀ ਜ਼ਮੀਰ ਨਹੀਂ ਮੰਨਦੀ ਜਾਂ ਜਿਉਂਦੀ, ਜਾਗਦੀ ਜ਼ਮੀਰ ਅਤੇ ਮਰੀ ਜ਼ਮੀਰ ਦਾ ਜ਼ਿਕਰ ਹੁੰਦਾ ਹੈ ਤਾਂ ਇਥੇ ਵੀ ਭਾਵ ਮਨ ਤੋਂ ਹੀ ਹੁੰਦਾ ਹੈ। ਵੈਸੇ ਤਾਂ ਸਾਡਾ ਸਾਰਾ ਸਰੀਰ ਹੀ ਪਦਾਰਥ ਦਾ ਬਣਿਆ ਹੋਇਆ ਹੈ ਪਰ ਦਿਮਾਗ ਪਦਾਰਥ ਦਾ ਸਭ ਤੋਂ ਸੁਧਰਿਆ ਹੋਇਆ ਰੂਪ ਹੈ।



ਬਕੌਲ ਡਾ: ਸੁਰਜੀਤ ਸਿੰਘ ਢਿੱਲੋਂ 'ਮਨੁੱਖ ਦੇ ਵਿਚਾਰ, ਇਸਦੀ ਕਲਪਨਾ,ਇਸਦੀ ਹਉਮੈ ਦਿਮਾਗ ਦੇ ਅੰਦਰਲੀ ਉਧੇੜਬੁਣ ਦਾ ਹੀ ਸਿੱਟਾ ਹੁੰਦੇ ਹਨ। ਸਵਾਲ ਉਠਦਾ ਹੈ ਕਿ ਕੀ ਦਿਮਾਗ ਦੇ ਮਿਟ ਜਾਣ ਤੋਂ ਬਾਅਦ ਇਸ 'ਚੋਂ ਝਾਕਦਾ ਕੁਝ ਵੀ ਪਿੱਛੇ ਰਹਿ ਜਾਂਦਾ ਹੈ ? ਅਮਰ ਅਤੇ ਅਮਿਟ ਰਹਿਣ ਦੀ ਮਨੁੱਖ ਦੀ ਆਦਿ ਕਾਲ ਤੋਂ ਪ੍ਰਬਲ ਇੱਛਾ ਰਹੀ ਹੈ। ਮਨੁੱਖ ਸਦਾ ਸਦਾ ਲਈ ਇਥੇ ਰਹਿਣਾ ਚਾਹੁੰਦਾ ਹੈ । ਇਸੇ ਲਈ ਉਸਨੇ ਆਤਮਾ ਦੀ ਕਲਪਨਾ ਕਰਕੇ ਇਹ ਕਬੂਲ ਕਰ ਲਿਆ ਕਿ ਸਰੀਰ ਆਤਮਾ ਦੇ ਰਹਿਣ ਦਾ ਸਥਾਨ ਹੈ। ਉਹ ਆਤਮਾ ਜਿਹੜੀ ਅਮਰ ਹੈ, ਅਮਿੱਟ ਹੈ ਅਤੇ ਅਨੰਤ ਹੈ। ਅਸਲ ਗੱਲ ਇਹ ਹੈ ਕਿ ਜੋ ਉਪਜਿਆ ਸੋ ਬਿਨਸ ਹੈ। ਇਹ ਸਰੀਰ , ਮਨ ਆਤਮਾ ਜੋ ਵੀ ਨਾਮ ਅਸੀਂ ਦੇ ਲਈ ਸਭ ਬਿਨਸਣ ਹਾਰੇ ਹਨ। ਹਾਂ ਇਕ ਗੱਲ ਹੈ ਕਿ ਰਹਿੰਦੇ ਵੀ ਹਾਂ ਅਸੀਂ, ਪਰ ਰੂਪ ਬਦਲ ਕੇ। ਜਿਵੇਂ ਸਾਡੇ ਪੂਰਵਜ ਆਪਣੇ ਜੀਨੋਮ ਤੱਤਾਂ ਰਾਹੀਂ ਸਾਡੇ 'ਚ ਜੀ ਰਹੇ ਹਨ ਅਤੇ ਇਸ ਤਰ੍ਹਾਂ ਅਸੀਂ ਆਪਣੇ ਬੱਚਿਆਂ 'ਚ ਜਿਉਂਦੇ ਰਹਾਂਗੇ। 'ਜ਼ਿੰਦਗੀ ਖਤਮ ਨਾ ਹੋਂਵਦੀ, ਲੱਗਣ ਨਹੀਂ ਬਰੇਕ। ਇਕ ਰੁੱਖ ਬੀਜ ਹਜਾਰ ਦੇ ਬਦਲੇ ਰੰਗ ਅਨੇਕ। ਅਸੀਂ ਵੀ ਹੈ ਮਰ ਜਾਵਣਾ ਆਪਣੇ ਪਿਤਰਾਂ ਵਾਂਗ, ਔਲਾਦ ਅਸਾਡੀ ਪੁਟੇਗੀ ਅੱਗੇ ਹੋਰ ਪੁਲਾਂਘ। ਜੱਗ ਰਚਨਾ ਸਭ ਸੱਚ ਹੈ, ਝੂਠ ਨਾ ਇਸਦੇ ਗੀਤ, ਇਹ ਰਚਨਾ ਥਿਰ ਰਹੇਗੀ ਅਸੀਂ ਜਾਵਾਂਗੇ ਬੀਤ।

# ਧੱਕੇਸ਼ਾਹੀ



ਧੱਕੇਸ਼ਾਹੀ ਦੀ ਪ੍ਰੀਭਾਸ਼ਾ ਘੋਖਦਿਆਂ ਸਮਝ ਲਗਦੀ ਹੈ ਕਿ ਜਦੋਂ ਅਸੀਂ ਅਜੇ ਪੰਜ ਜਾਂ ਛੇ ਸਾਲ ਦੇ ਹੀ ਹੁੰਦੇ ਹਾਂ ਤਾਂ ਸਾਨੂੰ ਇਹ ਸੋਝੀ ਆ ਜਾਂਦੀ ਹੈ ਕਿ ਕਿਸੇ ਨਾਲ ਹਮਦਰਦੀ ਕਿਵੇਂ ਕਰਨੀ ਹੈ ਅਤੇ ਇਸ ਉਮਰ ਵਿਚ ਇਸੇ ਕਰਕੇ ਕਿਸੇ ਹੋਰ ਹਮਉਮਰ ਨਾਲ ਕੋਈ ਕੁੱਟਮਾਰ ਕਰ ਰਿਹਾ ਹੋਵੇ ਤਾਂ ਅਸੀਂ ਰੋਣ ਲੱਗ ਜਾਂਦੇ ਹਾਂ। ਇਨਸਾਫ, ਗਲਤ, ਝੂਠ, ਬੇਇਨਸਾਫੀ ਅਤੇ ਕਿਸੇ ਨਾਲ ਹੋ ਰਹੇ ਧੱਕੇ ਬਾਰੇ ਵੀ ਅਸੀਂ ਜਾਨਣਾ ਸ਼ੁਰੂ ਕਰ ਦਿੰਦੇ ਹਾਂ ਕਿ ਇਹ ਗੱਲ ਠੀਕ ਨਹੀਂ ਹੈ ਅਤੇ ਇਸ ਤਰ੍ਹਾਂ ਦਾ ਵਰਤਾਵ ਉਹ ਵੱਡੇ ਲੋਕ ਪਸੰਦ ਨਹੀਂ ਕਰਦੇ ਜੇਹਨਾਂ ਦੀ ਮੈਂ ਇੱਜ਼ਤ ਕਰਦਾ ਹਾਂ ਅਤੇ ਉਹ ਲੋਕ ਵੀ ਜਿਹੜੇ ਮੇਰੇ ਲਈ ਬਹੁਤ ਹੀ ਜ਼ਿਆਦਾ ਮਹੱਤਵਪੂਰਨ ਹਨ। ਧੱਕੇ ਸ਼ਾਹੀ ਵਾਲੇ ਵਰਤਾਵ ਨਾਲ ਸਾਨੂੰ ਇਹਨਾਂ ਲੋਕਾਂ ਦੀਆਂ ਨਜ਼ਰਾਂ ਤੋਂ ਗਿਰਾ ਦੇਣ ਵਾਲਾ ਡਰ ਵੀ ਸਾਨੂੰ ਲੱਗ ਜਾਂਦਾ ਹੈ। ਇਸੇ ਕਰਕੇ "ਚੰਗਾ ਬੱਚਾ" ਬਣਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਕੁੱਝ ਬੱਚੇ ਦੂਜਿਆਂ ਦੇ ਅਹਿਸਾਸ, ਭਾਵਨਾਵਾਂ ਦੀ ਹੀ ਪ੍ਰਵਾਹ ਨਹੀਂ ਕਰਦੇ ਸਗੋਂ ਆਪਣੇ ਅਹਿਸਾਸ, ਭਾਵਨਾਵਾਂ ਤੋਂ ਵੀ ਦੂਰ ਹੋ ਜਾਂਦੇ ਹਨ ਕਿਉਂਕਿ ਉਹਨਾਂ ਨਾਲ ਮਾੜਾ ਵਰਤਾਵ ਹੋਇਆ ਹੁੰਦਾ ਹੈ ਅਤੇ ਇਸੇ ਕਰਕੇ ਧੱਕੇਸ਼ਾਹੀ ਵਾਲੇ ਵਰਤਾਵ ਵੱਲ ਖਿੱਚੇ ਜਾਂਦੇ ਹਨ। ਅੰਗਰੇਜ਼ੀ ਵਿਚ ਇਹਨੂੰ ਬੁਲੀਇੰਗ (Bullying) ਕਿਹਾ ਜਾਂਦਾ ਹੈ। ਬਚਪਨ ਦ ਮਾੜੇ ਤਜ਼ੁਰਬੇ ਇਹਨਾਂ ਬੱਚਿਆਂ ਨੂੰ ਬਾਅਦ ਵਿਚ ਧੱਕੜ ਕਿਸਮ ਦੇ ਇਨਸਾਨ ਬਣਾ ਦਿੰਦੇ ਹਨ ਅਤੇ ਉਹ ਕਈ ਤਰ੍ਹਾਂ ਦੇ ਜ਼ੁਲਮਾਂ ਵਿਚ ਫਸ ਜਾਂਦੇ ਹਨ। ਉਹਨਾਂ ਨੂੰ ਇਹ ਅਹਿਸਾਸ ਨਹੀਂ ਰਹਿੰਦਾ ਕਿ ਉਹ ਜਿਉਂਦੇ ਜੀਵਾਂ ਦਾ ਜੀਉਣਾ ਮੁਹਾਲ ਕਰ ਦਿੰਦੇ ਹਨ ਜਿਸ ਨਾਲ ਉਹ ਲੋਕ ਸਾਰੀ ਉਮਰ ਉਦਾਸੀ ਅਤੇ ਸਵੈਹੀਣਤਾ ਦਾ ਸੰਤਾਪ ਭੋਗਦੇ ਰਹਿੰਦੇ ਹਨ।

ਇਨਸਾਨ ਦੀਆਂ ਸਰੀਰਕ ਅਤੇ ਮਾਨਸਿਕ ਬੁਨਿਆਦੀ ਲੋੜਾਂ ਦੀ ਘਾਟ, ਉਹਨੂੰ ਕਈ ਤਰ੍ਹਾਂ ਦੀਆਂ ਅਲਾਮਤਾ ਲੁਆਉਂਦੀ ਹੈ। ਧੱਕੜ, ਚੋਰ, ਬਦਮਾਸ਼, ਨਖੱਟੂ, ਕਾਤਲ, ਹੇਰਾਫੇਰੀਆਂ ਕਰਨ ਵਾਲੇ ਅਤੇ ਜਾਲਮ ਲੋਕ, ਜੰਮਦੇ ਹੀ ਇਸ ਤਰ੍ਹਾਂ ਦੇ ਨਹੀਂ ਹੁੰਦੇ। ਸਗੋਂ ਜੰਮਣ ਤੋਂ ਬਾਅਦ ਜੇਹੜੇ ਲੋਕਾਂ ਨਾਲ ਉਹ ਬੱਚੇ ਦਾ ਵਾਸਤਾ ਪੈਂਦਾ ਹੈ, ਉਹ ਉਹਦੇ ਐਹੋ ਜੇਹੇ ਵਰਤਾਵ ਦੇ ਜ਼ੁੰਮੇਵਾਰ ਹੁੰਦੇ ਹਨ। ਇਹ ਹੀ ਕਾਰਨ ਹੈ ਕਿ ਮਨੋਵਿਗਿਆਨਕ ਇਸ ਗੱਲ ਨੂੰ ਮੰਨਦੇ ਹਨ ਕਿ ਸਾਡਾ ਬਚਪਨ ਯਾਨੀ ਕਿਸੇ ਮਕਾਨ ਦੀ ਨੀਂਹ ਬਹੁਤ ਸੁਰੱਖਿਅਤ, ਮਜ਼ਬੂਤ ਅਤੇ ਹੰਢਣਸਾਰ ਹੋਣੀ ਚਾਹੀਦੀ ਹੈ। ਸ਼ੁਖ਼ਸੀਅਤ ਰੂਪੀ ਮਕਾਨ ਲਈ ਭਰਪੂਰ ਪਿਆਰ, ਸਵੈਮਾਣ, ਇੱਜ਼ਤ, ਹੋਂਦ ਦੀ ਇੱਜ਼ਤ, ਅਤੇ ਕਦਰ ਕਰਨੀ ਆਦਿ (ਇਕ ਸਤੁੰਲਤ ਸ਼ਖ਼ਸ਼ੀਅਤ ਵੱਲ) ਅਹਿਮ ਜ਼ਰੂਰਤਾਂ ਹਨ। ਜਦ ਇਹਨਾਂ ਵਿਚ ਘਾਟ ਰਹਿ ਜਾਂਦੀ ਹੈ ਤਾਂ ਅਸੀਂ ਸਮਾਜ ਵਿੱਚ ਉਹਨਾਂ ਇਨਸਾਨਾਂ ਨੂੰ ਵੱਖਰਿਆਂ ਕਰਦੇ ਹਾਂ ਜੇਹਨਾਂ ਤੇ ਅਸੀਂ ਕਾਨੂੰਨਾਂ ਅਤੇ ਸਮਾਜਿਕ ਕਦਰਾਂ ਕੀਮਤਾਂ ਰਾਹੀਂ ਬੰਦਸ਼ਾਂ ਅਤੇ ਵਲਗਣਾਂ ਲਾਉਂਦੇ ਹਾਂ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਇਸ ਸਾਰੇ ਤਾਣੇ ਬਾਣੇ ਵਿਚ "ਤਾਕਤ ਦੀ ਧੌਂਸ" ਬਹੁਤ ਵੱਡਾ ਰੋਲ ਅਦਾ ਕਰਦੀ ਹੈ ਅਤੇ ਇਹ ਧੌਂਸ ਅਸੀਂ ਆਪਣੇ ਵਰਤਾਵ ਰਾਹੀਂ ਜ਼ਾਹਿਰ ਕਰਦੇ ਹਾਂ। ਇਸ ਧੌਂਸ ਦਾ ਸਰੋਤ ਸਾਡੀ ਸੋਚ ਹੁੰਦੀ ਹੈ ਜੇਹਨੂੰ ਸਾਡੇ ਮਾਂ ਬਾਪ, ਰਿਸ਼ਤੇਦਾਰਾਂ, ਦੋਸਤਾਂ, ਸਮਾਜ, ਧਾਰਮਿਕ ਕਾਇਦੇ ਕਾਨੂੰਨਾਂ ਆਦਿ ਨੇ ਮੋਹਰ ਲਾ ਕੇ ਪੱਕਿਆਂ ਕੀਤਾ ਹੁੰਦਾ ਹੈ। ਇਸ ਸੋਚ ਵਿਚ ਪੜ੍ਹਾਈ ਲਿਖਾਈ, ਸਿੱਖਿਆ, ਅਖਬਾਰਾਂ, ਕਿਤਾਬਾਂ, ਰੇਡੀਓ, ਟੀ. ਵੀ. ਆਦਿ ਨੇ ਵੀ ਹਿਸਾ ਪਾਇਆ ਹੁੰਦਾ ਹੈ। ਇਸ ਸੋਚ ਦੇ ਸਾਡੇ ਤੇ ਦਿਨ ਰਾਤ, ਵਾਰ ਵਾਰ ਪੋਚੇ ਫੇਰੇ ਜਾਂਦੇ ਹਨ ਅਤੇ ਰੋਗਨ ਵਾਂਗ ਇਸ ਸੋਚ ਦੀਆਂ ਤਹਿਆਂ ਸਾਡੇ 'ਤੇ ਚੜ੍ਹ ਜਾਂਦੀਆਂ ਹਨ। ਇਹ ਸੋਚ ਤੋਂ ਬਾਅਦ ਅਸੀਂ ਕੰਮ ਕਰਦੇ ਹਾਂ। ਵਾਰ ਵਾਰ ਉਹ ਕੰਮ ਕਰਨ ਤੋਂ ਬਾਅਦ, ਸਾਡੀ ਫਿਰ ਆਦਤ ਬਣ ਜਾਂਦੀ ਹੈ ਅਤੇ ਫਿਰ ਆਦਤ ਤੋਂ ਬਾਅਦ ਸਾਡਾ ਅਨਿਖੜਵਾਂ ਵਰਤਾਵ ਬਣ ਜਾਂਦਾ ਹੈ। ਇਹ ਵਰਤਾਵ ਅਗਰ ਸਮੂਹ ਦਾ ਹੋਵੇ ਤਾਂ ਪ੍ਰਮਾਣਿਤ ਹੋ ਕੇ ਸੱਭਿਆਚਾਰ ਦਾ ਅਟੁੱਟਵਾਂ ਅੰਗ ਹੋ ਨਿਬੜਦਾ ਹੈ। ਇਹ ਹੀ ਕਾਰਨ ਹੈ ਕਿ ਸਾਡੇ ਸਮਾਜ ਦੀਆਂ ਗਲਤ ਗੱਲਾਂ ਸਦੀਆਂ ਦਰ ਸਦੀਆਂ ਚੱਲਦੀਆਂ ਆ ਰਹੀਆਂ ਹਨ ਅਤੇ ਅਸੀਂ ਖਾਮੋਸ਼ੀ ਨਾਲ ਉਹਨਾਂ ਨੂੰ ਮੰਨਦੇ ਆ ਰਹੇ ਹਾਂ। ਉਹਨਾਂ ਗਲਤ ਰੀਤੀ ਰਿਵਾਜ਼ਾਂ ਤੇ ਕਿੰਤੂ ਕਰਨ ਨਾਲ ਸਾਨੂੰ ਅਲੱਗ ਬਣਨਾ ਪੈਂਦਾ ਹੈ ਅਤੇ ਇਸ ਨੂੰ ਰੋੜ੍ਹਨਾ ਵੀ ਕਈ ਵਾਰ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਸਾਡੀ ਸੋਚ ਤੇ ਬਹੁਤ ਸਾਲਾਂ ਦੇ ਵਾਰ ਵਾਰ ਰੋਗਨ ਕੀਤੇ ਗਏ ਹੁੰਦੇ ਹਨ ਅਤੇ ਸੋਚ ਤਹਿ ਦਰ ਤਹਿ ਚੜ੍ਹੀ ਹੋਣ ਕਰਕੇ ਉਸ ਖੋਲ ਨੂੰ ਤੋੜਨਾ ਸੁਖਾਲਾ ਨਹੀਂ ਹੁੰਦਾ ਹੈ। ਇਹ ਸਮੂਹ ਦਾ ਵਰਤਾਵ "ਧੱਕੇਸ਼ਾਹੀ" ਜਾਂ "ਬੁਲੀਇੰਗ" ਦਾ ਰੂਪ ਅਖਤਿਆਰ ਕਰ ਲੈਂਦਾ ਹੈ।

ਜੋ ਲੋਕ ਇਸ ਧੱਕੇਸ਼ਾਹੀ ਦੇ ਸ਼ਿਕਾਰ ਹੁੰਦੇ ਹਨ, ਉਹ ਵੀ ਕਈ ਵਾਰ ਭਾਣਾ ਮੰਨ ਕੇ ਬੈਠੇ ਰਹਿੰਦੇ ਹਨ ਅਤੇ ਇਸ ਨੂੰ ਆਪਣੀ ਹੋਣੀ ਮੰਨ ਬੈਠਦੇ ਹਨ। ਪਰ ਕੁੱਝ ਚੇਤੰਨ ਲੋਕ, ਇਸ ਧੱਕੇਸ਼ਾਹੀ ਦੇ ਖਿਲਾਫ਼ ਉਠ ਖੜ੍ਹਦੇ ਹਨ ਅਤੇ ਉਹ ਹੀ ਲੋਕ ਹੁੰਦੇ ਹਨ ਜੋ ਸਮਾਜ ਵਿਚ ਤਬਦੀਲੀ ਲਿਆਉਂਦੇ ਹਨ।

ਅਸੀਂ ਧੱਕੇਸ਼ਾਹੀ ਦੇ ਖਿਲਾਫ ਕਈ ਵਾਰ ਖੜ੍ਹਦੇ ਨਹੀਂ ਹਾਂ, ਕਿਉਂਕਿ ਸਿੱਧੇ ਤੌਰ 'ਤੇ ਇਹਦਾ ਅਸਰ ਸਾਡੇ ਤੇ ਸ਼ਾਇਦ ਨਾ ਪੈਂਦਾ ਹੋਵੇ। ਪਰ ਜੋ ਵਰਗ ਇਹਦਾ ਸ਼ਿਕਾਰ ਹੁੰਦਾ ਹੈ, ਉਹਦੇ ਲਈ ਇਨਸਾਫ ਅਤੇ ਦਬਾਅ ਭਾਵਨਾ ਦਾ ਅਹਿਸਾਸ ਨਾ ਹੋਣਾ, ਸਾਨੂੰ 'ਵਧੀਆ ਇਨਸਾਨ' ਕਹਾਉਣ ਤੋਂ ਦੂਰ ਕਰਦਾ ਹੈ।

ਧੱਕੇਸ਼ਾਹੀ ਦੇ ਵਰਗ ਵਿਚ ਅਗਰ ਅਸੀਂ ਭਾਰਤੀ ਸਮਾਜ ਦੀ ਗੱਲ ਕਰੀਏ ਤਾਂ ਗੱਲ ਸਾਫ ਨਿਤਰ ਕੇ ਸਾਹਮਣੇ ਆ ਜਾਂਦੀ ਹੈ ਕਿ ਇਹਦਾ ਸ਼ਿਕਾਰ ਔਰਤਾਂ, ਅਪਾਹਜ਼ ਲੋਕ, ਅਖੌਤੀ ਛੋਟੀਆਂ ਜਾਤਾਂ, ਘੱਟ ਗਿਣਤੀ ਕਬੀਲੇ ਅਤੇ ਵੱਖਰੇ ਕਾਮ ਸਬੰਧਾਂ ਵਾਲੇ ਆਦਿ ਲੋਕ ਹੋ ਸਕਦੇ ਹਨ।

ਧੱਕੇਸ਼ਾਹੀ ਅਤੇ ਬੁਲੀਇੰਗ ਕਰਕੇ ਇਹਨਾਂ ਸ਼ਿਕਾਰ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸੇਹਤ ਤੇ ਤਾਂ ਅਸਰ ਪੈਂਦਾ ਹੀ ਹੈ ਸਗੋਂ ਉਹਨਾਂ ਦੀ ਪੜ੍ਹਾਈ ਲਿਖਾਈ, ਨੌਕਰੀਆਂ, ਰੁਜ਼ਗਾਰ, ਰਿਸ਼ਤੇ ਨਾਤਿਆਂ, ਤਰੱਕੀਆਂ ਅਤੇ ਸਮਾਜਿਕ ਰੁਤਬਿਆਂ ਤੇ ਵੀ ਪੈਰ ਪੈਰ ਤੇ ਰੋਕਾਂ ਲਗਦੀਆਂ ਹਨ।

ਇਹ ਧੱਕੇਸ਼ਾਹੀ ਵਾਰ ਵਾਰ ਅਤੇ ਜਿਥੇ ਕਿਤੇ ਵੀ ਮੌਕਾ ਮਿਲੇ ਬੋਲ ਕੇ, ਜਤਾ ਕੇ, ਤਾਹਣੇ ਮਿਹਣੇ ਦੇ ਕੇ ਅਤੇ ਫਤਵੇ ਦੇ ਕੇ ਕੀਤੀ ਜਾਂਦੀ ਹੈ। ਮਾਨਸਿਕ ਤੌਰ ਤੇ ਹਰ ਪਲ ਸ਼ਖ਼ਸ਼ੀਅਤਾਂ ਦਾ ਕਤਲ ਕੀਤਾ ਜਾਂਦਾ ਹੈ। ਇਹ ਹੀ ਕਾਰਣ ਹੈ ਕਿ ਸ਼ਿਕਾਰ ਹੋਏ ਲੋਕ, ਘੋਰ ਉਦਾਸੀ ਦੇ ਰੋਗਾਂ ਤੋਂ ਬਿਨਾਂ ਹੋਰ ਕਈ ਮਾਨਸਿਕ ਅਲਾਮਤਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਕਈ ਵਾਰ ਮਹਿਸੂਸ ਕਰਦੇ ਹਨ ਕਿ 'ਐਹੋ ਜਿਹੀ ਜ਼ਿੰਦਗੀ ਖੁਣੋਂ ਕੀ ਥੁੜਿਐ ਅਤੇ ਆਤਮ ਹੱਤਿਆ ਕਰ ਲੈਂਦੇ ਹਨ।

ਬੱਚੀ ਦਾ ਪਤਾ ਲੱਗਣ ਤੇ ਪੇਟ ਵਿਚ ਹੀ ਉਹਦੇ ਨਾਲ ਧੱਕੇਸ਼ਾਹੀ ਹੋਣੀ ਸ਼ੁਰੂ ਹੋ ਜਾਂਦੀ ਹੈ। ਉਹਦੀ ਹੋਂਦ ਦਾ ਖਾਤਮਾ ਕਰਨ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਖੁਆਈਆਂ ਜਾਂਦੀਆਂ ਹਨ ਅਤੇ ਢੰਗ ਤਰੀਕੇ ਵਰਤੇ ਜਾਂਦੇ ਹਨ ਤਾਂ ਕਿ ਉਹਨੂੰ ਸੰਸਾਰ ਵਿਚ ਆਉਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਵੇ। ਪਰ ਅਸੀਂ ਕਦੇ ਇਹ ਨਹੀਂ ਕੀਤਾ ਕਿ ਮੁੰਡੇ ਨੂੰ ਪੇਟ ਵਿਚ ਮਾਰ ਦਿੱਤਾ ਜਾਵੇ। ਇਹ ਧਾਰਨਾ ਸਾਡੀ ਸੋਚ, ਕੰਮ, ਵਰਤਾਵ ਤੋਂ ਪਨਪ ਕੇ ਸਮਾਜ ਵਿਚ ਇਕ ਆਮ ਵਰਤਾਰਾ ਬਣ ਗਿਆ ਹੁੰਦਾ ਹੈ। ਇਹ ਵਿਤਕਰਾ ਅਤੇ ਧੱਕੇਸ਼ਾਹੀ ਬੱਚੀ ਦੇ ਜਨਮ ਦਿਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਅਗਰ ਇਹ ਗੱਲ ਨਾ ਹੋਵੇ ਤਾਂ ਅਸੀਂ ਭਰੂਣ

ਹੱਤਿਆ ਨਾ ਕਰੀਏ। ਜੋ ਬੱਚੀਆਂ ਜਨਮ ਲੈਂਦੀਆਂ ਹਨ ਉਹਨਾਂ ਦੀ ਆਮਦ ਤੇ ਕਿਸੇ ਖੁਸ਼ੀ ਦਾ ਇਜ਼ਹਾਰ ਨਹੀਂ ਕੀਤਾ ਜਾਂਦਾ। ਮਠਿਆਈਆਂ ਵੰਡਣੀਆਂ, ਵਧਾਈਆਂ ਦੇਣੀਆਂ ਅਤੇ ਪਾਰਟੀਆਂ ਆਦਿ ਨਹੀਂ ਕੀਤੀਆਂ ਜਾਂਦੀਆਂ। ਸਗੋਂ ਇਹ ਕਿਹਾ ਜਾਂਦਾ ਹੈ ਕਿ 'ਪੱਥਰ ਜੰਮ ਪਿਆ' ਘਰ ਵਿਚ ਮਾੜੀ ਚੀਜ਼ ਆਈ ਆ, ਕਬੀਲਦਾਰੀ ਦਾ ਬੋਝ ਵੱਧ ਗਿਆ ਹੈ ਆਦਿ। ਘਰ ਵਿਚ ਹੀ ਉਹਦੇ ਨਾਲ ਮੁੰਡੇ ਦੇ ਮੁਕਾਬਲੇ 'ਚ ਖਾਨ ਪੀਨ ਦਾ, ਕੰਮਕਾਰ 'ਚ ਹੱਥ ਵਟਾਉਣ ਦਾ, ਦੁਆ ਦਾਰੂ, ਪੜ੍ਹਾਈ ਅਤੇ ਬਾਹਰ ਫਿਰਨ ਤੁਰਨ ਤੇ ਹਰ ਵੇਲੇ ਵਿਤਕਰਾ ਅਤੇ ਧੱਕੇਸ਼ਾਹੀ ਕੀਤੀ ਜਾਂਦੀ ਹੈ। ਇਹ ਸਾਰੀ ਬਿਰਤੀ ਬੁਲਇੰਗ ਹੈ। ਇਹ ਹੀ ਕਾਰਨ ਹੈ ਕਿ ਔਰਤਾਂ ਵਿਚ ਹੀਨ ਭਾਵਨਾ ਆ ਜਾਂਦੀ ਹੈ ਅਤੇ ਉਹਦੀ ਸ਼ਖ਼ਸ਼ੀਅਤ ਵਿਚ ਕਈ ਤਰ੍ਹਾਂ ਦੀਆਂ ਉਣਤਾਈਆਂ ਰਹਿ ਜਾਂਦੀਆਂ ਹਨ। ਉਹਦੀ ਹੋਂਦ ਨੂੰ ਪੇਕੇ ਘਰ, ਬਾਪ ਜਾਂ ਭਰਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਅਤੇ ਸਹੁਰੇ ਘਰ ਪਤੀ ਨਾਲ ਜੋੜ ਕੇ। ਉਹਦੀ ਆਪਨੀ ਆਜ਼ਾਦਾਨਾ ਹੋਂਦ ਨੂੰ ਬਰਕਰਾਰ ਨਹੀਂ ਰੱਖਿਆ ਜਾਂਦਾ। ਵਿਆਹ ਤੋਂ ਬਾਅਦ ਕੁੜੀ ਹੋਣ ਤੇ, ਜਾਂ ਕੋਈ ਬੱਚਾ ਨਾ ਹੋਣ ਤੇ ਜਾਂ ਪਤੀ ਦੇ ਮਰ ਜਾਣ ਤੇ, ਦੋਸ਼ ਸਿਰਫ ਔਰਤ ਨੂੰ ਹੀ ਦਿੱਤਾ ਜਾਂਦਾ ਹੈ। ਅਮਰ ਪਤੀ ਜੁਹਾਰੀਆ, ਸ਼ਰਾਬੀ, ਡਰੱਗੀ ਜਾਂ ਬਦਮਾਸ਼ ਹੈ ਤਾਂ ਵੀ ਇਹਦਾ ਸਿਲਾ ਔਰਤ ਦੇ ਹੀ ਹਿੱਸੇ ਆਉਂਦਾ ਹੈ। ਜਦ ਔਰਤ ਵਿਧਵਾ ਹੋ ਜਾਵੇ ਤਾਂ ਉਹਨੂੰ ਕਲਮੂੰਹੀ, ਬਦਸ਼ਗਨ, ਆਦਮ ਖਾਣੀ ਆਦਿ ਦੇ ਤਾਹਨੇ ਮਿਹਣੇ ਵੀ ਬੁਲੀਇੰਗ ਦਾ ਹੀ ਵਰਤਾਰਾ ਹੈ। ਇਹ ਧੱਕੇਸ਼ਾਹੀ, ਔਰਤ ਦੇ ਜੰਮਣ ਤੋਂ ਪਹਿਲਾਂ ਹੀ ਪੇਟ ਵਿਚ ਅਤੇ ਫਿਰ ਪੇਟ ਤੋਂ ਬਾਹਰ ਜੰਮਣ ਤੋਂ ਲੈ ਕੇ ਮਰਨ ਤੱਕ ਜਾਰੀ ਰਹਿੰਦੀ ਹੈ। ਘਰ ਤੋਂ ਬਾਹਰ ਬਾਕੀ ਪ੍ਰਵਾਰ, ਪ੍ਰਵਾਰ ਤੋਂ ਬਾਹਰ ਆਲੇ ਦੁਆਲੇ ਦੇ ਭਾਈਚਾਰੇ, ਭਾਈਚਾਰੇ ਤੋਂ ਬਾਅਦ ਸਮਾਜ ਅਤੇ ਸਮਾਜ ਦੇ ਨਾਲ ਲਗਦੇ ਸਾਰੇ ਮੁਲਕ ਵਿਚ ਹੀ ਵਰਤਾਰਾ ਐਹੋ ਜੇਹਾ ਬਣ ਜਾਂਦਾ ਹੈ ਅਤੇ ਸਵੀਕਾਰਿਆ ਜਾਂਦਾ ਹੈ ਕਿ ਔਰਤ ਨਾਲ ਬੁਲੀਇੰਗ ਜਾਂ ਧੱਕੇਸ਼ਾਹੀ ਕਰਨੀ ਜਾਇਜ਼ ਹੈ। ਇਹ ਧੱਕੇਸ਼ਾਹੀ, ਉਹਦੇ ਨਾਲ ਪੜ੍ਹਾਈ ਲਿਖਾਈ ਵੇਲੇ, ਨੌਕਰੀ ਦੇਣ ਵੇਲੇ, ਨੌਕਰੀ 'ਚ ਤਰੱਕੀ ਲੈਣ ਵੇਲੇ ਅਤੇ ਸਮਾਜ ਵਿਚ ਵਿਚਰਦਿਆਂ ਹਰ ਥਾਂ ਹੁੰਦੀ ਹੈ। ਉਹਦੀ ਆਪਨੀ ਆਜ਼ਾਦ ਹੋਂਦ ਨਾ ਹੋਣ ਕਰਕੇ ਉਹਨੂੰ ਕਾਮ ਖੇਡ ਦਾ ਖਿਡੌਣਾ ਸਮਝਿਆ ਜਾਂਦਾ ਹੈ। ਇਹ ਹੀ ਕਾਰਨ ਹਨ ਕਿ ਔਰਤਾਂ ਨਾਲ ਬਲਾਤਕਾਰ ਕੀਤੇ ਜਾਂਦੇ ਹਨ। ਕਈ ਧਰਮਾਂ ਦੇ ਗ੍ਰੰਥਾਂ ਵਿਚ ਔਰਤਾਂ ਨਾਲ ਧੱਕੇਸ਼ਾਹੀ, ਬੁਲਇੰਗ ਨੂੰ ਜਾਇਜ਼ ਕਰਾਰ ਦਿੱਤਾ ਗਿਆ ਹੈ ਅਤੇ ਜ਼ਿਆਦਾਤਰ ਭਾਰਤੀ ਲੋਕ ਧਾਰਮਿਕ ਹੋਣ ਕਰਕੇ ਇਹ ਬੁਲਇੰਗ ਨੂੰ ਰੱਬੀ ਫਰਮਾਨ ਸਮਝ ਕੇ ਜਾਇਜ਼ ਕਰਾਰ ਦਿੰਦੇ ਹਨ। ਐਹੋ ਜੇਹੇ ਮਾਹੌਲ ਵਿਚ ਨਿਆਸਰੀ ਔਰਤ ਦੀ ਹੱਕ ਦੀ ਗੱਲ ਕਰਨ ਵਾਲੇ ਘੱਟ ਲੋਕ ਹੁੰਦੇ ਹਨ। ਸਾਡੀ ਮਾਂ ਇਕ ਔਰਤ ਹੈ ਅਤੇ ਸਾਡੀ ਮਾਂ ਹੀ ਪਹਿਲਾ ਗੁਰੂ ਹੈ। ਬਚਪਨ ਵਿਚ ਜ਼ਿਆਦਾ ਸਮਾਂ ਬੱਚਾ ਆਪਨੀ ਮਾਂ ਨਾਲ ਹੀ ਗੁਜ਼ਾਰਦਾ ਹੈ।

ਜਿਸ ਗੁਰੂ ਦੀ ਸ਼ਖ਼ਸ਼ੀਅਤ ਸਤੁੰਲਤ ਨਹੀਂ ਹੈ। ਉਹ ਆਪਨੇ ਸੇਵਕਾਂ ਨੂੰ ਸੰਤੁਲਤ ਸ਼ਖ਼ਸ਼ੀਅਤ ਬਨਾਉਣ ਵਿਚ ਕਿੰਨਾ ਕੁ ਹਿੱਸਾ ਪਾ ਸਕਦੀ ਹੈ। ਮੁੰਡਾ ਆਪਨੇ ਪਿਉ ਦਾ ਵਰਤਾਵ ਦੇਖ ਕੇ ਧੱਕੜ ਕਿਸਮ ਦਾ ਵਰਤਾਵ ਅਪਨਾ ਲੈਂਦਾ ਹੈ ਅਤੇ ਮੁੰਡੇ ਦੀ ਭੈਣ, ਮਾਂ ਦੀ ਕੌਪੀ ਕਰਕੇ ਮਾਂ ਵਾਂਗ ਦੱਬੂ, ਸਵੈਹੀਣਤਾ ਅਤੇ ਡਰੂ ਕਿਸਮ ਦੀ ਸ਼ਖ਼ਸ਼ੀਅਤ ਅਖਤਿਆਰ ਕਰ ਲੈਂਦੀ ਹੈ। ਇਹ ਵਰਤਾਰਾ ਪ੍ਰੀਵਾਰਿਕ ਇਕਾਈ ਤੋਂ ਸ਼ੁਰੂ ਹੋ ਕੇ ਸਮਾਜਿਕ ਪ੍ਰਵਾਨਤਾ ਹਾਸਲ ਕਰ ਲੈਂਦਾ ਹੈ ਅਤੇ ਫਿਰ ਸਾਰੇ ਮੁਲਕ ਵਿਚ ਇਸ ਨੂੰ ਇਕ ਆਮ ਵਰਤਾਵ ਮੰਨ ਲਿਆ ਜਾਂਦਾ ਹੈ। ਇਹ ਹੀ ਕਾਰਣ ਹੈ ਕਿ ਭਾਰਤੀ ਮਰਦਾਂ ਵਿਚ ਹੈਂਕੜ, ਧੱਕੜਸ਼ਾਹੀ ਅਤੇ ਔਰਤਾਂ ਨੂੰ ਘਟੀਆ ਸਮਝਣ ਦੀ ਬਿਰਤੀ ਹੈ। ਬਹੁਤਿਆਂ ਕੇਸਾਂ ਵਿਚ ਭਾਰਤੀ ਮਰਦ ਦਾ ਵਰਤਾਵ ਔਰਤ ਵੱਲ ਧੱਕੇਸ਼ਾਹੀ ਵਾਲਾ ਜਾਂ ਬੁਲੀਇੰਗ ਵਾਲਾ ਹੈ। ਇਹ ਵਰਤਾਰਾ ਮਰਦ ਪ੍ਰਧਾਨ ਸਮਾਜ ਬਨਾਉਣ ਵਿਚ ਖਾਸਾ ਯੋਗਦਾਨ ਪਾਉਂਦਾ ਹੈ। ਔਰਤ ਨੂੰ ਬਰਾਬਰੀ ਨਾ ਮਿਲਣ ਕਰਕੇ ਉਹਦੇ ਨਾਲ ਕਈ ਤਰ੍ਹਾਂ ਦੀ ਬਦਸਲੂਕੀ ਤਾਂ ਹੁੰਦੀ ਹੈ ਅਤੇ ਬਲਾਤਕਾਰ ਕਰਨ ਨਾਲ ਮਰਦਾਂਵੀ ਧੌਂਸ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਹ ਸਾਰਾ ਵਰਤਾਰਾ ਸਮਾਜ ਦੇ ਦੋ ਅਹਿਮ ਅੰਗਾਂ ਵਿਚ ਬਹੁਤ ਵੱਡੀ ਖਾਈ ਪਾਉਂਦਾ ਹੈ। ਇਹਦੇ ਨਾਲ ਬਹੁਤ ਸਾਰੀ ਸ਼ਕਤੀ ਖਿਚੋਤਾਨ ਵਿਚ ਬਰਬਾਦ ਹੁੰਦੀ ਹੈ। ਸਮਾਜ ਵਿਚ ਅਸ਼ਾਂਤੀ ਅਤੇ ਰੋਹ ਪੈਦਾ ਹੁੰਦਾ ਹੈ ਅਤੇ ਸਮਾਜ ਦੀ ਹਰ ਪਾਸਿਉਂ ਤਰੱਕੀ ਤੇ ਵੱਟਾ ਲਗਦਾ ਹੈ।

ਇਹ ਬੁਲੀਇੰਗ, ਧੱਕੇਸ਼ਾਹੀ ਵਾਲਾ ਵਰਤਾਵ ਅਸੀਂ ਅਪਾਹਜ਼ ਲੋਕਾਂ ਨਾਲ ਵੀ ਕਰਦੇ ਹਾਂ। ਮਾੜੇ ਚੰਗੇ ਕਰਮਾਂ ਦੇ ਫਲ ਦੀ ਧਾਰਨਾ ਇਹ ਸੋਚ ਨਾਲ ਜੋੜ ਕੇ ਅਸੀਂ ਧੱਕੜ ਵਰਤਾਵ ਨੂੰ ਜਾਇਜ਼ ਠਹਿਰਾਉਂਦੇ ਹਾਂ ਕਿ ਅਪਾਹਜ਼ਾਂ ਨਾਲ ਐਹੋ ਜੇਹਾ ਵਰਤਾਵ ਠੀਕ ਹੈ। ਇਹ ਅਸੀਂ ਕਈ ਵਾਰ ਭੁੱਲ ਜਾਂਦੇ ਹਾਂ ਕਿ ਆਪਨੇ ਪਰਵਾਰ 'ਚ ਕੋਈ ਵੀ ਆਪਹਜ਼ ਬਣ ਸਕਦਾ ਹੈ। ਅੱਖਾਂ ਨੂੰ ਐਨਕਾਂ ਲਾਉਣਾ ਵੀ ਅਪਾਹਜ਼ਤਾ ਹੈ ਅਤੇ ਕੰਨਾਂ ਤੋਂ ਨਾ ਸੁਨਣਾ ਵੀ। ਗੋਡੇ ਦੁਖਣੇ ਜਾਂ ਪਿੱਠ ਦੁਖਣੀ ਵੀ ਅਪਾਹਜ਼ਤਾ ਹੈ। ਅਪਾਹਜ਼ਤਾ ਸਿਰਫ ਇਹ ਹੀ ਨਹੀਂ ਕਿ ਕਿਸੇ ਦੇ ਅੰਗ ਕੱਟੇ ਜਾਣ ਜਾਂ ਕੰਮ ਕਰਨੋ ਹਟ ਜਾਣ ਜਾਂ ਕੋਈ ਮਾਨਸਿਕ ਅਲਾਮਤ ਲੱਗ ਜਾਵੇ। ਉਮਰ ਵਧਣ ਨਾਲ ਸਾਡੇ ਲਈ ਅੰਗ ਘੱਟ ਕੰਮ ਕਰਨ ਲੱਗ ਜਾਂਦੇ ਹਨ ਅਤੇ ਅਸੀਂ ਅਪਾਹਜ਼ਤਾ ਵਲ ਕਦਮ ਵਧਾ ਰਹੇ ਹੁੰਦੇ ਹਾਂ। ਪਰ ਇਹਦਾ ਮਤਲਬ ਇਹ ਨਹੀਂ ਕਿ ਅਸੀਂ ਅਪਾਹਜ਼ ਲੋਕਾਂ ਨਾਲ ਧੱਕੇਸ਼ਾਹੀ ਕਰੀਏ। ਉਹਨਾਂ ਨੂੰ ਮਾੜੇ ਸ਼ਬਦ ਬੋਲ ਕੇ ਉਹਨਾਂ ਦੀ ਬੇਇਜ਼ਤੀ ਕਰੀਏ ਅਤੇ ਅਪਾਜ਼ਤਾ ਦਾ ਮੇਹਣਾ ਦੇਈਏ। ਉਹਨਾਂ ਦੀ ਹੋਂਦ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੀਏ ਅਤੇ ਉਹਨਾਂ ਦਾ ਜੀਉਣਾ ਮੁਹਾਲ ਕਰ ਦੇਈਏ। ਇਹ ਵਰਤਾਵ ਅਸੱਭਿਅਕ ਤਾਂ ਹੈ ਈ ਸਗੋਂ ਬੁਲਇੰਗ ਅਤੇ ਧੱਕੇਸ਼ਾਹੀ ਵੀ ਹੈ। ਇਸ ਵਰਤਾਵ ਨਾਲ ਉਹਨਾਂ ਦਾ ਸਵੈ-ਮਾਣ ਘੱਟਦਾ ਹੈ ਅਤੇ ਉਹਨਾਂ ਵਿਚ ਮਾਯੂਸੀ ਵੱਧਦੀ ਹੈ। ਉਹ ਆਪਨੇ ਆਪ ਨੂੰ ਕੋਸਦੇ ਅਤੇ ਨਕਾਰਾ ਸਮਝਣ ਲੱਗ ਪੈਂਦੇ ਹਨ। ਇਹ ਵਰਤਾਵ ਵੀ ਸਮਾਜ ਵਿਚ ਰੋਹ ਪੈਦਾ ਕਰਦਾ ਹੈ। ਸਮਾਜ ਵਿਚ ਅਸਮਾਨਤਾ ਵੱਧਦੀ ਹੈ ਅਤੇ ਸਮਾਜ ਦੀ ਤਰੱਕੀ ਦੇ ਰਾਹ ਵਿਚ ਰੋੜਾ ਅਟਕਦਾ ਹੈ।

ਸਭ ਤੋਂ ਵੱਡਾ ਧੱਕਾਸ਼ਾਹੀ ਦਾ ਕੋਹੜ ਜਾਤ ਪਾਤ ਦਾ ਹੈ। ਇਹ ਬੁਲੀਇੰਗ ਅਤੇ ਧੱਕੇਸ਼ਾਹੀ ਅਸੀਂ ਅੱਜ ਵੀ ਬੱਚਿਆਂ ਨੂੰ ਘਰ ਵਿਚ ਸਿਖਾਉਂਦੇ ਹਾਂ ਅਤੇ ਇਸੇ ਕਰਕੇ ਇਹ ਸਮਾਜ ਦਾ ਸ਼ਰਮਨਾਕ ਅਨਿਖੜਵਾਂ ਅੰਗ ਬਣ ਗਿਆ ਹੈ। ਸਰਕਾਰੀ ਕਾਨੂੰਨ ਸਮਾਜਿਕ ਵਰਤਾਵ ਤੇ ਰੋਕ ਲਾਉਣ ਦੀ ਕੋਸ਼ਿਸ਼ ਤਾਂ ਕਰ ਸਕਦੇ ਹਨ ਪਰ ਸੋਚ ਨੂੰ ਨਹੀਂ ਬਦਲ ਸਕਦੇ। ਭਾਰਤੀ ਸਮਾਜ ਇਸੇ ਕਰਕੇ ਇਕਸਾਰ ਨਹੀਂ ਹੈ ਅਤੇ ਇਸ ਵਿਚ ਧੱਕੇਸ਼ਾਹੀ ਦਾ ਬੋਲਬਾਲਾ ਹੈ। ਨਾ ਬਾਰਬਰਤਾ ਦਾ ਪੈਰ ਪੈਰ ਤੇ ਬੋਲਬਾਲਾ ਹੈ ਕਿ ਇਥੇ ਬੁਲੀਇੰਗ ਅਤੇ ਧੱਕੇਸ਼ਾਹੀ ਦੇ ਕਈ ਕਾਰਨ ਹਨ। ਇਸ ਭਾਰਤੀ ਸਮਾਜ ਵਿਚ ਜਾਤ ਪਾਤ ਦੇ ਨਾਂ ਤੇ ਧੱਕੇਸ਼ਾਹੀ ਸਦੀਆਂ ਤੋਂ ਚੱਲੀ ਆ ਰਹੀ ਹੈ ਅਤੇ ਇਹਦਾ ਸਫਾਇਆ ਕਦੇ ਵੀ ਬੀਮਾਰੀ ਦੀ ਜੜ੍ਹ ਨੂੰ ਸਮਝ ਕੇ ਨਹੀਂ ਕੀਤਾ ਗਿਆ। ਇਸ ਕੋਹੜ ਨਾਲ ਹੀਣ ਭਾਵਨਾ ਅਤੇ ਦੱਬੂ ਕਿਸਮ ਦੀਆਂ ਸ਼ਖ਼ਸ਼ੀਅਤਾਂ ਪੈਦਾ ਹੁੰਦੀਆਂ ਹਨ। ਉਹਨਾਂ ਦਾ ਮਾਨਸਿਕ ਕਤਲ ਕਰਕੇ, ਉਹਨਾਂ ਵਿਚ ਅਸੀਂ ਹੋਰ ਜ਼ਿਆਦਾ ਗੁੱਸਾ ਅਤੇ ਬਦਲੇ ਦੀ ਭਾਵਨਾ ਪੈਦਾ ਕਰਦੇ ਹਾਂ। ਸਮਾਜ ਵਿਚ ਅਸਮਾਨਤਾ ਅਤੇ ਨਾਬਰਾਬਰਤਾ ਦੀ ਖਾਈ ਚੌੜੀ ਕਰਦੇ ਹਾਂ। ਸਮਾਜ ਅਤੇ ਮੁਲਕ ਦੀ ਤਰੱਕੀ ਵਿਚ ਬਹੁਤ ਵੱਡਾ ਵਿਘਨ ਪੈਦਾ ਹੁੰਦਾ ਹੈ। ਬੀਮਾਰੀ ਦੀ ਜੜ੍ਹ ਦਾ ਫਸਤਾ ਤਾਂ ਹੀ ਵੱਢਿਆ ਜਾ ਸਕਦਾ ਹੈ ਅਗਰ ਉਸ ਸੋਚ ਨੂੰ ਬਦਲਿਆ ਜਾਵੇ ਜਿਹੜੀ ਸੋਚ ਉਹਨਾਂ ਨੂੰ ਕਿਤਾਬਾਂ ਅਤੇ ਗ੍ਰੰਥਾਂ ਤੋਂ ਮਿਲਦੀ ਹੈ। ਕੀ ਉਹਨਾਂ ਗ੍ਰੰਥਾਂ, ਕਿਤਾਬਾਂ ਦੀ ਅੱਜ ਦੇ ਸੰਦਰਭ ਵਿਚ ਲੋੜ ਹੈ? ਜੇਕਰ ਸਮਾਜ ਅਤੇ ਦੇਸ਼ ਨੇ ਤਰੱਕੀ ਕਰਨੀ ਹੈ ਤਾਂ ਇਸ ਸੋਚ ਦੇ ਪ੍ਰੇਰਨਾ ਸਰੋਤ ਨੂੰ ਨਵੀਂ ਨਜ਼ਰ ਨਾਲ ਪੜਚੋਲਣਾ ਪਵੇਗਾ। ਜੇ ਅਸੀਂ ਇਹ ਕਦਮ ਨਹੀਂ ਚੁੱਕਦੇ ਤਾਂ ਅਸੀਂ ਸੱਭਿਅਕ ਸਮਾਜ ਵੱਲ ਪਲਾਘਾਂ ਨਹੀਂ ਪੁੱਟ ਸਕਦੇ। ਭਾਰਤੀ ਸਮਾਜ ਵਿਚ ਇਨਸਾਨਾਂ ਨੂੰ ਜਿਸ ਢੰਗ ਨਾਲ ਜਾਤਾਂ ਪਾਤਾਂ ਨਾਲ ਵੰਡਿਆਂ ਜਾਂਦਾ ਹੈ ਅਤੇ ਧੱਕੇਸ਼ਾਹੀ ਕੀਤੀ ਜਾਂਦੀ ਹੈ। ਐਹੋ ਜੇਹਾ ਵਰਤਾਰਾ ਕਿਸੇ ਦੇਸ਼ ਦੇ ਹੋਰ ਸਮਾਜ ਵਿਚ ਦੇਖਣ ਨੂੰ ਨਹੀਂ ਮਿਲਦਾ। ਇਹ ਬੁਲਇੰਗ ਸਿਰਫ ਭਾਰਤੀ ਸਮਾਜ ਵਿਚ ਹੀ ਸਮਾਜਿਕ ਪ੍ਰਵਾਨਿਤਾ ਦੇ ਆਸਰੇ ਕੀਤੀ ਜਾਂਦੀ ਹੈ। ਸਮਾਜ 'ਚ ਇਸੇ ਕਰਕੇ ਵੰਡੀਆਂ ਹਨ ਅਤੇ ਇਕਸਾਰ ਕਿਸਮ ਦਾ ਸਮਾਜ ਹੋਂਦ ਵਿਚ ਨਹੀਂ ਆ ਸਕਿਆ। ਅਕਲ, ਕਿਸੇ ਕੰਮ ਜਾਂ ਨਸਲ ਦੇ ਕਾਬਜ਼ ਨਹੀਂ ਹੁੰਦੀ। ਜੇਕਰ ਇਨਸਾਨਾਂ ਨੂੰ ਬਰਾਬਰਤਾ ਦਿੱਤੀ ਜਾਵੇ ਤਾਂ ਸਿਆਣੇ ਲੋਕ ਸੱਭਿਅਕ ਸਮਾਜ ਪੈਦਾ ਕਰ ਸਕਦੇ ਹਨ ਇਹ ਧੱਕੜ ਵਰਤਾਵ ਸਾਡੀ ਤਰੱਕੀ ਦਾ ਬਹੁਤ ਵੱਡਾ ਨੁਕਸਾਨ ਕਰਦਾ ਹੈ। ਧੱਕੇਸ਼ਾਹੀ, ਗਰੀਬੀ ਪੈਦਾ ਕਰਦੀ ਹੈ। ਗਰੀਬੀ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ। ਅਗਰ ਅਸੀਂ ਖੁਸ਼ਹਾਲ ਸਮਾਜ ਦੇਖਣਾ ਚਾਹੁੰਦੇ ਹਾਂ ਤਾਂ ਬੁਲੀਇੰਗ, ਧੱਕੇਸ਼ਾਹੀ ਨੂੰ ਬੰਦ ਕਰਨਾ ਪਵੇਗਾ।

****

# ਠੱਗੀ ਦੀਆਂ ਦੁਕਾਨਾਂ : ਅਮ੍ਰਿਤਕੁੰਡ

ਮਾਇਆਦਾਸ ਨੇ ਅੱਜ ਆ ਕੇ ਕਿਹਾ- ਆਪਣੇ ਡੇਰੇ ਵਿੱਚ ਆਦਮੀ ਬਹੁਤ ਹੋ ਗਏ ਹਨ ਅਤੇ ਸਥਾਨ ਪਾਉਣ ਦੇ ਲਈ ਆਉਂਦੇ ਰਹਿੰਦੇ ਹਨ। ਹੁਣ ਬਹੁਤ ਗੁੰਜਾਇਸ਼ ਨਹੀਂ ਹੈ। ਆਉਣ ਵਾਲਿਆਂ ਨੂੰ ਕੀ ਕੰਮ ਦੱਸਿਆ ਜਾਵੇ ਇਹ ਇੱਕ ਸਮੱਸਿਆ ਹੀ ਹੈ।

ਮੈਂ ਕਿਹਾ ਆਉਣ ਦਿਓ, ਕੋਈ ਨੁਕਸਾਨ ਨਹੀਂ ਹੈ। ਇੱਥੇ ਇੱਕ ਸਕੂਲ ਖੋਲ੍ਹ ਦਿਓ, ਜਿੱਥੇ ਇੱਕ ਦੋ ਮਹੀਨੇ ਵਿੱਚ ਪੜ੍ਹਨਯੋਗ ਕੰਮ ਪੂਰਾ ਕਰਾਇਆ ਜਾਵੇ ਅਤੇ ਉਸਨੂੰ ਪੂਰਾ ਕਰਕੇ ਉਹ ਲੋਕ ਪਿੰਡ-ਪਿੰਡ ਵਿੱਚ ਖਿੰਡ ਜਾਣ ਅਤੇ ਠੱਗੀ ਦੀ ਦੁਕਾਨ ਖੜ੍ਹੀ ਕਰ ਲੈਣ। ਇੱਕ ਇੱਕ ਦੁਕਾਨ ਵਿੱਚ ਪੰਜ-ਪੰਜ ਸੱਤ-ਸੱਤ ਆਦਮੀਆਂ ਦਾ ਗੁਜ਼ਾਰਾ ਹੋਣ ਲੱਗੇਗਾ। ਅਜਿਹੀਆਂ ਦਰਜ਼ਨਾਂ ਦੁਕਾਨਾਂ ਦੇਸ਼ ਵਿੱਚ ਖੋਲ੍ਹੀਆਂ ਜਾਂ ਸਕਣਗੀਆਂ।

ਮਾਇਆਦਾਸ – ਜੇਕਰ ਅਜਿਹਾ ਹੋ ਸਕੇ ਤਾਂ ਬਹੁਤ ਚੰਗਾ ਹੈ। ਫੇਰ ਤਾਂ ਆਪਣਾ ਡੇਰਾ ਠੱਗੀ ਦਾ ਕਾਲਜ ਬਣ ਜਾਵੇਗਾ, ਜਿਸ ਦੇ ਸਕੂਲ ਥਾਂ ਥਾਂ ਕਾਇਮ ਹੋ ਜਾਣਗੇ।

ਮੈਂ ਕਿਹਾ – ਜ਼ਰੂਰ ਹੋ ਜਾਣਗੇ। ਇਸ ਦੇ ਬਾਅਦ ਮੈਂ ਮਾਇਆਦਾਸ ਨੂੰ ਸਾਰੀ ਸਕੀਮ ਸਮਝਾ ਦਿੱਤੀ ਅਤੇ ਉਸ ਦੇ ਅਨੁਸਾਰ ਕੰਮ ਵੀ ਸ਼ੁਰੂ ਕਰ ਦਿੱਤਾ। ਠੱਗੀ ਦੀ ਪੜ੍ਹਾਈ ਚਾਲੂ ਹੋ ਗਈ। ਗੁਪਤ ਕਲਾਸਾਂ ਚੱਲਣ ਲੱਗੀਆਂ ਜੋ ਮਾਹਰ ਹੁੰਦੇ ਗਏ ਉਨ੍ਹਾਂ ਨੂੰ ਕੰਮ ਉੱਤੇ ਭੇਜਿਆ ਜਾਣ ਲੱਗਾ।

ਪਹਿਲੇ ਦਿਨ ਪੰਜ ਆਦਮੀਆਂ ਦਾ ਟੋਲਾ ਆਇਆ। ਉਹਨਾਂ ਵਿੱਚੋਂ ਮੈਂ ਇੱਕ ਆਦਮੀ ਨੂੰ ਚੁਣਿਆਂ ਅਤੇ ਜੰਗਲ ਵਿਚ ਇੱਕ ਖੂਹ ਦਾ ਪਤਾ ਦੱਸ ਕੇ ਕਿਹਾ ਕਿ ਤੂੰ ਉਸ ਖੂਹ ਦੇ ਪਾਸ ਇੱਕ ਕੁੱਲੀ ਬਣਾ ਕੇ ਰਹਿਨ ਲੱਗ ਜਾ। ਸਾਧੂ ਦਾ ਪਹਿਰਾਵਾ ਲੈ ਲੈ। ਤੇਰਾ ਨਾਂ ਅਲੋਪ ਹੋ ਜਾਵੇਗਾ ਅਤੇ ਤੂੰ ਅਮ੍ਰਿਤ ਬਾਬਾ ਦੇ ਨਾਂ ਨਾਲ ਪ੍ਰਸਿੱਧ ਹੋ ਜਾਵੇਂਗਾ। ਇਹ ਤੇਰੇ ਸਾਥੀਆਂ ਨੂੰ ਕਰਨਾ ਪੈਣਾ ਹੈ।

ਜਦ ਤੂੰ ਕੁੱਲੀ ਵਿੱਚ ਰਹਿਣ ਲੱਗੇਂਗਾ ਤਦ ਤੁਹਾਡੇ ਵਿੱਚੋਂ ਦੋ ਆਦਮੀ ਨੇੜੇ ਦੇ ਪਿੰਡ ਵਿੱਚ ਸਾਧਾਰਣ ਗ੍ਰਿਹਸਤੀ ਦੇ ਭੇਸ ਵਿੱਚ ਜਾਣਗੇ ਅਤੇ ਪਿੰਡ ਵਾਲਿਆਂ ਤੋਂ ਅਮ੍ਰਿਤ ਬਾਬੇ ਦਾ ਅਮ੍ਰਿਤਕੁੰਡ ਪੁੱਛੋਗੇ। ਜਦ ਪਿੰਡ ਵਾਲੇ ਅਗਿਆਨਤਾ ਦੱਸਣਗੇ। ਤਦ ਤੁਸੀਂ ਦੋਹਾਂ ਨੇ ਪਿੰਡ ਵਾਲਿਆਂ ਨੂੰ ਕਹਿਣਾ ਹੈ- ਓ! ਤੁਸੀਂ ਅਮ੍ਰਿਤ ਬਾਬੇ ਦਾ ਕੁੰਡ ਨਹੀਂ ਜਾਣਗੇ। ਤੁਹਾਡੇ ਪਿੰਡ ਦੇ ਪਾਸ ਹੀ ਇੱਕ ਸਿੱਧ ਪੁਰਸ਼ ਰਹਿੰਦੇ ਹਨ ਅਤੇ ਉਨ੍ਹਾਂ ਦੀ ਕਿਰਪਾ ਨਾਲ ਉਥੋਂ ਦਾ ਖੂਹ ਅਮ੍ਰਿਤਕੁੰਡ ਬਣ ਗਿਆ ਹੈ, ਜਿਸ ਦਾ ਪਾਣੀ ਪੀਣ ਨਾਲ ਅਨੇਕ ਰੋਗੀਆਂ ਦੇ ਰੋਗ ਦੂਰ ਹੋ ਗਏ ਹਨ।




ਅਨੇਕਾਂ ਦੇ ਭਾਗ ਖੁੱਲ੍ਹ ਗਏ ਹਨ ਅਤੇ ਤੁਸੀਂ ਲੋਕ ਨਹੀਂ ਜਾਣਦੇ।

ਪਿੰਡ ਵਾਲੇ ਕਹਿਣਗੇ ਕਿ ਇੱਥੇ ਮੀਲ ਦੂਰ ਜੰਗਲ ਵਿੱਚ ਇੱਕ ਖੂਹ ਜ਼ਰੂਰ ਹੈ ਪਰ ਉਥੇ ਕੋਈ ਸਿੱਧ ਪੁਰਸ਼ ਰਹਿੰਦੇ ਹਨ ਅਤੇ ਉਹ ਖੂਹ ਅਮ੍ਰਿਤਕੁੰਡ ਬਣ ਗਿਆ ਹੈ ਇਸ ਦਾ ਤਾਂ ਸਾਨੂੰ ਪਤਾ ਹੀ ਨਹੀਂ ਹੈ।

ਤੁਸੀਂ ਕਹਿਣਾ- ਤੁਸੀਂ ਲੋਕ ਆਪਣੀ ਬਦਕਿਸਮਤੀ ਨੂੰ ਲੈ ਕੇ ਪਏ ਰਹੋ ਪਰ ਸਾਨੂੰ ਉਸ ਖੂਹ ਦਾ ਰਸਤਾ ਦੱਸ ਦਿਓ।

ਪਿੰਡ ਵਾਲੇ ਰਸਤਾ ਹੀ ਨਾ ਦੱਸ ਦੇਣਗੇ ਪਰ ਚਾਰ ਆਦਮੀ ਨਾਲ ਹੋ ਜਾਣਗੇ। ਜਦ ਤੁਸੀਂ ਲੋਕ ਖੂਹ ਦੇ ਨੇੜੇ ਪਹੁੰਚ ਜਾਓਗੇ ਤੱਦ ਜ਼ੋਰ-ਜ਼ੋਰ ਨਾਲ ਅਮ੍ਰਿਤ ਬਾਬੇ ਦੀ ਜੈ ਜੈ ਕਾਰ ਕਰਨ ਲੱਗਣਾ, ਜਿਸ ਨੂੰ ਸੁਣ ਕੇ ਅਮ੍ਰਿਤ ਬਾਬਾ ਬਣਨ ਵਾਲੇ ਨੇ ਸਮਾਧੀ ਵਿੱਚ ਲੀਨ ਹੋ ਜਾਣਾ ਹੈ ਅਤੇ ਤੁਸੀਂ ਲੋਕਾਂ ਨੇ ਸਮਾਧੀ ਵਿੱਚ ਲੀਨ ਬਾਬੇ ਦੀ ਪੂਜਾ ਕਰ ਕੇ ਖੂਹ ਦਾ ਪਾਣੀ ਪੀਣਾ ਹੈ। ਪਾਣੀ ਪੀਂਦੇ ਸਾਰ ਤੁਹਾਡੇ ਦੋਹਾਂ ਵਿੱਚੋਂ ਜੋ ਬਿਮਾਰ ਬਣੇਗਾ ਉਸਨੇ ਆਪਣੀ ਬਿਮਾਰੀ ਘਟਣ ਦਾ ਐਲਾਨ ਕਰਨਾ ਹੈ ਅਤੇ ਬਾਬੇ ਦੇ ਪੈਰਾਂ ਵਿੱਚ ਦਸ ਰੁਪਏ ਚੜ੍ਹਾ ਕੇ ਚਲੇ ਜਾਣਾ ਹੈ। ਇਸਦੇ ਬਾਅਦ ਬਾਕੀ ਦੋ ਵਿੱਚੋਂ ਇੱਕ ਆਦਮੀ ਸਫੈਦਾ ਦੇ ਥਾਂ-ਥਾਂ ਦਾਗ਼ ਲਗਾ ਕੇ ਕੋੜ੍ਹੀ ਬਣ ਜਾਵੇਗਾ ਅਤੇ ਪਿੰਡ ਵਾਲਿਆਂ ਨੂੰ ਦਿਖਾਉਂਦੇ ਹੋਏ ਅਮ੍ਰਿਤਕੁੰਡ ਜਾਵੇਗਾ। ਕੁੱਝ ਦਿਨ ਉਥੇ ਰਹੇਗਾ ਅਤੇ ਕੋੜ੍ਹੀ ਦਾ ਕੋਹੜ ਦੂਰ ਹੋ ਜਾਵੇਗਾ। ਇਸ ਦੇ ਬਾਅਦ ਠੱਗੀ ਦੀ ਦੁਕਾਨ ਜੰਮ ਜਾਵੇਗੀ। ਉਥੋਂ ਦੇ ਸਮਾਚਾਰ ਦੇਂਦੇ ਰਹਿਣਾ ਅਤੇ ਸਲਾਹ ਲੈਂਦੇ ਰਹਿਣਾ। ਉਹਨਾਂ ਪੰਜਾਂ ਨੇ ਬਹੁਤ ਚੰਗੀ ਤਰ੍ਹਾਂ ਕੰਮ ਕੀਤਾ। ਵਿੱਚ-ਵਿੱਚ ਨੂੰ ਇੱਥੇ ਤੋਂ ਕਿਸੇ-ਕਿਸੇ ਵਿਧਵਾ ਨੂੰ ਵੀ ਬਿਮਾਰ ਬਣਾ ਕੇ ਭੇਜਦਾ ਰਿਹਾ ਹਾਂ ਅਤੇ ਉਸਨੂੰ ਤੰਦਰੁਸਤ ਐਲਾਨ ਕਰਾਉਂਦਾ ਰਿਹਾ ਹਾਂ।

ਇਸਦੇ ਬਾਅਦ ਤਾਂ ਉਥੇ ਹਰ ਦਿਨ ਮੇਲਾ ਲੱਗਣ ਲੱਗਾ ਹੈ। ਸੈਂਕੜੇ ਆਦਮੀ ਆਉਣ ਲੱਗੇ ਹਨ। ਉਹਨ੍ਹਾਂ ਦੇ ਠਹਿਰਨ ਦੇ ਲਈ ਧਰਮਸ਼ਾਲਾ ਬਣ ਗਈ ਹੈ ਉਥੇ ਤੱਕ ਸੜਕ ਵੀ ਬਣ ਗਈ ਹੈ। ਤਾਂਗੇ ਵਾਲਿਆਂ ਦਾ ਧੰਦਾ ਫੈਲ ਗਿਆ ਹੈ।

ਦੁਕਾਨਾਂ ਵੀ ਲੱਗ ਗਈਆਂ ਹਨ। ਇਹ ਦੁਕਾਨਦਾਰ ਅਤੇ ਤਾਂਗੇ ਵਾਲੇ ਅਮ੍ਰਿਤਕੁੰਡ ਦੇ ਤੇਜ਼ ਪ੍ਰਚਾਰਕ ਬਣ ਗਏ ਹਨ। ਉਹ ਉਸ ਦੇ ਪਾਣੀ ਦੇ ਪ੍ਰਭਾਵ ਦੀਆਂ ਸੈਂਕੜੇ ਕਹਾਣੀਆਂ ਆਪ ਘੜ ਕੇ ਸੁਣਾਉਣ ਲੱਗ ਗਏ ਹਨ ਕਿਉਂਕਿ ਇਥੇ ਦਾ ਮੇਲਾ ਜਿੰਨਾਂ ਵਧੇਗਾ ਉਨ੍ਹਾਂ ਦੀਆਂ ਦੁਕਾਨਾਂ ਅਤੇ ਤਾਂਗੇ ਵਾਲਿਆਂ ਦਾ ਧੰਦਾ ਉਨਾਂ ਹੀ ਵੱਧ ਚੱਲੇਗਾ।

ਇੱਥੇ ਆ ਕੇ ਕੁਝ ਨਾ ਕੁਝ ਰੋਗੀ ਕੁਦਰਤੀ ਚੰਗੇ ਹੁੰਦੇ ਹੀ ਹਨ। ਕੁੱਝ ਤਾਂ ਇਸ ਲਈ ਚੰਗੇ ਹੋ ਜਾਂਦੇ ਹਨ ਕਿ ਘਰ ਤੋਂ ਬਹਾਰ ਖੁੱਲ੍ਹੀ ਹਵਾ ਵਿੱਚ ਆਉਣ ਨਾਲ ਉਨ੍ਹਾਂ ਦੀ ਸਿਹਤ ਉੱਤੇ ਚੰਗਾ ਪ੍ਰਭਾਵ ਪੈਂਦਾ ਹੈ। ਮਨ ਵਿੱਚ ਤੰਦਰੁਸਤ ਹੋਣ ਦੀ ਸ਼ਰਧਾ ਲੈ ਕੇ ਜੋ ਆਉਂਦੇ ਹਨ ਉਨ੍ਹਾਂ ਦੀ ਸ਼ਰਧਾ ਦਾ ਪ੍ਰਭਾਵ ਵੀ ਉਨ੍ਹਾਂ ਦੀ ਸਿਹਤ ਉੱਤੇ ਪੈਂਦਾ ਹੈ। ਸ਼ਰਧਾਲੂ ਲੋਕਾਂ ਨੂੰ ਵਾਤਾਵਰਣ ਦਾ ਵੀ ਪ੍ਰਭਾਵ ਪੈਂਦਾ ਹੈ। ਜੇਕਰ ਕੁੱਝ ਚੰਗੇ ਨਹੀਂ ਵੀ ਹੁੰਦੇ ਹਨ ਤਾਂ ਵੀ ਮਨੋਵਿਗਿਆਨਕ ਪ੍ਰਭਾਵ ਨਾਲ ਉਨ੍ਹਾਂ ਨੂੰ ਕੁੱਝ ਨਾ ਕੁਝ ਚੰਗੇ ਹੋਣ ਦਾ ਸੰਕੇਤ ਹੋਣ ਲੱਗਦਾ ਹੈ। ਫੇਰ ਵੀ ਬਹੁਤ ਸਾਰੇ ਰਹਿ ਜਾਂਦੇ ਹਨ ਜਿਹਨਾਂ ਨੂੰ ਕੁਝ ਵੀ ਲਾਭ ਨਹੀਂ ਹੁੰਦਾ। ਉਹ ਅਸ਼ਰਧਾਲੂ, ਘੋਰ ਪਾਪੀ, ਅਭਾਗੇ ਸਮਝ ਲਏ ਜਾਂਦੇ ਹਨ। ਇਸ ਪ੍ਰਕਾਰ ਦਾ ਫਤਵਾ ਦੇਣ ਵਾਲੇ ਮੇਰੇ ਹੀ ਆਦਮੀ ਹੁੰਦੇ ਹਨ ਜੋ ਲੋਕਾਂ ਵਿੱਚ ਰਲੇ ਰਹਿੰਦੇ ਹਨ। ਸ਼ਰਧਾਵੱਸ ਹੋਰ ਲੋਕ ਵੀ ਅਜਿਹਾ ਫਤਵਾ ਦੇਣ ਲੱਗਦੇ ਹਨ। ਇਸ ਡਰ ਨਾਲ ਕੁੱਝ ਲੋਕ ਬਿਮਾਰੀ ਦੂਰ ਨਾ ਹੋਣ ਉੱਤੇ ਵੀ ਆਪਣੇ ਆਪ ਨੂੰ ਤੰਦਰੁਸਤ ਦੱਸਣ ਲੱਗਦੇ ਹਨ। ਇਸ ਪ੍ਰਕਾਰ ਠੱਗੀ ਦੀ ਇਹ ਦੁਕਾਨ ਵੀ ਚੰਗੀ ਚੱਲ ਜਾਂਦੀ ਹੈ। ਮੇਰੇ ਆਦਮੀਆਂ ਦਾ ਗੁਜ਼ਾਰਾ ਹੋਣ ਦੇ ਨਾਲ-ਨਾਲ ਦੁਕਾਨਦਾਰਾਂ, ਤਾਂਗੇ ਵਾਲਿਆਂ ਅਤੇ ਪਿੰਡ ਵਾਲਿਆਂ ਦਾ ਵੀ ਚੰਗਾ ਲਾਭ ਹੁੰਦਾ ਹੈ। ਦੁਨੀਆਂ ਲੁੱਟ ਹੁੰਦੀ ਹੈ ਤਾਂ ਲੁੱਟ ਹੋਵੇ, ਉਸ ਨੂੰ ਉਸ ਦੀ ਮੂਰਖਤਾ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ ਪਰ ਏਨੇ ਆਦਮੀਆਂ ਨੂੰ ਜੋ ਆਮਦਨੀ ਹੋ ਜਾਂਦੀ ਹੈ ਉਹ ਕੀ ਘੱਟ ਪੁੰਨ ਹੈ।

ਮੰਨਿਆ ਕਿ ਇਸ ਨਾਲ ਦੇਸ਼ ਦਾ ਉਤਪਾਦਨ ਨਹੀਂ ਵੱਧਦਾ, ਧਨ ਦਾ, ਸ਼ਕਤੀ ਦਾ, ਸਮੇਂ ਦਾ ਫਜ਼ੂਲ ਖਰਚ ਹੀ ਹੁੰਦਾ ਹੈ ਤਾਂ ਹੋਈ ਜਾਵੇ, ਮੇਰਾ ਤਾਂ ਲਾਭ ਹੀ ਲਾਭ ਹੈ। ਮੇਰੀ ਇੱਜ਼ਤ ਸ਼ੋਭਾ ਜੱਸ ਤਾਂ ਵੱਧਦਾ ਹੀ ਜਾਂਦਾ ਹੈ।

**–ਸਤਯ ਭਗਤ**

ਧਨਵਾਦ ਸਹਿਤ ਪੁਸਤਕ : 'ਅਵਧੂਤ ਕੀ ਡਾਇਰੀ' ਵਿੱਚੋਂ।

# ਅੰਧ ਵਿਸ਼ਵਾਸ ਦਾ ਪਾਗਲਪਣ

ਨਿਤਿਨ ਸ਼ਰਮਾ 'ਸਬਰੰਗੀ'

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਜਦ ਜਪਾਨ ਗਏ ਸਨ ਤਦ-ਤਦ ਉਨ੍ਹਾਂ ਨੇ ਇਹ ਕਹਿ ਕੇ 9 ਇਮੇਜ (ਸ਼ੋਭਾ, ਚਮਕ) ਨੂੰ ਨਿਖਾਰਨ ਦੀ ਕੋਸ਼ਿਸ਼ ਕੀਤੀ ਸੀ ਕਿ ਭਾਰਤ ਹੁਣ ਸੱਪਾਂ ਵਾਲਾ ਦੇਸ਼ ਨਹੀਂ ਰਿਹਾ ਹੈ। ਹੁਣ ਉਥੇ ਤਰੱਕੀ ਦੀ ਗੱਲ ਹੁੰਦੀ ਹੈ।

ਗੱਲ ਠੀਕ ਹੈ, ਪਰੰਤੂ ਸਿੱਕੇ ਦਾ ਦੂਜਾ ਪਾਸਾ ਤਾਂ ਪਹਿਲਾਂ ਵਰਗਾ ਹੀ ਹੈ, ਜੋ ਭਾਰਤ ਦੀ ਸ਼ੋਭਾ ਵਿੱਚ ਅੰਧਵਿਸ਼ਵਾਸ ਦਾ ਪਲੀਤਾ (ਅੱਗ ਦੇਣ ਦੀ ਬੱਤੀ) ਲਗਾਉਂਦਾ ਹੈ। ਪਿਛਲੇ ਤਿੰਨ ਸਾਲਾਂ ਤੋਂ ਇੱਕ ਨਾਗ ਦਾ ਫੋਟੋ ਸੋਸ਼ਲ ਨੈੱਟਵਰਕਿੰਗ ਸਾਈਟ ਤੋਂ ਲੈ ਕੇ ਲੋਕਾਂ ਦੇ ਮੋਬਾਈਲ ਫ਼ੋਨ ਵਿੱਚ ਅੰਧਵਿਸ਼ਵਾਸ ਫੈਲਾ ਰਿਹਾ ਹੈ। ਇਹ ਦੱਸਿਆ ਜਾਂਦਾ ਹੈ ਕਿ ਇੱਕ ਤਿੰਨ ਮੂੰਹ ਵਾਲਾ ਨਾਗ ਸੜਕ ਉੱਤੇ ਦੇਖਿਆ ਗਿਆ। ਜਗਾਹ ਵੱਖ-ਵੱਖ ਦੱਸੀ ਜਾਂਦੀ ਹੈ।

ਇੱਕ ਅਖ਼ਬਾਰ ਦੇ ਮੁਤਾਬਿਕ, ਉੱਤਰਪ੍ਰਦੇਸ਼ ਦੇ ਮਹਾਰਾਜਗੰਜ ਨਾਲ ਜੁੜੇ ਗੁਆਂਢੀ ਦੇਸ਼ ਨੇਪਾਲ ਦੀ ਦਾਉੱਨੇ ਪਹਾੜੀ ਉੱਤੇ ਬਣੇ ਇੱਕ ਪ੍ਰਾਚੀਨ ਮੰਦਰ ਦੇ ਨੇੜੇ ਸੜਕ ਉੱਤੇ ਤਿੰਨਮੁੱਖੀ ਨਾਗ ਦੇਵਤਾ ਦੇਖੇ ਗਏ। ਬਾਅਦ ਵਿੱਚ ਉਹ ਨਾਗ ਦੇਵਤਾ ਪਹਾੜੀ ਵਿੱਚ ਅਲੋਪ ਹੋ ਗਏ। ਤਿੰਨ ਮੁਖੀ ਨਾਗ ਨੂੰ ਕੈਮਰੇ ਵਿੱਚ ਕੈਦ ਕਰ ਲਿਆ ਗਿਆ। ਇੱਕ ਸਾਲ ਲੰਘਿਆ, ਤਾਂ ਨਾਗ ਦੇਵਤਾ ਪਹਿਲਾਂ ਪੰਜ-ਮੁਖੀ ਅਤੇ ਹੁਣ ਸੱਤਮੁਖੀ ਹੋ ਗਏ ਹਨ।

ਫੋਟੋਗਰਾਫੀ ਦੇ ਟਰਿੱਕ ਨਾਲ ਉਸ ਦਾ ਟਿੱਕ ਦੇ ਬਾਅਦ ਇੱਕ ਮੂੰਹ ਵਧਾ ਕੇ ਅੰਧਵਿਸ਼ਵਾਸ ਦੇ ਲਈ ਫੈਲਾ ਦਿੱਤਾ ਜਾਂਦਾ ਹੈ ਅਤੇ ਲੋਕ ਭਰੋਸਾ ਕਰ ਕੇ ਸਿਰ ਝੁਕਾਅ ਰਹੇ ਹਨ। ਹੁਣ ਕਦੇ ਉਨ੍ਹਾਂ ਨੂੰ ਰਾਂਚੀ ਹਾਈਵੇ ਉੱਤੇ ਦੇਖਿਆ ਜਾਂਦਾ ਹੈ, ਤਾਂ ਕਦੇ ਕਸ਼ਮੀਰ ਵਿੱਚ।

ਗੁਜਰਾਤ ਵਿੱਚ ਸੂਰਤ ਵਿੱਚ ਇੱਕ ਅਜਿਹੇ ਬੱਚੇ ਦੇ ਜਨਮ ਦੀ ਗੱਲ ਆਖੀ ਗਈ ਹੈ, ਜਿਸ ਦਾ ਮੂੰਹ ਗਣੇਸ਼ ਵਰਗਾ ਸੀ। ਵਿਗਿਆਨ ਦੀ ਨਜ਼ਰ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਵਿੱਚ ਆਈ ਘਾਟ ਇਸਦਾ ਕਾਰਨ ਹੁੰਦੀ ਹੈ, ਪਰੰਤੂ ਅੰਧਵਿਸ਼ਵਾਸੀ ਸਮਝਣ ਨੂੰ ਤਿਆਰ ਨਹੀਂ। ਦੂਰ ਦੂਰ ਤੱਕ ਚਰਚਾਵਾਂ ਹੋਈਆਂ ਅਤੇ ਲੋਕਾਂ ਨੇ ਬੱਚੇ ਨੂੰ ਪੂਜਣਾ ਸ਼ੁਰੂ ਕਰ ਦਿੱਤਾ।

ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾਂ ਗਾਜੀਆਬਾਦ ਵਿੱਚ ਸੜਕ ਕਿਨਾਰੇ ਇੱਕ ਕਿਸਾਨ ਨੇ ਆਪਣੇ ਖੇਤ ਦੇ ਸਾਹਮਣੇ ਨਲਕਾ ਲਗਵਾਇਆ। ਨਲਕੇ ਦੇ ਪਾਣੀ ਵਿੱਚ ਮਿਠਾਸ ਸੀ। ਅੰਧਵਿਸ਼ਵਾਸ਼ੀਆਂ ਨੇ ਇਹ ਪ੍ਰਚਾਰ ਕੀਤਾ ਕਿ ਇਸ ਪਾਣੀ ਨੂੰ ਪੀਣ ਨਾਲ ਸਭ ਤਰ੍ਹਾਂ ਦੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਪ੍ਰਚਾਰ ਵੱਧ ਗਿਆ ਤਾਂ ਲੋਕਾਂ ਦੀ ਨਲਕੇ ਉੱਤੇ ਕਤਾਰ ਲੱਗਣੀ ਸ਼ੁਰੂ ਹੋ ਗਈ। ਨੇੜੇ ਤੇੜੇ ਦੇ ਇਲਾਕਿਆਂ ਤੋਂ ਵੀ ਲੋਕ ਗੱਡੀਆਂ, ਟੈਂਪੂ, ਟਰੈਕਟਰ ਵਗੈਰਾ ਵਿੱਚ ਭਰ ਕੇ ਆਉਣ ਲੱਗੇ ਅਤੇ ਵੱਡੇ-ਵੱਡੇ ਡੱਬੇ ਪਾਣੀ ਦੇ ਭਰ ਕੇ ਲੈ ਜਾਣ ਲੱਗੇ।

ਕੁੱਝ ਅੰਧਵਿਸ਼ਵਾਸੀਆਂ ਨੇ ਉੱਥੇ ਇੱਟ ਰੱਖ ਕੇ ਚੌਂਤਰਾ ਬਣਾਇਆ ਅਤੇ ਲਾਲ ਝੰਡਾ ਲਗਾ ਕੇ ਮੰਦਰ ਬਣਾਉਣਾ ਵੀ ਸ਼ੁਰੂ ਕਰ ਦਿੱਤਾ। ਇਸ ਨਾਲ ਕਿਸਾਨ ਦੀ ਮੁਸੀਬਤ ਆ ਗਈ। ਉਸ ਨੇ ਵਿਰੋਧ ਕੀਤਾ, ਤਾਂ ਪਖੰਡ ਕਰਨ ਵਾਲੇ ਗੁੱਸੇ ਵਿੱਚ ਉੱਚੀ-ਉੱਚੀ ਬੋਲਣ ਲੱਗੇ। ਕਿਸਾਨ ਨੇ ਕਿਸੇ ਤਰ੍ਹਾਂ ਪੁਲਿਸ ਦੀ ਮਦਦ ਲਈ। ਪੁਲਿਸ ਵੀ ਲਾਚਾਰ ਨਜ਼ਰ ਆਈ, ਤਾਂ ਉਸ ਨੇ ਰਾਤੋਰਾਤ ਨਲਕੇ ਨੂੰ ਪੁੱਟ ਕੇ ਇਸ ਮੁਸੀਬਤ ਤੋਂ ਛੁਟਕਾਰਾ ਪਾਇਆ।

ਜ਼ਮੀਨ ਤੋਂ ਮਿਠਾ ਪਾਣੀ ਨਿਕਲਣਾ ਕੋਈ ਚਮਤਕਾਰ ਨਹੀਂ ਹੈ, ਸਗੋਂ ਇਹ ਸਾਧਾਰਣ ਜਿਹੀ ਗੱਲ ਹੈ ਕਿ ਕੁੱਝ ਜਾਗ੍ਹਾ ਉੱਤੇ ਜੇਕਰ ਡੂੰਘਾਈ ਤੱਕ ਬੋਰਿੰਗ ਕੀਤੀ ਜਾਵੇ, ਤਾਂ ਉਸ ਦਾ ਪਾਣੀ ਵਿੱਚ ਮਿਠਾਸ ਹੁੰਦੀ ਹੈ।

ਕਈ ਵਾਰ ਤਾਂ ਪਖੰਡੀ ਨਾਗਿਨ ਨਾਲ ਵਿਆਹ ਹੋਣ, ਲੜਕੀ ਦੇ ਦੇਵੀ ਹੋਣ ਅਤੇ ਜਿੰਦਾ ਸਮਾਧੀ ਲੈਣ ਵਰਗੇ ਗਲਤ ਪ੍ਰਚਾਰ ਕਰਕੇ ਭੀੜ ਇਕੱਠੀ ਕਰਦੇ ਹਨ। ਅੰਧਵਿਸ਼ਵਾਸੀਆਂ ਦੀ ਭੀੜ ਲੱਗਦੀ ਹੈ ਅਤੇ ਚੜ੍ਹਾਵੇ ਦੇ ਰੂਪ ਵਿੱਚ ਉਹ ਲੱਖਾਂ ਰੁਪਏ ਡਕਾਰ ਜਾਂਦੇ ਹਨ। ਅਜਿਹੇ ਤਮਾਸ਼ਿਆਂ ਨੂੰ ਪੁਲਿਸ ਵੀ ਚੁੱਪ ਹੋ ਕੇ ਦੇਖਦੀ ਹੈ, ਸਗੋਂ ਆਵਾਜਾਈ ਦਾ ਪ੍ਰਬੰਧ ਦੀ ਸੰਭਾਲਦੀ ਸੀ।

ਝਾਰਖੰਡ ਸੂਬੇ ਵਿੱਚ ਰਾਂਚੀ ਦਾ ਇੱਕ ਮਾਮਲਾ ਹੈਰਾਨ ਕਰਨ ਵਾਲਾ ਹੈ। ਦਰਅਸਲ, ਇੱਕ ਪਰਵਾਰ ਆਪਣੀ ਮਾਂਗਲੀ ਨਾਂ ਦੀ ਪੁੱਤਰੀ ਦਾ ਵਿਆਹ ਕਰਾਉਣਾ ਚਾਹੁੰਦਾ ਸੀ। ਉਸ ਨੇ ਇਸ ਬਾਰੇ ਇੱਕ ਤਾਂਤਰਿਕ ਨਾਲ ਗੱਲ ਕੀਤੀ ਤਾਂ ਤਾਂਤਰਿਕ ਨੇ ਦੱਸਿਆ ਕਿ ਲੜਕੀ ਦੇ ਸਰੀਰ ਵਿੱਚ ਖ਼ਤਰਨਾਕ ਪ੍ਰੇਤ ਹੈ। ਉਸਦੀ ਕਿਧਰੇ ਸ਼ਾਦੀ ਕਰਨ ਤੋਂ ਪਹਿਲਾਂ ਕੁੱਤੇ ਨਾਲ ਸ਼ਾਦੀ ਕਰਨੀ ਹੋਵੇਗੀ, ਤਦੇ ਉਸਦੇ ਸ਼ਰੀਰ ਦਾ ਭੂਤ ਨਿਕਲੇਗਾ। ਜੇਕਰ ਅਜਿਹਾ ਨਹੀਂ ਕੀਤਾ ਗਿਆ ਤਾਂ ਸਾਰਾ ਪਿੰਡ ਹੀ ਤਬਾਹ ਹੋ ਜਾਵੇਗਾ।

ਲੜਕੀ ਦਾ ਪਿਤਾ ਅਮਨ ਮੁੰਡਾ ਅਤੇ ਪਿੰਡ ਵਾਲੇ ਝਾਂਸੇ ਵਿੱਚ ਆ ਗਏ। ਇਸ ਦੇ ਬਾਅਦ ਪਿੰਡ ਦੇ ਇੱਕ ਅਵਾਰਾ ਕੁੱਤੇ ਨੂੰ ਫੜ੍ਹ ਲਿਆ ਗਿਆ। ਨਿਸ਼ਚਿਤ ਤਾਰੀਕ ਉੱਤੇ ਵਿਆਹ ਦੀਆਂ ਸਾਰੀਆਂ ਰਸਮਾਂ ਨੂੰ ਨਿਭਾਇਆ ਗਿਆ।

ਸਮਾਰੋਹ ਵਿੱਚ ਸਾਰਾ ਪਿੰਡ ਅਤੇ ਅਮਨਮੁੰਡਾ ਦੇ ਰਿਸ਼ਤੇਦਾਰ ਸ਼ਾਮਲ ਹੋਏ। ਸਾਰਿਆਂ ਨੇ ਪ੍ਰੀਤੀ ਭੋਜਨ ਦਾ ਮਜ਼ਾ ਲਿਆ। ਕੁੱਤੇ ਨੂੰ ਦੂਲਹੇ ਵਰਗੀ ਇੱਜ਼ਤ ਦਿੱਤੀ ਗਈ। ਸਾਰੇ ਤਮਾਸ਼ੇ ਨੂੰ ਕੁੱਤਾ ਬੇਚਾਰਾ ਚੁੱਪਚਾਪ ਦੇਖਦਾ ਰਿਹਾ।

ਦਿੱਲੀ ਦੇ ਨਹਿਰੂ ਨਗਰ ਇਲਾਕੇ ਦੀ ਰਹਿਣ ਵਾਲੀ ਇੱਕ ਇਸਤਰੀ ਮੀਨਾ ਬੇਔਲਾਦ ਸੀ। ਉਸਨੂੰ ਕਿਸੇ ਨੇ ਸਲਾਹ ਦਿੱਤੀ ਕਿ ਤਾਂਤਰਿਕਾਂ ਨੂੰ ਮਿਲੇ, ਉਹੀ ਝਾੜਫੂਕ ਨਾਲ ਪੈਦਾ ਕਰਾ ਸਕਦੇ ਹਨ। ਉਸ ਨੇ ਅਜਿਹਾ ਹੀ ਕੀਤਾ ਅਤੇ ਉਹ ਸਾਹਿਬਾਬਾਦ ਇਲਾਕੇ ਵਿੱਚ ਬੰਗਾਲੀ ਬਾਬਾ ਦੇ ਨਾਂ ਨਾਲ ਪਖੰਡ ਦੀ ਦੁਕਾਨ ਚਲਾ ਰਹੇ ਪਖੰਡੀ ਨੂੰ ਮਿਲੀ। ਪਖੰਡੀ ਨੇ ਦੱਸਿਆ ਕਿ ਉਸਦੇ ਅੰਦਰ ਇੱਕ ਜਿੰਨ ਹੈ, ਜਿਹੜਾ ਬੱਚੇ ਪੈਦਾ ਨਹੀਂ ਹੋਣ ਦੇ ਰਿਹਾ। ਇਸ ਦੇ ਲਈ ਉਸਨੂੰ ਪੂਜਾ ਕਰਨੀ ਹੋਵੇਗੀ ਨਾਲ ਹੀ ਦੋ ਹੋਰ ਤਾਂਤਰਿਕਾਂ ਨੂੰ ਵੀ ਬੁਲਾਉਣਾ ਪਵੇਗਾ। ਹੌਲੀ ਹੌਲੀ ਕਰ ਕੇ ਉਸਨੇ ਜਨਾਨੀ ਤੋਂ ਹਜ਼ਾਰਾਂ ਰੁਪਏ ਝਟਕ ਲਏ। ਬੱਚੇ ਪੈਦਾ ਕਰਨ ਦੀ ਇੱਛਾ ਵਿੱਚ ਇਸਤਰੀ ਜਦ ਪੂਰੀ ਤਰ੍ਹਾਂ ਉਹਨਾਂ ਦੇ ਝਾਂਸੇ ਵਿੱਚ ਆ ਗਈ, ਤਾਂ ਉਹਨਾਂ ਨੇ ਜਿਨ ਕੱਢਣ ਦੇ ਨਾਂ ਉੱਤੇ 30 ਅਗਸਤ ਨੂੰ ਆਪਣੇ ਇੱਥੇ ਬੁਲਵਾ ਲਿਆ।

ਤੰਤਰ ਕਿਰਿਆ ਦੇ ਨਾਂ ਉੱਤੇ ਵਸੀਮ, ਯਾਕੂਬ ਅਤੇ ਆਰਿਫ਼ ਨੇ ਉਸ ਇਸਤਰੀ ਦੇ ਨਾਲ ਛੇੜਛਾੜ ਕਰਕੇ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਜਨਾਨੀ ਨੇ ਸ਼ੋਰ ਮਚਾ ਦਿੱਤਾ, ਤਾਂ ਆਸਪਾਸ ਦੇ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਮਾਰਕੁੱਟ ਕਰ ਕੇ ਪਖੰਡੀਆਂ ਦਾ ਭੂਤ ਉਤਾਰ ਦਿੱਤਾ।

ਮੌਕੇ ਉੱਤੇ ਪਹੁੰਚੀ ਪੁਲਿਸ ਨੇ ਤਿੰਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। ਮੀਨਾ ਅੰਧਵਿਸ਼ਵਾਸ ਵਿੱਚ ਨਾ ਪਈ ਹੁੰਦੀ, ਤਾਂ ਸ਼ਾਇਦ ਉਸ ਦੀ ਇੱਜ਼ਤ ਉੱਤੇ ਹੱਥ ਪਾਉਣ ਦੀ ਨੌਬਤ ਨਾ ਆਈ ਹੁੰਦੀ।

ਅੰਧਵਿਸ਼ਵਾਸ ਦੇ ਵਿਰੁੱਧ ਮੁਹਿੰਮ ਚਲਾਉਣ ਵਾਲੇ ਪੇਸ਼ੇ ਤੋਂ ਵਿਗਿਆਨਕ ਦੀਪਕ ਸ਼ਰਮਾਂ ਜੀ ਕਹਿੰਦੇ ਹਨ ਕਿ ਅੰਧਵਿਸ਼ਵਾਸ ਵਿੱਚ ਪੈਣ ਵਾਲੇ ਲੋਕਾਂ ਦਾ ਵੀ ਬਾਈਕਾਟ ਹੋਣਾ ਚਾਹੀਦਾ ਹੈ ਅਤੇ ਸਖਤ ਕਾਨੂੰਨ ਬਣਾ ਕੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਧਨਵਾਦ ਸਹਿਤ ਮੈਗਜ਼ੀਨ 'ਸਰਸ ਸਲਿਲ' ਨਵੰਬਰ (ਦੂਜਾ) 2014

# ਜਾਦੂ ਦੇ ਟਰਿੱਕ

**ਸਰਜੀਤ ਤਲਵਾਰ**



## ਸਦਾ ਬਹਾਰ ਝਰਨਾ

ਜਾਦੂਗਰ (ਟਰਿੱਕ ਮਾਸਟਰ) ਸਟੇਜ਼ ਤੇ ਆਉਂਦਾ ਹੈ। ਇਕ ਜੱਗ ਵਿਚ ਥੋੜ੍ਹਾ ਜਿਹਾ ਪਾਣੀ ਪਾਉਂਦਾ ਹੈ। ਫੇਰ ਮੂੰਹ ਵਿਚ ਕੁਝ ਮੰਤਰ ਜਿਹੇ ਪੜ੍ਹਦਾ ਹੈ। ਜੱਗ ਨੂੰ ਉਲਟਾ ਕੇ ਸਾਰਾ ਪਾਣੀ ਡੋਲ੍ਹ ਦਿੰਦਾ ਹੈ। ਖਾਲੀ ਜੱਗ ਨੂੰ ਮੇਜ਼ ਤੇ ਰੱਖ ਦਿੰਦਾ ਹੈ। ਫੇਰ ਹੋਰ ਟਰਿੱਕ ਕਰਨ ਲੱਗਦਾ ਹੈ। ਉਸਦੇ ਬਾਅਦ ਫੇਰ ਜੱਗ ਉਠਾਉਂਦਾ ਸੀ। ਉਲਟਾ ਕਰਦਾ ਹੈ ਹੋਰ ਪਾਣੀ ਨਿਕਲਦਾ ਹੈ। ਇਸ ਤਰ੍ਹਾਂ ਕਈ ਵਾਰੀ ਖਾਲੀ ਜੱਗ ਕਰਕੇ ਉਹ ਦਰਸ਼ਕਾਂ ਦਾ ਮਨ ਮੋਹ ਲੈਂਦਾ ਹੈ।

ਲੋੜੀਂਦਾ ਸਾਮਾਨ : ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਡਬਲ ਤੈਹ ਵਾਲਾ ਜੱਗ, ਬਰਫ਼ ਦੇ ਟੁਕੜੇ, ਥੋੜ੍ਹਾ ਜਿਹਾ ਪਾਣੀ।

ਪੂਰਵ ਤਿਆਰੀ : ਜੱਗ ਨੂੰ ਬਰਫ਼ ਦੇ ਟੁਕੜਿਆਂ (ਕਿਊਬਜ਼) ਨਾਲ ਭਰ ਲਵੋ। ਮੂੰਹ ਨੂੰ ਤਾਰ ਦੀ ਬਾਰੀਕ ਜਾਲੀ ਨਾਲ ਬੰਦ ਨਾਲ ਬੰਦ ਕਰ ਦੇਵੋ।

ਪ੍ਰਦਰਸ਼ਨ : ਸਟੇਜ਼ ਤੇ ਪ੍ਰਵੇਸ਼ ਕਰਦਿਆਂ ਟਰਿੱਕ ਮਾਸਟਰ ਦਰਸ਼ਕਾਂ ਨੂੰ ਆਖਦਾ ਹੈ। ਪਾਣੀ ਦੀ ਬੜੀ ਦਿੱਕਤ ਹੈ। ਲੋੜ ਵੀ ਬਹੁਤ ਹੈ। ਲਓ ਆਹ ਇਕ ਸਦਾ ਬਹਾਰ ਝਰਨਾ ਸੀ – ਜੀ ਹਾਂ ਇਹ ਸਦਾ ਬਹਾਰ ਪਾਣੀ ਦਾ ਝਰਨਾ ਹੈ। ਜਿਸ ਵਿਚੋਂ ਜਲ ਕਦੇ ਵੀ ਮੁੱਕਦਾ ਨਹੀਂ, ਜੱਗ ਨੂੰ ਉਲਟਾ ਦਿੰਦਾ ਹੈ ਕੁਝ ਤੁਪਕੇ ਪਾਣੀ ਡੁਲ੍ਹਦਾ ਹੈ ਬੰਦ ਹੋ ਜਾਂਦਾ ਹੈ। ਦਰਸ਼ਕ ਹੱਸਦੇ ਹਨ ਕਿ ਸਦਾ ਬਹਾਰ ਝਰਨਾ ਤਾਂ ਸੁੱਕ ਗਿਆ। ਟਰਿੱਕ ਮਾਸਟਰ ਵੀ ਹੈਰਾਨ ਹੋ ਜਾਂਦਾ ਹੈ। ਠੀਕ ਐ ਗਲਤੀ ਹੋ ਗਈ ਮੰਤਰ ਤਾਂ ਪੜ੍ਹਿਆ ਹੀ ਨਹੀਂ, ਉਹ ਇਕ ਗਲਾਸ ਵਿਚ ਥੋੜਾ ਜਿਹਾ ਪਾਣੀ ਲੈ ਕੇ ਮੰਤਰ ਪੜ੍ਹਨ ਦਾ ਨਾਟਕ ਕਰਦਾ ਹੈ ਅਤੇ ਇਹ ਮੰਤਰਿਆਂ ਜਲ ਦੋ ਘੁੱਟਾਂ ਜੱਗ ਵਿਚ ਪਾ ਦਿੰਦਾ ਹੈ। ਕੁਝ ਦੇਰ ਅੰਤਰ ਧਿਆਨ ਹੁੰਦਾ ਹੈ ਪ੍ਰਾਰਥਨਾ ਕਰਨ ਦੀਆਂ ਅਦਾਵਾਂ ਕਰਦਾ ਹੈ। ਜੱਗ ਨੂੰ ਉਲਟਾਉਂਦਾ ਹੈ – ਕਿੰਨਾ ਸਾਰਾ ਪਾਣੀ ਨਿਕਲਦਾ ਹੈ –ਫੇਰ ਰੁਕ ਜਾਂਦਾ ਹੈ, ਟਰਿੱਕ ਮਾਸਟਰ ਜੱਗ ਨੂੰ ਮੇਜ਼ ਤੇ ਰੱਖ ਕੇ ਹੋਰ ਟਰਿੱਕ ਵਿਖਾਉਂਦਾ ਹੈ, ਟਰਿੱਕ ਦੇ ਖਾਤਮੇ ਬਾਅਦ ਫੇਰ ਜੱਗ ਨੂੰ ਚੁੱਕਕੇ ਉਲਟਾ ਕਰਦਾ ਹੈ ਫੇਰ ਪਾਣੀ ਨਿਕਲਦਾ ਹੈ। ਜੱਗ ਖਾਲੀ ਕਰਨ ਬਾਅਦ ਮੁੜ ਮੇਜ਼ ਤੇ ਟਿਕਾ ਦਿੰਦਾ ਹੈ, ਹੋਰ ਟਰਿੱਕ ਵਿਖਾਉਂਦਾ ਹੈ। ਫੇਰ ਜੱਗ ਉਲਟਾਉਂਦਾ ਹੈ, ਉਸ ਵਿਚੋਂ ਹੁਣ ਵੀ ਪਾਣੀ ਨਿਕਲਦਾ ਹੈ। ਕਿੰਨੇ ਹੀ ਵਾਰੀ ਇਸ ਤਰ੍ਹਾਂ ਕਰਕੇ ਵਿਖਾਉਣ ਬਾਅਦ ਟਰਿੱਕ ਮਾਸਟਰ ਜੇਤੂ ਅੰਦਾਜ਼ ਵਿਚ ਆਖਦਾ ਹੈ –"ਕਿਉਂ ਹੈ ਨਾ ਇਹ ਜਲ ਦਾ ਸਦਾ ਬਹਾਰ ਝਰਨਾ" ਦਰਸ਼ਕ ਪ੍ਰਸੰਨ ਹੋ ਕੇ ਤਾੜੀਆਂ ਮਾਰਦੇ ਹਨ।

## ਢਕੇ ਹੋਏ ਪਾਸ਼ੇ ਉਪਰਲੀ ਗਿਣਤੀ ਦੱਸਣਾ

ਟਰਿੱਕ ਮਾਸਟਰ ਸਟੇਜ਼ ਤੇ ਆਕੇ ਇਕ ਪਾਸ਼ਾ ਦਰਸ਼ਕਾਂ ਨੂੰ ਵਿਖਾਉਂਦਾ ਹੈ। ਇਕ ਦਰਸ਼ਕ ਪਾਸੇ ਨੂੰ ਘੁਮਾਉਂਦਾ ਹੈ। ਟਰਿੱਕ ਮਾਸਟਰ ਦਾ ਮੂੰਹ ਦਰਸ਼ਕਾਂ ਤੋਂ ਦੂਜੇ ਪਾਸੇ ਨੂੰ ਹੁੰਦਾ ਹੈ। ਉਹ ਪਾਸਾ ਵੇਖ ਨਹੀਂ ਸਕਦਾ। ਉਸਦਾ ਸਹਾਇਕ ਇਕ ਆਈਸ–ਕਰੀਮ ਵਾਲੇ ਕੱਚ ਜਾਂ ਗਿਲਾਸ ਦੇ ਨਾਲ ਪਾਸੇ ਨੂੰ ਢੱਕ ਦਿੰਦਾ ਹੈ। ਦਰਸ਼ਕ ਨੂੰ ਮੇਜ਼ ਤੋਂ ਪਰ੍ਹਾਂ ਕੁਰਸੀ ਤੇ ਬਿਠਾ ਦਿੱਤਾ ਜਾਂਦਾ ਹੈ। ਟਰਿੱਕ ਮਾਸਟਰ ਮੇਜ਼ ਵੱਲੀ ਆਉਂਦਾ ਹੈ। ਗਿਲਾਸ ਵਿਚ ਦੀ ਵੇਖਦਾ ਹੈ ਅਤੇ ਪਾਸ਼ੇ ਦੇ ਉਪਰਲੇ ਪਾਸੇ ਦੀ ਗਿਣਤੀ ਦੱਸਕੇ ਦਰਸ਼ਕਾਂ ਨੂੰ ਹੈਰਾਨ ਕਰ ਦਿੰਦਾ ਹੈ।

ਲੋੜੀਂਦਾ ਸਾਮਾਨ : ਇਕ ਪਾਸਾ, ਕਾਗਜ਼ ਦਾ ਆਈਸ ਕਰੀਮ ਵਾਲਾ ਕੱਪ ਜਾਂ ਗਿਲਾਸ।

ਪੂਰਵ ਤਿਆਰੀ : ਗਿਲਾਸ ਦੇ ਉੱਪਰ ਐਨ ਵਿਚਕਾਰ ਵੇਖਣ ਲਈ ਇਕ ਮੋਰੀ ਕਰ ਲਵੋ।

ਪ੍ਰਦਰਸ਼ਨ : "ਤੁਹਾਡੇ ਵਿਚੋਂ ਕੋਈ ਇਕ ਜਣਾ ਸਟੇਜ਼ ਤੇ ਆ ਜਾਵੇ– ਹਾਂ ਤੂੰ ਹੀ ਜਾ" ਜਦੋਂ ਦਰਸ਼ਕ ਸਟੇਜ਼ ਤੇ ਆ ਜਾਂਦਾ ਹੈ ਤਾਂ ਟਰਿੱਕ ਮਾਸਟਰ ਉਸਨੂੰ ਸਮਝਾਉਂਦਾ ਹੈ ਕਿ ਉਹ ਇਸ ਢੱਕੇ ਹੋਏ ਪਾਸੇ ਦਾ ਉਪਰਲੇ ਪਾਸੇ ਵਾਲੀ ਗਿਣਤੀ ਦੇਖ ਦੇਏਗਾ। ਫੇਰ ਮੇਜ਼ ਤੋਂ ਦੂਰ ਚਲਾ ਜਾਂਦਾ ਹੈ। ਦਰਸ਼ਕ ਪਾਸੇ ਨੂੰ ਘੁਮਾਕੇ ਫਿਰਾਕੇ ਮੇਜ਼ ਉੱਪਰ ਸੁੱਟ ਦਿੰਦਾ ਹੈ। ਤੁਰੰਤ ਟਰਿੱਕ ਮਾਸਟਰ ਦਾ ਸਹਾਇਕ ਗਿਲਾਸ ਨਾਲ ਪਾਸੇ ਨੂੰ ਢੱਕ ਲੈਂਦਾ ਹੈ ਅਤੇ ਦਰਸ਼ਕ ਨੂੰ ਮੇਜ਼ ਤੋਂ ਦੂਰ ਪਈ ਕੁਰਸੀ ਤੇ ਜਾ ਕੇ ਆਰਾਮ ਕਰਨ ਲਈ ਆਖਦਾ ਹੈ। ਟਰਿੱਕ ਮਾਸਟਰ ਅੱਖਾਂ ਮਲਦਾ ਹੋਇਆ ਮੇਜ਼ ਕੋਲ ਆ ਜਾਂਦਾ ਹੈ। ਗਿਲਾਸ ਵਿਚ ਦੀ ਵੇਖਕੇ ਉਹ ਆਖਦਾ ਹੈ ਇਸ ਉਪਰਲੀ ਗਿਣਤੀ ਤਾਂ 5 ਹੈ। ਗਿਲਾਸ ਚੁੱਕਕੇ ਉਹ ਮੇਜ਼ ਤੋਂ ਦੂਰ ਚਲਿਆ ਜਾਂਦਾ ਹੈ। ਦਰਸ਼ਕ ਗਿਣਤੀ ਸਹੀ ਹੋਣ ਦੀ ਪੁਸ਼ਟੀ ਕਰਦਾ ਹੈ। ਦਰਸ਼ਕ ਹੈਰਾਨ ਹੋ ਜਾਂਦੇ ਹਨ।

## ਜਾਦੂਈ ਕੇਲਾ

ਇਕ ਛਿਲਕੇ ਸਮੇਤ ਕੇਲਾ ਟਰਿੱਕ ਮਾਸਟਰ ਦਰਸ਼ਕਾਂ ਨੂੰ ਵਿਖਾਉਂਦਾ ਹੈ। ਉਸ ਉੱਪਰ ਪੰਜ ਥਾਵਾਂ ਤੇ ਧਾਗਾ ਲਪੇਟ ਦਿੰਦਾ ਹੈ। ਫੇਰ ਸੱਤ ਵਾਰੀ ਫੂਕਾਂ ਮਾਰਦਾ ਹੈ। ਇਕ ਬੱਚੇ ਨੂੰ ਬੁਲਾਕੇ ਇਹ ਕੇਲਾ ਛਿਲਕੇ ਖਾਣ ਲਈ ਆਖਦਾ ਹੈ। ਦਰਸ਼ਕ ਹੈਰਾਨ ਰਹਿ ਜਾਂਦੇ ਹਨ ਇਹ ਵੇਖਕੇ ਕਿ ਕੇਲਾ ਅੰਦਰੋਂ ਸੱਤ ਥਾਵਾਂ ਤੋਂ ਕੱਟਿਆ ਹੋਇਆ ਹੁੰਦਾ ਹੈ।



ਲੋੜੀਂਦਾ ਸਾਮਾਨ : ਛੇ–ਸੱਤ ਸਖਤ ਜਿਹੇ ਕੇਲੇ, ਕੰਧੂਈ ਸੂਈ, ਇਕ ਧਾਗਾ ਜਾਂ ਮੌਲੀ (ਖੰਮਣੀ)

ਪੂਰਵ ਤਿਆਰੀ : ਇਕ ਕੇਲਾ ਲੈ ਕੇ ਕੰਧੂਈ ਸੂਈ ਨਾਲ ਅੰਦਰ ਦੀ ਚਿੱਤਰ ਵਿਚ ਦਰਸਾਏ ਅਨੁਸਾਰ ਕੇਲੇ ਨੂੰ ਸੱਤ ਥਾਵਾਂ ਤੋਂ ਕੱਟ ਦੇਵੋ। ਸੂਈ ਕੇਲੇ ਤੋਂ ਬਾਹਰ ਨਾ ਨਿਕਲੇ ਇਹ ਧਿਆਨ ਰੱਖਣਾ ਹੈ ਨਹੀਂ ਤਾਂ ਉਪਰਲਾ ਛਿਲਕਾ ਖਰਾਬ ਹੋ ਜਾਵੇਗਾ।

ਪ੍ਰਦਰਸ਼ਨ : "ਭੁੱਖ ਤਾਂ ਮੈਨੂੰ ਵੀ ਬਹੁਤ ਲੱਗੀ ਹੈ – ਕਿੰਨੀ ਦੂਰ ਤੋਂ ਆਇਆ ਹਾਂ ਮੈਂ ਤੁਹਾਡਾ ਮਨੋਰੰਜਨ ਕਰਨ ਦੇ ਲਈ – ਪਰ ਤੁਸੀਂ ਹੋ ਕਿ ਰੋਟੀ ਪਾਣੀ ਦਾ ਨਾਂ ਵੀ ਨਹੀਂ ਲਿਆ" ਟਰਿੱਕ ਮਾਸਟਰ ਦਰਸ਼ਕਾਂ ਨੂੰ ਉਲਾਂਭਾ ਦਿੰਦਾ ਹੈ। ਫੇਰ ਇਕ ਕੇਲਾ ਛਿਲਕੇ ਕੇ ਖਾ ਜਾਂਦਾ ਹੈ, "ਨਹੀਂ ਜੇ ਮੈਨੂੰ ਭੁੱਖ ਲੱਗੀ ਹੈ ਤਾਂ ਔਹ ਬੱਚੀ ਨੂੰ ਵੀ ਜ਼ਰੂਰ ਲੱਗੀ ਹੋਊ–ਆ ਬੇਟਾ ਸਟੇਜ਼ ਤੇ, ਮੈਂ ਤੈਨੂੰ ਕੇਲਾ ਖਵਾਵਾਂਗਾ।" ਬੱਚੀ ਸਟੇਜ਼ ਤੇ ਆ ਜਾਂਦੀ ਹੈ। ਟਰਿੱਕ ਮਾਸਟਰ ਇਕ ਕੇਲਾ ਚੁੱਕਦਾ ਹੈ। ਉਸ ਉੱਪਰ ਖੰਮਣੀ ਲਪੇਟਦਾ ਹੈ ਸੱਤ ਥਾਵਾਂ ਤੇ ਥੋੜੀ–ਥੋੜੀ ਦੂਰੀ ਤੇ। ਫੇਰ ਸੱਤ ਫੂਕਾਂ ਮਾਰਦਾ ਹੈ। ਬੱਚੀ ਨੂੰ ਕੇਲਾ ਫੜਾਉਂਦਾ ਹੈ। ਛਿੱਲਣ ਲਈ ਹੱਥ ਸਿਰ ਦੇ ਬਰਾਬਰ ਸਾਹਮਣੇ ਉੱਚਾ ਕਰਨ ਲਈ ਆਖਦਾ ਹੈ। ਜਦੋਂ ਬੱਚੀ ਕੇਲਾ ਛਿੱਲਦੀ ਹੈ ਤਾਂ ਇਕ–ਇਕ ਕਰਕੇ ਸੱਤ ਟੁਕੜੇ ਕੇਲੇ ਦੇ ਹੇਠਾਂ ਡਿੱਗ ਪੈਂਦੇ ਹਨ। ਸਾਰੇ ਹੈਰਾਨ ਰਹਿ ਜਾਂਦੇ ਹਨ। ਖੰਮਣੀ ਦੀ 'ਸ਼ਕਤੀ' ਵੇਖਕੇ! ਬੱਚੀ ਪ੍ਰੇਸ਼ਾਨ ਨਾ ਹੋਵੇ ਟਰਿੱਕ ਮਾਸਟਰ ਮੇਜ਼ ਤੇ ਪਏ ਕੇਲਿਆਂ ਵਿਚੋਂ ਇਕ ਕੇਲਾ ਉਸਨੂੰ ਖਾਣ ਲਈ ਦੇ ਦਿੰਦਾ ਹੈ।



## ਸੰਗਤਰੇ ਦਾ ਸੇਬ ਬਣਾਉਣਾ

ਜਾਦੂਗਰ ਮੇਜ਼ ਤੇ ਸੇਬ ਅਤੇ ਸੰਗਤਰਾ ਰੱਖਦਾ ਹੈ। ਆਪਣੇ ਜਾਦੂ ਦੇ ਨਾਲ ਸੰਗਤਰੇ ਦਾ ਸੇਬ ਬਣਾ ਦਿੰਦਾ ਹੈ, ਅਤੇ ਸੇਬ ਨੂੰ ਗਾਇਬ ਕਰ ਦਿੰਦਾ ਹੈ। ਫਿਰ ਸੰਗਤਰੇ ਨੂੰ ਸੇਬ ਵਿਚੋਂ ਕੱਢ ਕੇ ਦਿਖਾਉਂਦਾ ਹੈ। ਜਾਦੂ ਦੇ ਇਸ ਖੇਲ ਨੂੰ ਦੇਖ ਕੇ ਦਰਸ਼ਨ ਹੈਰਾਨ ਹੋ ਜਾਂਦੇ ਹਨ ਅਤੇ ਸੋਚਣ ਤੇ ਮਜਬੂਰ ਹੋ ਜਾਂਦੇ ਹਨ ਕਿ ਇਹ ਸਭ ਕੁਝ ਕਿਵੇਂ ਹੋਇਆ।

ਜਾਦੂ ਦਾ ਸਾਮਾਨ : ਦੋ ਸੇਬ ਅਤੇ ਦੋ ਸੰਗਤਰੇ। ਇਕ ਛੋਟਾ ਤੌਲੀਆ, ਗੱਤੇ ਦਾ ਇਕ ਕੀਪਨੁਮਾ (ਪਿਰਾਮਿਡ) ਡੌਂਗਾ, ਉਨ੍ਹਾਂ ਹੀ ਵੱਡਾ ਜਿਸ ਵਿਚ ਸੇਬ ਅਸਾਨੀ ਨਾਲ ਖਪ ਜਾਵੇ।

ਜਾਦੂ ਵਿਖਾਉਣ ਦੀ ਤਿਆਰੀ : ਸਭ ਤੋਂ ਪਹਿਲਾਂ ਕਿਸੇ ਮੋਟੇ ਗੱਤੇ ਦਾ ਨੋਕਦਾਰ (ਕੀਪਨੁਮਾ) ਡੌਂਗਾ ਤਿਆਰ ਕਰੋ। ਜਿਵੇਂ ਚਿੱਤਰ ਦੇ ਵਿੱਚ ਦਿਖਾਇਆ ਗਿਆ ਹੈ। ਇਸ ਦੀ ਉਚਾਈ 10-12 ਇੰਚ ਤੋਂ ਘੱਟ ਨਾ ਹੋਵੇ ਅਤੇ ਮੂੰਹ ਦਾ ਵਿਆਸ ਇੰਨਾ ਹੋਵੇ ਕਿ ਉਹ ਸੇਬ ਇਸ ਦੇ ਵਿਚ ਅਸਾਨੀ ਨਾਲ ਸਮਾਅ ਜਾਵੇ ਜਿਹੜਾ ਦਰਸ਼ਕਾਂ ਨੂੰ ਤੁਸੀਂ ਦਿਖਾਉਣਾ ਹੈ। ਹੁਣ ਇਸ ਡੌਂਗੇ ਦੇ ਅੰਦਰ ਇਕ ਨੋਕਦਾਰ (ਤਿੱਖੀ) ਤਾਰ ਇਸ ਤਰ੍ਹਾਂ ਲਗਾਓ ਕਿ ਜਦੋਂ ਤੁਸੀਂ ਸੇਬ ਦੇ ਉੱਪਰ ਡੌਂਗੇ ਨੂੰ ਰੱਖੋ ਤਾਂ ਉਹ ਇਕ-ਤਿਹਾਈ (1/3) ਸੇਬ ਦੇ ਅੰਦਰ ਘੁਸ ਜਾਵੇ। ਤਾਰ ਵਿਚ ਇਨ੍ਹਾਂ ਟੇਪਰ ਜ਼ਰੂਰ ਹੋਣਾ ਚਾਹੀਦਾ ਹੈ ਕਿ ਉਹ ਸੇਬ ਦੇ ਵਿਚ ਅਸਾਨੀ ਨਾਲ ਚਲਾ ਜਾਵੇ ਅਤੇ ਮੁੜੇ ਨਾ। ਤਾਰ ਡੌਂਗੇ ਦੀ ਲੰਬਾਈ ਤੋਂ ਇਨਾ ਛੋਟਾ ਹੋਣਾ ਚਾਹੀਦਾ ਹੈ ਕਿ ਤੁਸੀਂ ਉਸ ਡੌਂਗੇ ਨੂੰ ਰੱਖੋ ਜਾਂ ਚੁੱਕੋ ਦਰਸ਼ਕਾਂ ਨੂੰ ਦਿਖਾਈ ਨਾ ਦੇਵੇ। ਇਸ ਤੋਂ ਬਾਅਦ ਤੁਸੀਂ ਦੋ ਅਜਿਹੇ ਸੰਗਤਰੇ ਲਓ ਜੋ ਅਕਾਰ ਅਤੇ ਰੰਗ ਵਿਚ ਬਿਲਕੁਲ ਇਕੋ ਜਿਹੇ ਹੋਣ। ਹੁਣ ਇਹ ਸੰਗਤਰੇ ਨੂੰ ਬਲੇਡ ਨਾਲ ਚੀਰ ਕੇ ਉਸਦੇ ਵਿਚਲਾ ਸਾਰਾ ਗੁੱਦਾ ਬਾਹਰ ਕੱਢ ਦੇਵੋ। ਇਹ ਕੰਮ ਸਾਵਧਾਨੀ ਨਾਲ ਕਰਨਾ ਪਵੇਗਾ। ਕਿਉਂਕਿ ਇਸ ਕੰਮ ਦੇ ਵਿਚ ਨਾ ਤਾਂ ਸੰਗਤਰੇ ਦਾ ਛਿਲਕਾ ਕਿਸੇ ਪਾਸੇ ਤੋਂ ਫਟਣਾ ਚਾਹੀਦਾ ਹੈ ਅਤੇ ਨਾ ਹੀ ਉਸ ਦੇ ਉੱਪਰ ਕਿਸੇ ਪ੍ਰਕਾਰ ਦਾ ਭੱਦਾਪਣ ਆਉਣਾ ਚਾਹੀਦਾ ਹੈ। ਇਸ ਤੋਂ ਬਾਅਦ ਉਸੇ ਅਕਾਰ ਦਾ ਸੇਬ ਲਓ ਅਤੇ ਸਾਵਧਾਨੀ ਦੇ ਨਾਲ ਉਸ ਨੂੰ ਸੰਗਤਰੇ ਦੇ ਵਿਚ ਪਾ ਪਾਓ। ਹੁਣ ਤੁਸੀਂ ਅਜਿਹਾ ਸੰਗਤਰਾ ਤਿਆਰ ਕਰ ਲਿਆ ਹੈ ਜਿਸ ਦੇ ਅੰਦਰ ਸੇਬ ਮੌਜੂਦ ਹੈ ਅਤੇ ਇਸ ਦੇ ਭੇਦ ਦਾ ਸਿਰਫ ਤੁਹਾਨੂੰ ਹੀ ਪਤਾ ਹੈ।

ਜਾਦੂ ਦਾ ਪ੍ਰਦਰਸ਼ਨ : ਅਸਲੀ ਸੰਗਤਰਾ ਤੁਸੀਂ ਆਪਣੀ ਜੇਬ ਦੇ ਵਿਚ ਹੀ ਰੱਖੋ ਅਤੇ ਨਕਲੀ ਸੰਗਤਰਾ (ਜਿਸ ਦੇ ਅੰਦਰ ਸੇਬ ਹੈ) ਅਤੇ ਸੇਬ ਦਰਸ਼ਕ ਦੇ ਸਾਹਮਣੇ ਰੱਖ ਦੇਵੋ ਮੇਜ਼ ਤੇ ਮੇਜ਼ ਦੇ ਦੋਨੋਂ ਕੋਨਿਆਂ ਦੇ ਉੱਪਰ ਗੱਤੇ ਦਾ ਡੌਂਗਾ ਅਤੇ ਤੌਲੀਆ ਕ੍ਰਮਵਾਰ ਰੱਖ ਦੇਵੋ। ਫਿਰ ਦਰਸ਼ਕਾਂ ਨੂੰ ਸੰਬੋਧਿਤ ਕਰਕੇ ਕਹੋ ਕਿ ਮੈਂ ਇਸ ਸੇਬ ਨੂੰ ਡੌਂਗੇ ਦੇ ਵਿਚ ਬੰਦ ਕਰ ਰਿਹਾ ਹੈ। ਡੌਂਗੇ ਨੂੰ ਸੇਬ ਦੇ ਉੱਪਰ ਇਸ ਤਰ੍ਹਾਂ ਦਬਾ ਕੇ ਰੱਖੋ ਕਿ ਅੰਦਰ ਦਾ ਤਾਰਾ ਸੇਬ ਦੇ ਵਿਚ ਘੁਸ ਜਾਵੇ ਅਤੇ ਸੇਬ ਉਸ ਦੇ ਵਿਚ ਅਟਕਿਆ ਰਹਿ ਜਾਵੇ। ਹੁਣ ਡੌਂਗੇ ਨੂੰ ਚੁੱਕ ਕੇ ਦੂਸਰੀ ਥਾਂ ਤੇ ਰੱਖ ਦੇਵੋ ਅਤੇ ਦਰਸ਼ਕਾਂ ਨੂੰ ਕਹੋ ਕਿ ਹੁਣ ਤੁਸੀਂ ਸੰਗਤਰੇ ਨੂੰ ਸੇਬ ਵਿਚ ਬਦਲਣ ਜਾ ਰਹੇ ਹੋ। ਤੌਲੀਆ ਚੁੱਕੋ ਅਤੇ ਉਸ ਨੂੰ ਸੰਗਤਰੇ ਦੇ ਉੱਪਰ ਪਾ ਦਿਓ ਅਤੇ ਇਸ ਤਰ੍ਹਾਂ ਤੌਲੀਆ ਚੁੱਕੋ ਕਿ ਸੰਗਤਰੇ ਦਾ ਛਿਲਕਾ ਨਾਲ ਹੀ ਆ ਜਾਵੇ ਅਤੇ ਸੇਬ ਉਥੇ ਹੀ ਰਹਿ ਜਾਵੇ। ਹੁਣ ਦਰਸ਼ਕ ਸੋਚਣਗੇ ਕਿ ਤੁਸੀਂ ਸੰਗਤਰੇ ਨੂੰ ਤਾਂ ਸੇਬ ਵਿਚ ਬਦਲ ਦਿੱਤਾ ਹੈ ਪਰ ਸੰਗਤਰਾ ਕਿਥੇ ਗਿਆ? ਹੁਣ ਆਪਣੀ ਜ਼ੇਬ ਦੇ ਵਿਚ ਹੱਥ ਪਾ ਕੇ ਪਹਿਲਾਂ ਤੋਂ ਰੱਖਿਆ ਹੋਇਆ ਸੰਗਤਰਾ ਕੱਢ ਕੇ ਦਰਸ਼ਕਾਂ ਦੇ ਸਾਹਮਣੇ ਰੱਖ ਦੇਵੋ ਅਤੇ ਨਾਲ ਹੀ ਕਹੋ ਕਿ "ਸੰਗਤਰਾ ਤਾਂ ਉੱਡ ਕੇ ਮੇਰੀ ਜੇਬ ਵਿਚ ਆ ਗਿਆ ਹੈ।" ਇਸ ਖੇਲ ਨੂੰ ਦੇਖ ਕੇ ਸਾਰੇ ਦਰਸ਼ਕ ਹੈਰਾਨੀ ਵਿਚ ਤੁਹਾਡੇ ਲਈ ਤਾੜੀਆਂ ਵਜਾਉਣਗੇ।

## ਮੇਖ ਨੇਲ ਦਾ ਉਂਗਲੀ ਦੇ ਆਰ-ਪਾਰ ਕਰਨਾ

ਜਾਦੂਗਰ ਦੇ ਕਹਿਣ ਤੇ ਇਕ ਦਰਸ਼ਕ ਜਾਦੂਗਰ ਦੀ ਉਂਗਲ ਦੇ ਵਿਚੋਂ ਆਰਪਾਰ ਕੱਢ ਦਿੰਦਾ ਹੈ ਪਰ ਕਿੱਲ ਉਂਗਲੀ ਦੇ ਵਿਚੋਂ ਮੇਖ ਆਰਪਾਰ ਹੋਣ ਤੇ ਵੀ ਜਾਦੂਗਰ ਨੂੰ ਨਾ ਤਾਂ ਕੋਈ ਦਰਦ ਹੁੰਦ ਹੈ ਅਤੇ ਨਾ ਹੀ ਉਸ ਦੀ ਉਂਗਲ ਦੇ ਵਿਚੋਂ ਲਹੂ ਨਿਕਲਦਾ ਹੈ।

ਜਾਦੂ ਦਾ ਸਾਮਾਨ : ਇਕ ਛੋਟਾ ਜਿਹਾ ਸੰਦੂਕ, ਥੋੜੀਆਂ ਜਿਹੀਆਂ ਲੋਹੇ ਦੀਆਂ ਮੇਖਾਂ, ਇਕ ਸਹਿਯੋਗੀ ਜੋ ਦਰਸ਼ਕਾਂ ਦੇ ਵਿਚ ਹੀ ਬੈਠਾ ਹੋਵੇਗਾ। ਇਕ ਵਿਸ਼ੇਸ਼ ਪ੍ਰਕਾਰ ਦੀ ਮੇਖ ਜਿਸ ਦਾ ਵਿਚਕਾਰਲਾ ਹਿੱਸਾ ਅੰਗਰੇਜੀ ਦੇ ਅੱਖਰ ਸੀ ਦੀ ਤਰ੍ਹਾਂ ਹੋਵੇ।

ਜਾਦੂ ਦਿਖਾਉਣ ਦੀ ਤਿਆਰੀ : ਉਸ ਵਿਸ਼ੇਸ਼ ਪ੍ਰਕਾਰ ਦੀ ਮੇਖ ਨੂੰ ਆਪਣੇ ਸਹਿਯੋਗੀ ਨੂੰ ਦੇ ਦੇਵੋ ਅਤੇ ਉਸਨੂੰ ਦਰਸ਼ਕਾਂ ਦੇ ਵਿਚ ਬੈਠਣ ਦੇ ਲਈ ਕਹੋ ਅਤੇ ਉਸ ਦੇ ਬਾਰੇ ਵਿਚ ਕਿਸੇ ਨੂੰ ਵੀ ਪਤਾ ਨਹੀਂ ਹੋਣਾ ਚਾਹੀਦਾ ਕਿ ਉਹ ਤੁਹਾਡਾ ਸਹਿਯੋਗੀ ਹੈ ਹੁਣ ਖਾਲੀ ਸੰਦੂਕ ਨੂੰ ਖੋਲ ਕੇ ਉਸ ਵਿਚ ਮੇਖਾਂ ਪਾ ਦਿਓ। ਇਹ ਕਿਰਿਆ ਦਰਸ਼ਕਾਂ ਦੇ ਸਾਹਮਣੇ ਹੀ ਕਰੋ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਹੁਣ ਦਰਸ਼ਕਾਂ ਨੂੰ ਸੰਬੋਧਿਤ ਕਰਦੇ ਹੋਏ ਕਹੋ ਕਿ, "ਮੈਂ ਤੁਹਾਨੂੰ ਜਾਦੂ ਦਾ ਉਹ ਖੇਲ ਦਿਖਾਉਣ ਜਾ ਰਿਹਾ ਹਾਂ ਜਿਸ ਦੇ ਵਿਚ ਇਕ ਲੰਬੀ ਲੋਹੇ ਦੀ ਮੇਖ ਮੇਰੀ ਉਂਗਲ ਦੇ ਵਿਚੋਂ ਹੀ ਆਰਪਾਰ ਕਰ ਦਿੱਤੀ ਜਾਵੇਗੀ ਪਰ ਮੇਰੀ ਉਂਗਲ ਦੇ ਵਿਚੋਂ ਲਹੂ ਨਹੀਂ ਨਿਕਲੇਗਾ ਅਤੇ ਨਾ ਹੀ ਮੈਨੂੰ ਕਿਸੇ ਪ੍ਰਕਾਰ ਦਾ ਦਰਦ ਹੋਵੇਗਾ। ਤੁਸੀਂ ਆਪਣੀ ਇਸ ਕਹੀ ਗੱਲ ਦਾ ਪ੍ਰਭਾਵ ਦੇਖਣ ਦੇ ਲਈ ਕੁਝ ਚਿਰ ਦੇ ਖਾਤਰ ਚੁੱਪ ਹੋ ਜਾਵੋ ਅਤੇ ਫਿਰ ਕਹੋ, "ਜੇਕਰ ਮੈਂ ਖੁਦ ਹੀ ਆਪਣੀ ਉਂਗਲ ਦੇ ਆਰਪਾਰ ਕਿਲ (ਮੇਖ) ਕੱਢ ਦਿੱਤੀ ਤਾਂ ਤੁਸੀਂ ਸਮਝੋਗੇ ਕਿ ਮੈਂ ਕੋਈ ਹੱਥ ਦੀ ਸਫਾਈ ਕੀਤੀ ਹੈ ਇਸ ਲਈ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਵਿਚੋਂ ਕੋਈ ਇਕ ਦਰਸ਼ਕ ਸਟੇਜ਼ ਤੇ ਆ ਕੇ ਇਸ ਕੰਮ ਨੂੰ ਕਰੇ।" ਤੁਸੀਂ ਦੇਖੋਗੇ ਕਿ ਦਰਜਨਾਂ ਹੀ ਹੱਥ ਉਠ ਜਾਣਗੇ। ਇਹ ਦੇਖ ਕੇ ਤੁਸੀਂ ਕਹੋਗੇ ਕਿ, "ਇਥੇ ਬਹੁਤ ਸਾਰੇ ਦਿਆਲੂ ਆਦਮੀ ਹਨ ਜੋ ਮੇਰੀ ਉਂਗਲ ਵਿਚ ਮੇਖ ਗੱਡਣ ਲਈ ਤਿਆਰ ਹਨ ਪਰ ਮੈਂ ਆਪਣੀ ਉਂਗਲ ਦੇ ਵਿਚੋਂ ਇਨ੍ਹੇ ਸੁਰਾਖ ਨਹੀਂ ਕਢਵਾਉਣਾ ਚਾਹੁੰਦਾ ਇਸ ਲਈ ਮੈਨੂੰ ਹੀ ਇਹ ਫੈਸਲਾ ਕਰਨਾ ਪਵੇਗਾ ਕਿ ਤੁਹਾਡੇ ਵਿਚੋਂ ਕਿਸ ਦਿਆਲੂ ਆਦਮੀ ਦੀ ਚੋਣ ਕਰਾਂ।" ਇਹ ਕਹਿ ਕੇ ਤੁਸੀਂ ਸਾਰੇ ਦਰਸ਼ਕਾਂ ਦੇ ਉੱਪਰ ਆਪਣੀ ਨਜ਼ਰ ਦੋ-ਤਿੰਨ ਵਾਰ ਘੁਮਾਓ ਅਤੇ ਅੰਤ ਵਿਚ ਇਕ ਵਿਅਕਤੀ ਦੇ ਵੱਲ ਉਂਗਲ ਕਰ ਦੇਵੋ ਅਤੇ ਉਸਨੂੰ ਸਟੇਜ਼ ਤੇ ਬੁਲਾ ਲਵੋ। ਇਹ ਵਿਅਕਤੀ ਤੁਹਾਡਾ ਸਹਿਯੋਗੀ ਹੀ ਹੋਣਾ ਚਾਹੀਦਾ ਹੈ, ਜਿਸ ਦੇ ਹੱਥ ਦੇ ਵਿਚ ਪਹਿਲਾਂ ਹੀ ਉਹ ਮੇਖ ਹੈ। ਉਸ ਦੇ ਜਿਸ ਹੱਥ ਦੇ ਵਿਚ ਉਹ ਮੇਖ ਹੁੰਦੀ ਹੈ, ਉਸ ਹੱਥ ਦੇ ਨਾਲ ਹੀ ਸੰਦੂਕ ਦੇ ਵਿਚੋਂ ਮੇਖ ਕੱਢਣ ਦਾ ਬਹਾਨਾ ਕਰਦਾ ਹੋਇਆ ਤੁਹਾਡੀ ਉਂਗਲ ਦੇ ਵਿਚ ਉਹ ਵਿਸ਼ੇਸ਼ ਪ੍ਰਕਾਰ ਦੀ ਮੇਖ ਟੰਗ ਦਿੰਦਾ ਹੈ ਜੋ ਦੇਖਣ ਦੇ ਵਿਚ ਇੰਝ ਲੱਗਦੀ ਹੈ ਕਿ ਸੱਚਮੁੱਚ ਹੀ ਉਹ ਉਂਗਲ ਦੇ ਆਰਪਾਰ ਹੋ ਗਈ ਹੋਵੇ। ਇਹ ਕਰਾਮਾਤ ਦੇਖ ਕੇ ਸਾਰੇ ਦਰਸ਼ਕ ਹੈਰਾਨ ਹੋ ਜਾਣਗੇ ਅਤੇ ਤਾੜੀਆਂ ਦਾ ਮੀਂਹ ਵਰਸਾ ਦੇਣਗੇ। ਇਸ ਟਰਿੱਕ ਦੇ ਲਈ ਤੁਹਾਡਾ ਸਹਿਯੋਗੀ ਚੁਸਤ ਹੋਣਾ ਚਾਹੀਦਾ ਹੈ ਅਤੇ ਇਸ ਟਰਿੱਕ ਨੂੰ ਕਰਨ ਤੋਂ ਪਹਿਲਾਂ ਇਸ ਦੀ ਪਰੈਕਟਿਸ ਜ਼ਰੂਰ ਕਰ ਲੈਣੀ ਚਾਹੀਦੀ ਹੈ।

# ਸ਼ੰਕਾ ਨਿਵਿਰਤੀ

**ਪ੍ਰਸ਼ਨ :- ਤੁਸੀਂ ਆਪਣੇ ਦਾਦੇ ਨੂੰ ਵੇਖਿਆ ਹੋ ਸਕਦਾ ਹੈ ਤੇ ਬਹੁਤੇ ਲੋਕਾਂ ਨੂੰ ਆਪਣੇ ਪੜਦਾਦੇ ਜਾਂ ਉਸਦੇ ਬਾਪ ਨੂੰ ਵੇਖਿਆ ਨਹੀਂ ਹੁੰਦਾ ਪਰ ਤੁਸੀਂ ਉਹਨਾਂ ਬਾਰੇ ਦਰਸਾਈਆਂ ਗੱਲਾਂ 'ਤੇ ਯਕੀਨ ਕਰਦੇ ਹੋ। ਪਰ ਰਿਸ਼ੀਆਂ ਮੁਨੀਆਂ ਦੇ ਅਨੁਭਵਾਂ ਨੂੰ ਨਕਾਰਦੇ ਹੋ ਕਿਉਂ?**

ਉੱਤਰ :- ਸਾਡੇ ਪੜਦਾਦੇ ਬਾਰੇ ਗੱਲਾਂ ਕਿਉਂਕਿ ਸਾਨੂੰ ਸਾਡੇ ਬਾਪ ਦਾਦੇ ਨੇ ਦੱਸੀਆਂ ਹੁੰਦੀਆਂ ਹਨ ਤੇ ਇਹ ਗੱਲਾਂ ਹੋਣੀਆਂ ਜਾਂ ਕਰਨੀਆਂ ਵੀ ਸੰਭਵ ਹੁੰਦੀਆਂ ਹਨ ਤੇ ਵਿਗਿਆਨ ਦੇ ਨਿਯਮਾਂ ਦੀ ਕਸੌਟੀ 'ਤੇ ਪਰਖੀਆਂ ਜਾ ਸਕਦੀਆਂ ਹਨ। ਸਾਡੇ ਪੁਰਖਿਆਂ ਦੁਆਰਾਂ ਦਰਸਾਈਆਂ ਅਸੰਭਵ ਗੱਲਾਂ ਤੇ ਅਸੀਂ ਯਕੀਨ ਨਹੀਂ ਕਰਦੇ।

**ਪ੍ਰਸ਼ਨ :- ਕੀ ਨੈਗੇਟਿਵ ਐਨਰਜੀ ਹੁੰਦੀ ਹੈ?**

ਉੱਤਰ :- ਨੈਗੇਟਿਵ ਐਨਰਜੀ ਦੀਆਂ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਗੱਲਾਂ ਕਰਦੇ ਸੁਣੇ ਹਨ। ਜੇ ਉਹਨਾਂ ਨੂੰ ਪੁੱਛਿਆ ਜਾਵੇ ਕਿ ਐਨਰਜੀ ਤੇ ਪਦਾਰਥ ਦਾ ਕੀ ਰਿਸ਼ਤਾ ਹੈ ਤਾਂ ਉਹ ਕਹਿਣਗੇ ਐਨਰਜੀ ਤੇ ਪਦਾਰਥ ਇੱਕੋ ਹੀ ਗੱਲ ਹੈ। ਐਨਰਜੀ ਤੋਂ ਪਦਾਰਥ ਬਣਾਇਆ ਜਾ ਸਕਦਾ ਹੈ ਤੇ ਪਦਾਰਥ ਨੂੰ ਐਨਰਜੀ ਵਿੱਚ ਬਦਲਿਆ ਜਾ ਸਕਦਾ ਹੈ। ਹੁਣ ਜਦੋਂ ਪਦਾਰਥ ਦੀ ਪ੍ਰੀਭਾਸ਼ਾ ਪੁੱਛੀ ਜਾਂਦੀ ਹੈ ਤਾਂ ਉਹ ਦੱਸਦੇ ਹਨ ਜੋ ਥਾਂ ਘੇਰਦਾ ਹੈ ਜਿਸਦਾ ਭਾਰ ਤੇ ਆਕਾਰ ਹੁੰਦਾ ਹੈ। ਤਾਂ ਫਿਰ ਕੀ ਪਦਾਰਥ ਨੇਗੇਟਿਵ ਹੋ ਸਕਦਾ ਹੈ ਤਾਂ ਉਹ ਕਹਿਣਗੇ ਕਿ ਨਹੀਂ। ਜੇ ਪਦਾਰਥ ਹੀ ਨੈਗੇਟਿਵ ਨਹੀਂ ਹੋ ਸਕਦਾ ਤਾਂ ਐਨਰਜੀ ਕਿਵੇਂ ਨੈਗੇਟਿਵ ਹੋ ਸਕਦੀ ਹੈ? ਸੋ ਨੈਗੇਟਿਵ ਐਨਰਜੀ ਦਾ ਸੋਮਾ ਸਮਾਜ ਵਿੱਚ ਨੈਗੇਟਿਵਤਾ ਫੈਲਾਉਣ ਵਾਲੇ ਜੋਤਿਸੀਆਂ ਆਦਿ ਗੈਰ ਵਿਗਿਆਨਕ ਸੋਚ ਦੇ ਮਾਲਕਾਂ ਨੇ ਲੋਕਾਂ ਨੂੰ ਉਲਝਾਉਣ ਲਈ ਛੱਡਿਆ ਹੋਇਆ ਹੈ।

**ਪ੍ਰਸ਼ਨ :- ਕੀ ਤਰਕਸ਼ੀਲਾਂ ਨੂੰ ਦਫਤਰਾਂ ਵਿੱਚ ਹੋਣ ਵਾਲੀਆਂ ਧਾਰਮਿਕ ਛੁੱਟੀਆਂ ਲੈਣੀਆਂ ਜਾਂ ਹੋਣੀਆਂ ਚਾਹੀਦਾਂ ਹਨ?**

ਉੱਤਰ :- ਤਰਕਸ਼ੀਲ ਇਹ ਚਾਹੁੰਦੇ ਹਨ ਕਿ ਧਾਰਮਿਕ ਤਿਉਹਾਰਾਂ 'ਤੇ ਛੁੱਟੀਆਂ ਆਦਿ ਜੇ ਨਾ ਕੀਤੀਆਂ ਜਾਣ ਤਾਂ ਚੰਗੀ ਗੱਲ ਹੈ। ਪਰ ਕਿਉਂਕਿ ਬਹੁਤੇ ਧਾਰਮਿਕ ਤਿਉਹਾਰ ਅੱਜ ਕੱਲ੍ਹ ਸਮਾਜਿਕ ਤਿਉਹਾਰ ਹੀ ਬਣੇ ਹੋਏ ਹਨ ਇਸ ਲਈ ਇਹਨਾਂ ਵਿੱਚ ਸਮੂਲੀਅਤ ਹੋਣੀ ਚਾਹੀਦੀ ਹੈ। ਤਰਕਸ਼ੀਲਾਂ ਨੂੰ ਧਾਰਮਿਕ ਤਿਉਹਾਰਾਂ ਸਮੇਂ ਹੋਣ ਵਾਲੀ ਪੂਜਾ ਪਾਠ ਤੋਂ ਤਾਂ ਗੁਰੇਜ ਕਰਨਾ ਚਾਹੀਦਾ ਹੈ ਪਰ ਸਮਾਜ ਨੂੰ ਜੋੜਨ ਵਾਲੀਆਂ ਸਮਾਜਿਕ ਰਸਮਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਸੰਵਿਧਾਨ ਅਨੁਸਾਰ ਭਾਰਤ ਦੀ ਅਖੰਡਤਾ ਵਿੱਚ ਯਕੀਨ ਕਾਇਮ ਰੱਖਣ ਲਈ ਸਰਕਾਰ ਕਦੇ ਵੀ ਤਿਉਹਾਰ ਸਮੇਂ ਛੁੱਟੀਆਂ ਵਿਅਕਤੀਆਂ ਦੇ ਧਰਮਾਂ ਅਨੁਸਾਰ ਨਹੀਂ ਦਿੰਦੀਆਂ ਸਗੋਂ ਈਦ, ਬਰਕੀਦ ਤੇ ਕ੍ਰਿਸਮਿਸ ਦੀ ਛੁੱਟੀ ਸਿਰਫ਼ ਮੁਸਲਮਾਨਾਂ ਜਾਂ ਈਸਾਈਆਂ ਨੂੰ ਨਹੀਂ ਦਿੱਤੀ ਜਾਂਦੀ ਸਗੋਂ ਸਾਰਿਆਂ ਨੂੰ ਮਿਲਦੀ ਹੈ। ਇਸ ਲਈ ਤਰਕਸ਼ੀਲ ਧਰਮਾਂ ਵਿੱਚ ਯਕੀਨ ਨਾ ਕਰਦੇ ਹੋਏ ਵੀ ਅਜਿਹੀਆਂ ਸਾਰੀਆਂ ਛੁੱਟੀਆਂ ਦੇ ਹੱਕਦਾਰ ਹਨ।

**ਪ੍ਰਸ਼ਨ :- ਗਿੱਦੜਸਿੰਗੀ ਕੀ ਹੁੰਦੀ ਹੈ। ਕੀ ਇਹ ਨਿਰਜੀਵ ਹੁੰਦੇ ਹੋਏ ਵੀ ਬੱਚਿਆਂ ਨੂੰ ਜਨਮ ਦਿੰਦੀ ਹੈ?**

ਉੱਤਰ :- ਕਈ ਵਿਅਕਤੀਆਂ ਨੇ ਮੈਨੂੰ ਸੰਧੂਰ ਵਿੱਚ ਰੱਖੀ ਹੋਈ ਗਿੱਦੜਸਿੰਗੀ ਤੇ ਉਸਦੇ ਬੱਚੇ ਵਿਖਾਏ ਹਨ। ਪਰ ਮੈਂ ਸਮਝਦਾ ਹਾਂ ਕਿ ਇਹ ਕਿਸੇ ਦਰਖਤ ਦੀਆਂ ਜੜ੍ਹਾਂ ਹੁੰਦੀਆਂ ਹਨ ਜੋ ਸਮੇਂ ਦੀ ਮਿਆਦ ਵਧ ਜਾਣ ਬਾਅਦ ਇਸਦੇ ਕੁੱਝ ਟੁਕੜੇ ਭੁਰ ਕੇ ਅਲੱਗ ਹੋ ਜਾਂਦੇ ਹਨ। ਸੰਧੂਰ ਵਿੱਚ ਰੱਖੇ ਹੋਣ ਕਰਕੇ ਇਸ ਵਿੱਚ ਕੁੱਝ ਸ਼ਰਧਾ ਵੀ ਪੈਦਾ ਹੋ ਜਾਂਦੀ ਹੈ ਤੇ ਲੋਕ ਇਹਨਾਂ ਛੋਟੇ ਛੋਟੇ ਟੁਕੜਿਆਂ ਨੂੰ ਗਿੱਦੜਸਿੰਗੀ ਦੇ ਬੱਚੇ ਸਮਝਣ ਲੱਗ ਜਾਂਦੇ ਹਨ। ਆਮ ਤੌਰ 'ਤੇ ਯੋਗੀ, ਲੋਕਾਂ ਨੂੰ ਇਸ ਨਾਲ ਠਗਦੇ ਹਨ। ਜੇ ਕਿਸੇ ਵਿਅਕਤੀ ਨੂੰ ਇਸ ਬਾਰੇ ਹੋਰ ਵੱਧ ਜਾਣਕਾਰੀ ਹੋਵੇ ਉਹ ਵਿਗਿਆਨ ਜੋਤ ਦੇ ਪਾਠਕਾਂ ਨਾਲ ਸਾਂਝੀ ਕਰੇ।

**ਪ੍ਰਸ਼ਨ :- ਹਰੇਕ ਧਰਮ, ਸਾਧ-ਸੰਤ ਕਾਮ, ਕਰੋਧ, ਲੋਭ ਮੋਹ ਤੇ ਹੰਕਾਰ ਤਿਆਗਣ ਦੀ ਗੱਲ ਕਰਦਾ ਹੈ। ਕੀ ਕਿਸੇ ਮਹਾਂਪੁਰਖ ਨੇ ਇਹਨਾਂ ਨੂੰ ਤਿਆਗਿਆ ਹੈ?**

ਉੱਤਰ : - ਮੇਰੇ ਤਰਕਸ਼ੀਲ ਖਿਆਲ ਤਾਂ ਮੈਨੂੰ ਇਹ ਕਹਿੰਦੇ ਹਨ ਕਿ ਇਹ ਚੀਜ਼ਾਂ ਤਿਆਗੀਆਂ ਵੀ ਬਿਲਕੁਲ ਨਹੀਂ ਜਾਣੀਆਂ ਚਾਹੀਦੀਆਂ ਸਗੋਂ ਇਹਨਾਂ 'ਤੇ ਕੰਟਰੋਲ ਕਰਨਾ ਸਿੱਖਣਾ ਚਾਹੀਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿੱਚੋਂ ਕਿਸੇ ਇੱਕ ਚੀਜ਼ ਦੀ ਬਹੁਤਾਤ ਹੀ ਵਿਅਕਤੀ ਨੂੰ ਪਾਗਲ ਬਣਾ ਸਕਦੀ ਹੈ। ਇਹਨਾਂ ਦੀ ਘਾਟ ਨਾਲ ਵਿਅਕਤੀ ਸਮਾਜ ਦਾ ਅਣਹੋਇਆ ਅੰਗ ਬਣ ਜਾਂਦਾ ਹੈ। ਜਿਹੜਾ ਵਿਅਕਤੀ ਉਪਰੋਕਤ ਸਾਰੀਆਂ ਚੀਜ਼ਾਂ ਦਾ ਸੰਤੁਲਨ ਕਰਨਾ ਸਿੱਖ ਜਾਂਦਾ ਹੈ ਉਹ ਚੰਗਾ ਮਨੁੱਖ ਕਹਾਉਂਦਾ ਹੈ। ਭਗਵੇਂ ਬਾਣੇ ਵਿੱਚ ਟੀ. ਵੀ. 'ਤੇ ਬੈਠੇ ਅਖੌਤੀ ਮਹਾਂਪੁਰਖਾਂ ਨੂੰ ਆਪੇ ਤੋਂ ਬਾਹਰ ਹੁੰਦੇ ਮੈਂ ਅਕਸਰ ਹੀ ਵੇਖਦਾ ਹਾਂ। ਜੋ ਸਿੱਧ ਕਰਦਾ ਹੈ ਕਿ ਇਹ ਅਖੌਤੀ ਮਹਾਂਪੁਰਖ ਕਹਾਉਣ ਵਾਲੇ ਦੂਹਰੇ ਮਿਆਰ ਦੀ ਜ਼ਿੰਦਗੀ ਜਿਉਂ ਰਹੇ ਹੁੰਦੇ ਹਨ। ਲੋਕਾਂ ਨੂੰ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਮੁਕਤ ਹੋਣ ਦੀ ਸਿੱਖਿਆ ਦੇ ਰਹੇ ਹੁੰਦੇ ਹਨ ਪਰ ਇਹਨਾਂ ਨੇ ਖੁਦ ਕਿਸੇ ਚੀਜ਼ ਨੂੰ ਵੀ ਤਿਆਗਿਆ ਨਹੀਂ ਹੁੰਦਾ।

**ਪ੍ਰਸ਼ਨ :- ਬ੍ਰਹਿਮੰਡ ਦਾ ਰਚਨਾਹਾਰਾ ਕੌਣ ਹੈ?**

ਉੱਤਰ :- ਬ੍ਰਹਿਮੰਡ ਕਿਸੇ ਨਾ ਕਿਸੇ ਰੂਪ ਵਿੱਚ ਸਦਾ ਸੀ, ਸਦਾ ਹੈ ਅਤੇ ਸਦਾ ਰਹੇਗਾ। ਵਿਗਿਆਨਕਾਂ ਅਨੁਸਾਰ ਮਾਦਾ ਅਤੇ ਊਰਜਾ ਇੱਕ ਦੂਜੇ ਦੇ ਰੂਪ ਹੀ ਹਨ। ਮਾਦੇ ਨੂੰ ਊਰਜਾ ਵਿੱਚ ਅਤੇ ਊਰਜਾ ਨੂੰ ਮਾਦੇ ਵਿੱਚ ਬਦਲਦੇ ਅਸੀਂ ਹਰ ਰੋਜ਼ ਵੇਖਦੇ ਹਾਂ। ਥੋੜ੍ਹੇ ਜਿਹੇ ਯੂਰੇਨੀਅਮ ਨੂੰ ਬਿਜਲੀ ਊਰਜਾ ਵਿੱਚ ਬਦਲ ਕੇ ਲੱਖਾਂ ਘਰਾਂ ਵਿੱਚ ਪ੍ਰਕਾਸ਼ ਤੇ ਗਰਮੀ ਮੁਹੱਈਆ ਕਰਵਾਈ ਜਾਂਦੀ ਹੈ। ਵਿਗਿਆਨ ਦਾ ਸਿਧਾਂਤ ਹੈ ਕਿ ਮਾਦਾ ਨਾ ਤਾਂ ਬਣਾਇਆ ਜਾ ਸਕਦਾ ਹੈ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ। ਇਸਦਾ ਰੂਪ ਬਦਲ ਸਕਦਾ ਹੈ। ਸੋ ਬ੍ਰਹਿਮੰਡ ਮਾਦਾ ਹੀ ਹੈ। ਇਸ ਲਈ ਇਹ ਸਦਾ ਸੀ ਤੇ ਸਦਾ ਰਹੇਗਾ। ਇਹ ਸੁਆਲ ਅਕਸਰ ਪ੍ਰਮਾਤਮਾਂ ਵਿੱਚ ਯਕੀਨ ਕਰਨ ਵਾਲੇ ਲੋਕ ਕਰਦੇ ਹਨ। ਪਰ ਜਦੋਂ ਉਹਨਾਂ ਨੂੰ ਮੋੜਵਾਂ ਸੁਆਲ ਇਹ ਕੀਤਾ ਜਾਂਦਾ ਹੈ ਕਿ ਤੁਹਾਡੇ ਪ੍ਰਮਾਤਮਾ ਦੀ ਸਿਰਜਣਾ ਕਿਸਨੇ ਕੀਤੀ ਤਾਂ ਉਹ ਤਾਂ ਕਹਿੰਦੇ ਹਨ ਕਿ ਉਹ ਸਰਵ ਸ਼ਕਤੀਮਾਨ ਤੇ ਸਵੈਸੰਭੂ ਹੈ। ਭਾਵ ਉਹ ਖੁਦ ਦਾ ਸਿਰਜਨ ਖੁਦ ਹੀ ਹੈ। ਇਸ ਲਈ ਵਿਗਿਆਨਕ ਤੇ ਆਸਤਿਕ ਇਸ ਗੱਲ 'ਤੇ ਇਕਮੱਤ ਹੋ ਜਾਂਦੇ ਹਨ।

**ਪ੍ਰਸ਼ਨ :- ਕੀ ਇੱਕ ਪਤਨੀ ਆਪਣੇ ਮ੍ਰਿਤਕ ਪਤੀ ਦੇ ਬੱਚਿਆਂ ਦੀ ਮਾਂ ਵੀ ਬਣ ਸਕਦੀ ਹੈ?**

ਉੱਤਰ :- ਜੀ ਹਾਂ ਜੇ ਕਰ ਤੁਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰੋ ਤਾਂ ਤੁਹਾਨੂੰ ਪਿੰਡਾਂ ਦੇ ਬਹੁਤੇ ਘਰਾਂ ਵਿੱਚ ਖੁਰਲੀਆਂ ਤੇ ਘਾਹ ਚਰਦੀਆਂ ਅਮਰੀਕਨ ਗਾਵਾਂ ਨਜ਼ਰ ਆਉਣਗੀਆਂ। ਪੰਜਾਹ ਸੱਠਾਂ ਨੂੰ ਢੁੱਕੇ ਵਿਅਕਤੀ ਜਾਣਦੇ ਹਨ ਕਿ ਅੱਜ ਤੋਂ ਤੀਹ ਕੁ ਵਰ੍ਹੇ ਪਹਿਲਾਂ ਇੱਥੇ ਦੇਸੀ ਗਾਵਾਂ ਦੀ ਬਹੁਤਾਤ ਸੀ। ਇਹਨਾਂ ਗਾਵਾਂ ਦੀ ਦੁੱਧ ਦੀ ਪੈਦਾਵਾਰ ਬਹੁਤ ਘੱਟ ਸੀ। ਸਰਕਾਰ ਨੇ ਦੁੱਧ ਵਧਾਉਣ ਲਈ ਅਮਰੀਕਨ ਨਸ਼ਲ ਦੇ ਕੁੱਝ ਢੱਠੇ ਪਿੰਡਾਂ ਦੀਆਂ ਪੰਚਾਇਤਾਂ ਦੇ ਸਪੁਰਦ ਕੀਤੇ। ਇਸ ਤਰ੍ਹਾਂ ਕੁੱਝ ਗਾਵਾਂ ਅਮਰੀਕਨ ਨਸ਼ਲ ਦੀਆਂ ਪੈਦਾ ਹੋ ਗਈਆਂ। ਹੌਲੀ-ਹੌਲੀ ਡਾਕਟਰਾਂ ਨੇ ਖੋਜ ਨੂੰ ਅੱਗੇ ਵਧਾਇਆ ਮਨਸੂਈ ਗਰਭ ਧਾਰਨ ਕਰਵਾਉਣ ਦੀ ਵਿਧੀ ਵਿਕਸਿਤ ਹੋ ਗਈ। ਪਹਿਲਾਂ-ਪਹਿਲਾਂ ਵੈਟਰਨਰੀ ਆਫ਼ੀਸਰਾਂ ਨੂੰ ਇਹ ਤਕਨੀਕ ਸਿਖਾਈ ਗਈ ਤੇ ਅੱਜ ਕੱਲ੍ਹ ਤਾਂ ਹਰੇਕ ਵੈਟਰਨਰੀ ਫਾਰਮਾਸਿਸਟ ਇਸ ਟੈਕਨੀਕ ਤੋਂ ਜਾਣੂ ਹੈ। ਬਹੁਤੇ ਲੋਕ ਆਪਣੀਆਂ ਗਾਵਾਂ ਨੂੰ ਸਥਾਨਕ ਪਸ਼ੂ ਹਸਪਤਾਲਾਂ ਵਿੱਚ ਲੈ ਜਾਂਦੇ ਹਨ ਤੇ ਮਨਸੂਈ ਗਰਭ ਧਾਰਨ ਕਰਵਾਉਣ ਵਾਲਾ ਇੰਜੈਕਸ਼ਨ ਲਵਾ ਲਿਆਉਂਦੇ ਹਨ। ਅਗਲੇ ਸਾਲ ਉਹਨਾਂ ਦੀ ਖੁਰਲੀ ਤੇ ਅਮਰੀਕਨ ਗਾਵਾਂ ਦੀ ਇੱਕ ਹੋਰ ਨਸ਼ਲ ਹਰਾ ਖਾ ਰਹੀ ਹੁੰਦੀ ਹੈ।

ਵਿਕਸਿਤ ਮੁਲਕਾਂ ਵਿੱਚ ਕਈ ਇਸਤਰੀਆਂ ਆਪਣੇ ਮਰ ਰਹੇ ਪਤੀ ਨਾਲ ਵਾਅਦਾ ਕਰ ਲੈਂਦੀਆਂ ਹਨ ਕਿ ਉਹ ਉਸਦੀ ਮੌਤ ਤੋਂ ਬਾਅਦ ਉਸਦੇ ਬੱਚੇ ਦੀ ਮਾਂ ਬਣਨਾ ਚਾਹੇਗੀ। ਡਾਕਟਰ ਉਹਨਾਂ ਦੇ ਪਤੀ ਦੇ ਸੀਮਨ ਨੂੰ ਫਰੀਜ ਕਰਕੇ ਜਮ੍ਹਾਂ ਕਰ ਲੈਂਦੇ ਹਨ। ਪਤੀ ਦੀ ਮੌਤ ਦੇ ਸਦਮੇਂ ਤੋਂ



ਬਾਹਰ ਆਉਣ ਤੋਂ ਬਾਅਦ ਪਸ਼ੂਆਂ ਤੇ ਵਰਤੋਂ ਵਿੱਚ ਲਿਆਂਦੀ ਜਾਂਦੀ ਇਸ ਤਕਨੀਕ ਦੀ ਵਰਤੋਂ ਇਸਤਰੀਆਂ 'ਤੇ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕੋਈ ਪਤਨੀ ਆਪਣੇ ਮ੍ਰਿਤਕ ਪਤੀ ਦੇ ਬੱਚੇ ਦੀ ਮਾਂ ਉਸਦੀ ਮੌਤ ਦੇ ਦਰਜਨਾਂ ਵਰ੍ਹੇ ਬਾਅਦ ਵੀ ਬਣ ਸਕਦੀ ਹੈ।

**ਪ੍ਰਸ਼ਨ :– ਕੀ ਵੈਦਿਕ ਕਾਲ ਵਿੱਚ ਪਲਾਸਟਿਕ ਸਰਜਰੀ ਉਪਲਬਧ ਸੀ ?**

ਉੱਤਰ :– ਅਸੀਂ ਭਾਰਤੀ ਸਾਡੇ ਲੋਕਾਂ ਦੀਆਂ ਹਕੀਕਤਾਂ ਯਾਦ ਨਹੀਂ ਰੱਖਦੇ। ਅੱਜ ਤੋਂ ਸੌ ਸਾਲ ਪਹਿਲਾਂ ਤਾਂ ਸਾਡੇ ਬਜ਼ੁਰਗਾਂ ਤੋਂ ਜੂੰਆਂ ਵੀ ਨਹੀਂ ਮਰਦੀਆਂ ਸਨ। ਉਹਨਾਂ ਸਭ ਕੋਲ ਰਹਿਣ ਲਈ ਝੁੱਗੀਆਂ ਹੀ ਹੁੰਦੀਆਂ ਸਨ। ਸਿਰਫ਼ ਸੀਮਤ ਜਿਹੇ ਰਾਜੇ ਮਹਾਰਾਜੇ ਆਲੀਸ਼ਾਨ ਮਹਿਲਾਂ ਦੇ ਮਾਲਕ ਸਨ। ਕਿਸੇ ਵੀ ਦੇਸ਼ ਵਿੱਚ ਹਜ਼ਾਰ ਦੋ ਹਜ਼ਾਰ ਸਾਲ ਪਹਿਲਾਂ ਦੀਆਂ ਕਬਰਾਂ ਨੂੰ ਫਰੋਲਦਿਆਂ ਇੱਕ ਵੀ ਵਿਅਕਤੀ ਦੀਆਂ ਨਕਲੀ ਢੰਗ ਨਾ ਜੁੜੀਆਂ ਹੋਈਆਂ ਲੱਤਾਂ ਤੇ ਬਾਹਾਂ ਵੀ ਨਹੀਂ ਮਿਲੀਆਂ। ਫਿਰ ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਵੈਦਿਕ ਕਾਲ ਵਿੱਚ ਪਲਾਸਟਿਕ ਸਰਜਰੀ ਹੁੰਦੀ ਸੀ। ਪਲਾਸਟਿਕ ਸਰਜਰੀ ਕੋਈ ਬੱਚਿਆਂ ਦੀ ਖੇਡ ਨਹੀਂ। ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਣਾ ਅਤੇ ਸਟੈਮ ਸੈੱਲ ਉਗਾਉਣੇ ਇਸਦੀ ਮੁੱਢਲੀ ਲੋੜ ਹੁੰਦੀ ਹੈ। ਸੋ ਆਪਣੇ ਬੀਤੇ ਸਮੇਂ ਤੇ ਧਰਤੀ ਦੇ ਇਤਿਹਾਸ ਦੀ ਹਕੀਕਤ ਸਾਨੂੰ ਧਰਮ ਦੀ ਆੜ ਵਿੱਚ ਕਦੇ ਵੀ ਅੱਖੋਂ ਪਰੋਖੇ ਨਹੀਂ ਕਰਨੀ ਚਾਹੀਦੀ। ਮੈਂ ਸਮਝਦਾ ਹਾਂ ਕਿ ਧਾਰਮਿਕ ਵਿਅਕਤੀ ਆਪਣੇ ਰੋਜ਼ਾਨਾ ਦੀ ਜੀਵਨ ਜਾਂਚ ਵਿੱਚ ਭਾਵੇਂ ਕਦੇ ਵੀ ਝੂਠ ਨਾ ਬੋਲਦੇ ਹੋਣ ਪਰ ਉਹ ਆਪਣੇ ਧਰਮ ਨੂੰ ਵੱਡਾ ਬਣਾਉਣ ਲਈ ਵੱਡਾ ਤੋਂ ਵੱਡਾ ਗੱਪ ਮਾਰਨੋ ਗੁਰੇਜ਼ ਨਹੀਂ ਕਰਦੇ।

**ਪ੍ਰਸ਼ਨ :– ਕੀ ਪ੍ਰਕਾਸ਼ ਦੀ ਗਤੀ 3 ਲੱਖ ਕਿਲੋਮੀਟਰ ਪ੍ਰਤੀ ਸਕਿੰਟ ਤੋਂ ਵੱਧ ਜਾਂ ਘੱਟ ਹੋ ਸਕਦੀ ਹੈ ?**

ਉੱਤਰ :– ਪ੍ਰਕਾਸ਼ ਦੀ ਗਤੀ ਲੰਘਣ ਵਾਲੇ ਮਾਧਿਅਮ 'ਤੇ ਨਿਰਭਰ ਕਰਦੀ ਹੈ। ਆਮ ਤੌਰ 'ਤੇ ਪੁਲਾੜ ਵਿੱਚ ਇਹ ਗਤੀ 3 ਲੱਖ ਕਿਲੋਮੀਟਰ ਪ੍ਰਤੀ ਸਕਿੰਟ ਦੇ ਲਗਭਗ ਹੁੰਦੀ ਹੈ। ਕਿਉਂਕਿ ਪੁਲਾੜ ਤੋਂ ਸਾਰੇ ਮਾਧਿਅਮ ਜ਼ਿਆਦਾ ਸੰਘਣੇ ਹੁੰਦੇ ਹਨ ਇਸ ਲਈ ਉਹਨਾਂ ਵਿੱਚ ਗਤੀ ਆਮ ਤੌਰ 'ਤੇ ਘੱਟ ਹੁੰਦੀ ਜਾਂਦੀ ਹੈ। ਕਿਉਂਕਿ ਪ੍ਰਕਾਸ਼ ਇੱਕ ਊਰਜਾ ਹੈ ਕਿਸੇ ਵੀ ਦੂਸਰੇ ਪਦਾਰਥ ਜਾਂ ਊਰਜਾ ਵਿੱਚ ਲੰਘਣ ਸਮੇਂ ਉਸਨੂੰ ਰੁਕਾਵਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਸਦੀ ਗਤੀ ਘੱਟ ਹੁੰਦੀ ਜਾਂਦੀ ਹੈ।

**ਪ੍ਰਸ਼ਨ :– ਸਾਰੇ ਜੀਵਾਂ ਵਿੱਚ ਆਤਮਾ ਹੁੰਦੀ ਮੰਨੀ ਜਾਂਦੀ ਹੈ। ਜਦ ਕੋਈ ਕੁੱਤਾ ਮਰਦਾ ਹੈ ਤਾਂ ਉਸਦੀ ਆਤਮਾ ਦੀ ਸ਼ਾਂਤੀ ਲਈ ਕੋਈ ਅਰਦਾਸ ਨਹੀਂ ਕੀਤੀ ਜਾਂਦੀ ?**

ਉੱਤਰ :– ਮੌਤ ਤੋਂ ਬਾਅਦ ਅਰਦਾਸ ਕਰਨੀ ਇੱਕ ਸਮਾਜਿਕ ਵਰਤਾਰਾ ਹੈ। ਹਰੇਕ ਸਮਾਜ ਦਾ ਸੋਗ ਮਨਾਉਣ ਦਾ ਢੰਗ ਆਪਣਾ–ਆਪਣਾ ਹੁੰਦਾ ਹੈ। ਪਸ਼ੂਆਂ ਦਾ ਦਿਮਾਗ਼ ਮਨੁੱਖੀ ਦਿਮਾਗ਼ ਨਾਲੋਂ ਬਹੁਤ ਘੱਟ ਹੁੰਦਾ ਹੈ। ਪਰ ਫਿਰ ਵੀ ਉਹ ਆਪਣੇ–ਆਪਣੇ ਢੰਗ ਨਾਲ ਸ਼ੋਗ ਮਨਾਉਂਦੇ ਹਨ।

**ਪ੍ਰਸ਼ਨ :– ਹਰ ਧਰਮ ਦੁਨੀਆਂ ਦੇ ਅੰਤ ਬਾਰੇ ਗੱਲ ਕਰਦਾ ਹੈ। ਤੁਹਾਡੇ ਇਸ ਬਾਰੇ ਕੀ ਵਿਚਾਰ ਹਨ ?**

ਉੱਤਰ :– ਮੈਂ ਇਹ ਸਮਝਦਾ ਹਾਂ ਕਿ ਬ੍ਰਹਿਮੰਡ ਵਿੱਚ ਅਜਿਹੀ ਕੋਈ ਚੀਜ਼ ਨਹੀਂ ਜਿਸ ਦੀ ਸ਼ੁਰੂਆਤ ਜਾਂ ਅੰਤ ਨਾ ਹੋਇਆ ਹੋਵੇ। ਇਸ ਲਈ ਅੰਤ ਮਨੁੱਖੀ ਸਮਾਜ ਦਾ ਵੀ ਹੋਣਾ ਲਾਜ਼ਮੀ ਹੈ। ਇਹ ਕਿੱਥੇ ਜਾ ਕੇ ਤੇ ਕਿਵੇਂ ਹੋਵੇਗਾ ਇਸਦਾ ਸਿੱਧਾ ਸਬੰਧ ਸਾਡੇ ਆਪਣੇ ਬ੍ਰਹਿਮੰਡ ਨਾਲ ਹੈ।

**ਪ੍ਰਸ਼ਨ : – ਕੀ ਸਾਡਾ ਸੂਰਜ ਵੀ ਕਿਸੇ ਸਮੇਂ ਇੱਕ ਬਲੈਕ ਹੋਲ ਬਣ ਜਾਵੇਗਾ ?**

ਉੱਤਰ : ਇੱਕ ਭਾਰਤੀ ਵਿਗਿਆਨੀ ਚੰਦਰ ਸ਼ੇਖਰ ਨੇ ਤਾਰਿਆਂ ਦੇ ਅਧਿਐਨ ਕਰਦਿਆਂ ਗਣਿਤ ਦੇ ਹਿਸਾਬ ਨਾਲ ਇੱਕ ਲਿਮਟ ਬਣਾਈ ਸੀ। ਉਸ ਲਿਮਟ ਨੂੰ 'ਚੰਦਰ ਸ਼ੇਖਰ ਲਿਮਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਿਸੇ ਵੀ ਸੂਰਜ ਦੇ ਬਲੈਕ ਹੋਲ ਬਣਨ ਲਈ ਉਸਦਾ ਭਾਰ ਇਸ ਲਿਮਟ ਤੋਂ ਘੱਟ ਨਹੀਂ ਹੋਣਾ ਚਾਹੀਦਾ। ਸਾਡੇ ਸੂਰਜ ਦਾ ਭਾਰ ਘੱਟ ਹੈ ਇਸ ਲਈ ਇਹ ਬਲੈਕ ਹੋਲ ਨਹੀਂ ਬਣੇਗਾ। ਸਗੋਂ ਇੱਕ ਚਿੱਟਾ ਬੌਣਾ ਬਣਕੇ ਸਾਡੀ ਗਲੈਕਸੀ ਦੇ ਇੱਕ ਖੂੰਜੇ ਵਿੱਚ ਪਿਆ ਰਹੇਗਾ। 1960 ਤੋਂ ਪਹਿਲਾਂ ਬਲੈਕ ਹੋਲ ਹੋਣ ਨਾਂ ਦਾ ਸ਼ਬਦ ਜਾਂ ਇਸਦੀ ਜਾਣਕਾਰੀ ਵਿਗਿਆਨਕਾਂ ਨੂੰ ਨਹੀਂ ਸੀ। ਹੁਣ ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਬ੍ਰਹਿਮੰਡ ਦੇ ਕੇਂਦਰ ਵਿੱਚ ਵੀ ਇੱਕ ਬਹੁਤ ਵੱਡਾ ਬਲੈਕ ਹੋਲ ਹੈ।

**ਪ੍ਰਸ਼ਨ :– ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ 'ਤੇ ਮੌਤ ਦੀ ਘਾਟੀ ਜਾਂ ਡੈੱਥ ਜੋਨ ਕਿੰਨੀ ਉਚਾਈ 'ਤੇ ਹੈ ਤੇ ਕਿਉਂ ?**

ਉੱਤਰ :– ਸਾਡੀ ਧਰਤੀ ਦੇ ਦੁਆਲੇ ਹਵਾ ਕਾਫ਼ੀ ਉਚਾਈ ਤੱਕ ਹੈ। ਜਿਉਂ–ਜਿਉਂ ਅਸੀਂ ਉੱਪਰ ਜਾਂਦੇ ਹਾਂ ਤਾਂ ਇਹ ਵਿਰਲੀ ਹੁੰਦੀ ਜਾਂਦੀ ਹੈ ਕਿਉਂਕਿ ਦਬਾਓ ਘੱਟ ਜਾਂਦਾ ਹੈ। 8000 ਮੀਟਰ ਦੀ ਉਚਾਈ 'ਤੇ ਜਾ ਕੇ ਇਹ ਐਨੀ ਵਿਰਲੀ ਹੋ ਜਾਂਦੀ ਹੈ ਕਿ ਸਰੀਰ ਨੂੰ ਹਵਾ ਵਿੱਚੋਂ ਆਕਸੀਜਨ ਘੱਟ ਪ੍ਰਾਪਤ ਹੁੰਦੀ ਹੈ। ਇਸ ਲਈ 8000 ਮੀਟਰ ਜਾਂ 26000 ਫੁੱਟ ਦੀ ਉਚਾਈ ਤੋਂ ਉੱਪਰ ਜਾਣ ਲਈ ਆਕਸੀਜਨ ਦੇ ਸਿਲੰਡਰ ਦੀ ਲੋੜ ਪੈਂਦੀ ਹੈ। ਇਸ ਲਈ ਇਸ ਤੋਂ ਉੱਪਰ ਵਾਲੇ ਸਥਾਨ ਨੂੰ ਮੌਤ ਦੀ ਘਾਟੀ ਜਾਂ ਡੈੱਥ ਜੋਨ ਕਿਹਾ ਜਾਂਦਾ ਹੈ। ਬਹੁਤ ਸਾਰੇ ਪਹਾੜਾਂ 'ਤੇ ਚੜ੍ਹਨ ਵਾਲੇ ਇਸ ਉਚਾਈ 'ਤੇ ਆ ਕੇ ਦਮ ਤੋੜ ਦਿੰਦੇ ਹਨ।

**ਪ੍ਰਸ਼ਨ :– ਦੁਨੀਆਂ ਦੇ ਵੱਖ–ਵੱਖ ਦੇਸ਼ਾਂ ਵਿੱਚ ਕਿਹੜੇ–ਕਿਹੜੇ ਜੀਵਾਂ ਦੇ ਕਲੋਨ ਤਿਆਰ ਕੀਤੇ ਜਾ ਚੁੱਕੇ ਹਨ ?**

ਉੱਤਰ ਹੁਣ ਤੱਕ ਡੱਡੂ, ਬਿਲੀ, ਕੁੱਤਾ, ਚੂਹਾ, ਸੂਰ, ਬਾਂਦਰ, ਭੇਡ, ਗਿੱਦੜ ਆਦਿ ਦੇ ਕਲੋਨ ਦੁਨੀਆਂ ਦੇ ਵੱਖ–ਵੱਖ ਭਾਗਾਂ ਵਿੱਚ ਤਿਆਰ ਕੀਤੇ ਜਾ ਚੁੱਕੇ ਹਨ। ਭਾਰਤ ਦੇ ਕਸ਼ਮੀਰ ਵਿੱਚ ਪਸ਼ਮੀਨਾ ਬੱਕਰੀ ਦਾ ਕਲੋਨ ਤਿਆਰ ਕੀਤਾ ਗਿਆ ਹੈ। ਕਸ਼ਮੀਰ ਯੂਨੀਵਰਸਿਟੀ ਨੇ ਮਾਰਚ 2012 ਵਿੱਚ ਨੂਰੀ ਨਾਂ ਦੀ ਇਹ ਵਧੀਆ ਉੱਨ ਦੇਣ ਵਾਲੀ ਬੱਕਰੀ ਦੀ ਕਲੋਨਿਗ ਕੀਤੀ ਸੀ।

**– ਮੇਘ ਰਾਜ ਮਿੱਤਰ**


# ਵਿਗਿਆਨ ਜੋਤ

*ਨੂੰ ਘਰ ਘਰ ਪਹੁੰਚਾਉਣ ਲਈ*
*ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ
*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ – 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00
...ਤੇ ਦੇਵ ਪੁਰਸ਼ ਹਾਰ ਗਏ 100.00
ਦੇਵ ਦੈਂਤ ਤੇ ਰੂਹਾਂ 100.00
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00
ਬੱਚੇ ਅਸਫ਼ਲ ਕਿਵੇਂ ਹੁੰਦੇ ਹਨ ? 80.00
ਤਰਕਸ਼ੀਲ ਹੋਕਾ 80.00
ਹਿਪਨੋਟਿਜ਼ਮ ਕਿਵੇਂ ਸਿੱਖੀਏ 60.00
ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸ਼ਾਸਤਰ ਕੋਰਾ ਝੂਠ 40.00
ਰਜਨੀਸ਼ ਬੇਨਕਾਬ 30.00
ਸ਼ੰਕਾ ਨਵਿਰਤੀ 80.00
ਕਣ ਕਣ ਵਿੱਚ ਵਿਗਿਆਨ 40.00
ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00
ਪ੍ਰਸਿੱਧ ਵਿਗਿਆਨਕ ਖੋਜਾਂ 80.00
ਮਹਾਨ ਵਿਗਿਆਨੀ 80.00
ਵਿਗਿਆਨ ਦੀ ਅਦਭੁੱਤ ਦੁਨੀਆਂ 80.00
ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00
ਸਾਡਾ ਦੋਸਤ ਵਿਗਿਆਨ 80.00
ਪੁਲਾੜ ਯਾਤਰਾ 120.00
ਮਨੁੱਖ ਦੀ ਉਤਪਤੀ 140.00
ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00
ਬਾਲ ਮਨਾਂ ਵਿੱਚ ਝਾਤ 120.00
ਸਾਡੇ ਬੱਚੇ ਸਾਡੇ ਚਿਰਾਗ਼ 80.00
ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00
ਸ਼ੂਗਰ ਰੋਗ 30.00
ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00
ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00
ਬਾਤਾਂ ਵਲੈਤ ਦੀਆਂ 80.00
ਰਿਸ਼ਤਿਆਂ ਦਾ ਕਾਤਲ 40.00
ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00
ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00
ਸੂਚਨਾ ਦਾ ਅਧਿਕਾਰ ਕਾਨੂੰਨ 2005 30.00

**ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:**

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com
















ਜਨਰਲ ਨਾਲਿਜ 80.00

ਪੰਜਾਬ ਵਸੀਕਾ ਨਵੀਸੀ 250.00

ਕਚਹਿਰੀ ਸ਼ਬਦ-ਕੋਸ਼ 150.00

ਜਨਰਲ ਨਾਲਿਜ 100.00

ਪ੍ਰਾਪਰਟੀ ਕਾਰੋਬਾਰ ਤੋਂ ਖ਼ੁਸ਼ਹਾਲੀ 200.00















ਦਿਮਾਗੀ ਵਿਕਾਸ ਕਿਵੇਂ ਕਰੀਏ 60.00

ਅੰਕਾਂ ਦਾ ਜਾਦੂ 60.00

ਵਿਗਿਆਨਕ ਜਾਦੂਗਰ 60.00

ਤਰਕਸ਼ੀਲ ਜਾਦੂਗਰ 60.00

ਸਟੇਜ ਦੇ ਜਾਦੂ 60.00













ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ 100.00

ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ 100.00

ਜਿਓਤਿਸ਼ ਦਾ ਐਕਸਰੇ /ਸੁਰਿਜਤ ਦੌਧਰ 100.00

ਦਿਲ ਦੀ ਵਿਗੜ ਰਹੀ ਸਿਹਤ 100.00













ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ 100.00

ਸੁੰਦਰਤਾ ਬਣਾਈ ਰੱਖਣ ਦੇ ਢੰਗ 100.00

ਨਾਨ-ਵੈਜ ਤਿਆਰ ਕਰਨ ਦੇ ਢੰਗ 100.00

ਨਸ਼ੇ ਛੱਡਣ ਦੇ ਢੰਗ 100.00










**ਦ ਸੈਕੰਡ ਸੈਕਸ** 400.00

**ਬੈਟਰ ਹਾਫ ਦੀ ਦੁਰਦਸ਼ਾ** 80.00

**ਸਿੱਖ ਵੀਰਾਂ ਨਾਲ ਗੱਲਾਂ** 60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ




**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ




**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ




**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?




**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਹਵਨ ਉੱਤੇ ਬਹਿਸ

## ਸਤਯਭਗਤ

ਹਵਨ ਦੀ ਤਿਆਰੀ ਹੋ ਚੁੱਕੀ ਹੈ। ਮੈਂ ਥਾਂ ਥਾਂ ਵੱਡੇ ਵੱਡੇ ਪੋਸਟਰ ਚਿਪਕਵਾ ਦਿੱਤੇ ਹਨ। ਜੇ ਸਤਜੁੱਗ ਲਿਆਉਣਾ ਹੋਵੇ ਤਾਂ ਹਵਨ ਕਰੋ। ਇਸ ਪੋਸਟਰ ਤੋਂ ਮੈਂ ਬਹੁਤ ਖੁਸ਼ ਹੋਇਆ। ਮੇਰੇ ਖੁਸ਼ ਹੋਣ ਦਾ ਇੱਕ ਵੱਡਾ ਕਾਰਣ ਇਹੀ ਸੀ ਕਿ ਇਸ ਦੇ ਰਾਹੀਂ ਦੁਨੀਆਂ ਨੂੰ ਤਾਂ ਚੰਗੀ ਤਰ੍ਹਾਂ ਠੱਗਿਆ ਹੀ ਗਿਆ ਸੀ ਪਰ ਇਸ ਦੇ ਲਈ ਝੂਠ ਬਿਲਕੁਲ ਨਹੀਂ ਬੋਲਣਾ ਪਿਆ। ਮੈਂ ਇਹੀ ਕਿਹਾ ਸੀ ਕਿ ਸਤਜੁੱਗ ਲਿਆਉਣਾ ਹੋਵੇ ਤਾਂ ਯੱਗ ਕਰੋ। ਇਹ ਗੱਲ ਬਿਲਕੁਲ ਸੱਚ ਹੈ। ਜੇਕਰ ਲੋਕ ਹਵਨ ਕਰਨਗੇ ਤਾਂ ਸੱਚ ਮੁੱਚ ਉਹੀ ਪ੍ਰਾਚੀਨ ਜੁੱਗ ਵਾਪਸ ਆਵੇਗਾ ਜਿਸ ਵਿੱਚ ਗਿਆਨ ਵਿਗਿਆਨ ਦੇ ਖੇਤਰ ਵਿੱਚ ਮਨੁੱਖ ਬਾਲਕ ਸੀ। ਸਤਜੁੱਗ, ਆਦਮੀ ਜੁੱਗ ਮੂਰਖਤਾ ਯੁੱਗ ਦੀ ਜਾਣ ਪਛਾਣ ਦੇਂਦਾ ਹੈ। ਅਜਿਹੀ ਹਾਲਤ ਵਿੱਚ ਹਵਨ ਦੁਆਰਾ ਸਤਜੁੱਗ ਲਿਆਉਣ ਦੀ ਗੱਲ ਵਿੱਚ ਝੂਠ ਕੀ ਹੈ।

ਹੂੰ ! ਇਸ ਯੱਗ ਵਿੱਚ ਹਰ ਤਰ੍ਹਾਂ ਤੋਂ ਚੰਗੀ ਕਮਾਈ ਹੋਵੇਗੀ। ਮੈਂ ਸਮਝਦਾ ਹਾਂ ਕਿ ਪੰਜਾਹ ਹਜ਼ਾਰ ਰੁਪਏ ਦਾ ਮੁਨਾਫਾ ਤਾਂ ਹੋ ਹੀ ਜਾਵੇਗਾ। ਇਸ ਦੇ ਸਿਵਾਏ ਮੈਂ ਪ੍ਰਾਚੀਨ ਸਭਿਅਤਾ ਦਾ ਉਧਾਰਕ ਰੱਖਿਅਕ ਆਦਿ ਸਮਝਿਆ ਜਾਵਾਂਗਾ। ਕੁਝ ਲੋਕ ਜੋ ਮੇਰੇ ਬ੍ਰਹਮਵਿਹਾਰ ਦੇ ਪ੍ਰੋਗਰਾਮ (ਜਿਹਨਾਂ ਜਾਤਾਂ ਵਿੱਚ ਵਿਧਵਾ ਵਿਆਹ ਦੀ ਮਨਾਹੀ ਹੈ ਉਨ੍ਹਾਂ ਜਾਤਾਂ ਦੀਆਂ ਅਨੇਕ ਵਿਧਵਾਵਾਂ ਸਥਾਈ ਰੂਪ ਤੋਂ ਬ੍ਰਹਮ ਵਿਹਾਰਣੀਆਂ ਬਣ ਕੇ ਮੇਰੇ ਆਸ਼ਰਮ ਆ ਗਈਆਂ ਹਨ) ਤੋਂ ਨਾਰਾਜ਼ ਹਨ ਉਹਨਾਂ ਦੀ ਨਾਰਾਜ਼ਗੀ ਦੂਰ ਹੋ ਜਾਵੇਗੀ। ਵਿਲਾਸ ਉੱਤੇ ਕੁਝ ਪਰਦਾ ਵੀ ਪੈ ਜਾਵੇਗਾ। ਮੇਰੇ ਬ੍ਰਹਮਵਿਚਾਰ ਦੀ ਅਲੋਚਨਾ ਕਰਨ ਵਾਲਿਆਂ ਦੇ ਅੱਗੇ ਵੀ ਕੁੱਝ ਟੁਕੜੇ ਪਾ ਦਿੱਤੇ ਜਾਣਗੇ। ਤਦ ਉਹਨਾਂ ਦਾ ਮੂੰਹ ਵੀ ਬੰਦ ਹੋ ਜਾਵੇਗਾ। ਹਵਨ ਨਾਲ ਦੁਨੀਆਂ ਦੀ ਬਰਬਾਦੀ ਭਾਵੇਂ ਹੀ ਹੋਵੇ ਪਰ ਮੇਰਾ ਤਾਂ ਫਾਇਦਾ ਹੀ ਫਾਇਦਾ ਹੈ।

ਅੱਜ ਕੁਝ ਸੁਧਾਰਕ ਗੱਭਰੂ ਮਿਲਣ ਦੇ ਲਈ ਆਏ ਸਨ ਬੋਲੇ–ਹਵਨ ਦੇ ਵਿਸ਼ੇ ਵਿੱਚ ਕੁਝ ਚਰਚਾ ਕਰਨੀ ਹੈ। ਇਹ ਲੋਕ ਵਿਚਾਰ ਵਟਾਂਦਰਾ ਕੀ ਕਰਨਗੇ ਮੈਂ ਸਮਝ ਗਿਆ। ਹਵਨ ਦੇ ਵਿਰੋਧ ਵਿੱਚ ਇਹ ਲੋਕ ਜੋ ਕੁਝ ਬੋਲਣਗੇ ਉਹ ਸੱਭ ਮੈਂ ਜਾਣਦਾ ਹਾਂ। ਮੈਂ ਉਨ੍ਹਾਂ ਨੂੰ ਟਾਲਣਾ ਚਾਹਿਆ ਮੈਂ ਕਿਹਾ–ਹਵਨ ਦਾ ਪ੍ਰੋਗਰਾਮ ਆਸਤਕਾਂ ਦੇ ਲਈ ਹੈ, ਉਹ ਹੀ ਇਸ ਦਾ ਰਹੱਸ ਅਤੇ ਉਸ ਦੀ ਲੋੜ ਸਮਝ ਸਕਦੇ ਹਨ। ਤੁਸੀਂ ਲੋਕ ਆਸਤਕ ਹੋਂ ਜਾਂ ਨਾਸਤਕ ?

ਉਹ ਬੋਲੇ–ਨਾ ਅਸੀਂ ਆਸਤਿਕ ਹਾਂ ਨਾ ਨਾਸਤਿਕ, ਜਿਗਿਆਸੂ ਹਾਂ। ਤੁਹਾਡੇ ਨਾਲ ਚਰਚਾ ਕਰਨ ਉੱਤੇ ਜੋ ਗੱਲ ਸਮਝ ਵਿੱਚ ਆ ਜਾਵੇਗੀ। ਉਸੇ ਦੇ ਅਨੁਸਾਰ ਆਸਤਕ ਜਾਂ ਨਾਸਤਕ ਬਣ ਜਾਵਾਂਗੇ।

ਉਹਨਾਂ ਲੋਕਾਂ ਦਾ ਉੱਤਰ ਬਹੁਤ ਚਤੁਰਾਈ ਭਰਪੂਰ ਸੀ ਇਸ ਲਈ ਮੈਂ ਉਹਨਾਂ ਨੂੰ ਟਾਲ ਨਾ ਸਕਿਆ। ਪਰ ਸੱਭ ਦੇ ਸਾਹਮਣੇ ਚਰਚਾ ਕਰਨਾ ਠੀਕ ਨਹੀਂ ਹੁੰਦਾ ਇਸ ਲਈ ਮੈਂ ਉਹਨਾਂ ਨੂੰ ਇਕਾਂਤ ਕਮਰੇ ਵਿੱਚ ਲੈ ਗਿਆ ਕਿਉਂਕਿ ਮੈਂ ਜਾਣਦਾ ਸੀ ਵਿਚਾਰ ਚਰਚਾ ਵਿੱਚ ਮੈਂ ਉਹਨਾਂ ਨੂੰ ਸੰਤੁਸ਼ਟ ਨਾ ਕਰ ਸਕਾਂਗਾ, ਤਰਕਪੂਰਨ ਉੱਤਰ ਵੀ ਨਾ ਦੇ ਸਕਾਂਗਾ। ਇਹ ਗੱਲ ਡੇਰੇ ਦੇ ਵੀ ਕਿਸੇ ਬੰਦੇ ਦੇ ਧਿਆਨ ਵਿੱਚ ਨਹੀਂ ਆਉਣੀ ਚਾਹੀਦੀ, ਰੁਕਮਣੀ ਦੇ ਵੀ ਨਹੀਂ ਫੇਰ ਹੋਰ ਭਗਤਾਂ ਦੀ ਤਾਂ ਗੱਲ ਹੀ ਦੂਸਰੀ ਹੈ। ਇਸ ਲਈ ਮੈਂ ਉਹਨਾਂ ਨੂੰ ਇਕਾਂਤ ਕਮਰੇ ਵਿੱਚ ਲੈ ਗਿਆ ਅਤੇ ਕਿਹਾ ਕਿ ਹੁਣ ਪੁੱਛੋ ਕੀ ਪੁੱਛਣਾ ਚਾਹੁੰਦੇ ਹੋ ?



ਉਹਨਾਂ ਨੇ ਕਿਹਾ – ਯੱਗ ਵਿੱਚ ਘੀ, ਸ਼ੱਕਰ, ਮੇਵਾ ਆਦਿ ਜਲਾਉਣ ਦਾ ਕੀ ਅਰਥ ਹੈ ?

ਮੈਂ – ਇਹ ਦੇਵਤਿਆਂ ਨੂੰ ਭੇਂਟ ਤੋਹਫ਼ਾ ਹੈ ਅਤੇ ਦੇਵਤਿਆਂ ਨੂੰ ਆਪਣੀ ਖਾਧ ਸਾਮੱਗਰੀ ਵਿੱਚੋਂ ਚੰਗੀ ਤੋਂ ਚੰਗੀ ਸਾਮੱਗਰੀ ਦਿੱਤੀ ਜਾਂਦੀ ਹੈ।

ਉਹ – ਪਰ ਤੁਸੀਂ ਤਾਂ ਇਸ ਨੂੰ ਅੱਗ ਵਿੱਚ ਜਲਾਉਂਦੇ ਹੋ, ਦੇਵਤਿਆਂ ਨੂੰ ਕਿੱਥੇ ਦੇਂਦੇ ਹੋ ?

ਮੈਂ – ਅਗਨੀ ਹੀ ਦੇਵਤਿਆਂ ਦਾ ਮੂੰਹ ਹੈ। ਅਗਨੀਮੁਖਾ ਵੈ ਦੇਵਾ:

ਉਹ – ਹੋ ਸਕਦਾ ਹੈ ਦੇਵਤੇ ਲੋਕ ਅੱਗ ਦੇ ਹੀ ਬਣੇ ਹੋਣ ਅਤੇ ਇਸ ਲਈ ਉਨ੍ਹਾਂ ਦਾ ਮੂੰਹ ਵੀ ਅੱਗ ਦਾ ਹੋਵੇ। ਪਰ ਤੁਸੀਂ ਦੇਵਤਿਆਂ ਦੇ ਮੂੰਹ ਵਿੱਚ ਆਹੁਤੀ (ਹਵਨ ਵਿੱਚ ਘਿਉ ਆਦਿ ਸਮੱਗਰੀ ਪਾਉਣ ਦਾ ਕੰਮ) ਨਹੀਂ ਪਾਉਂਦੇ। ਦੇਵਤਿਆਂ ਦਾ ਮੂੰਹ ਸਾਨੂੰ ਮਿਲ ਜਾਵੇ, ਫੇਰ ਭਾਵੇਂ ਹੀ ਉਹ ਅੱਗ ਦਾ ਹੋਵੇ ਤਾਂ ਉਸ ਵਿੱਚ ਘੀ, ਸ਼ੱਕਰ, ਮੇਵਾ ਪਾਉਣਾ ਕਿਸੇ ਤਰ੍ਹਾਂ ਠੀਕ ਨਹੀਂ ਕਿਹਾ ਜਾ ਸਕਦਾ, ਪਰ ਜਿਸ ਨੂੰ ਚਾਹੇ ਅੱਗ ਵਿੱਚ ਅਹੁਤੀ ਪਾਉਣ ਨੂੰ ਦੇਵਤਿਆਂ ਦੇ ਮੂੰਹ ਵਿੱਚ ਆਹੁਤੀ ਪਾਉਣਾ ਨਹੀਂ ਕਿਹਾ ਜਾ ਸਕਦਾ। ਮਨੁੱਖ ਦਾ ਮੂੰਹ ਹੱਡ ਮਾਸ ਚਮੜੇ ਦਾ ਹੈ ਪਰੰਤੂ ਕਿਸੇ ਵੀ ਹੱਡ ਮਾਸ ਚਮੜੇ ਵਿੱਚ ਪਾ ਦੇਣ ਨਾਲ ਮਨੁੱਖਾਂ ਨੂੰ ਨਹੀਂ ਮਿਲ ਜਾਵੇਗਾ। ਕਿਸੀ ਵੀ ਅੱਗ ਵਿੱਚ ਅਹੁਤੀ ਪਾਉਣ ਨਾਲ ਤੁਸੀਂ ਕਿਵੇਂ ਉਮੀਦ ਕਰਦੇ ਹੋ ਕਿ ਉਹ ਦੇਵਤਿਆਂ ਦੇ ਮੂੰਹ ਵਿੱਚ ਪਹੁੰਚ ਗਈ ?

ਇਹਨਾਂ ਲੋਕਾਂ ਦਾ ਤਰਕ ਜ਼ਬਰਦਸਤ ਸੀ। ਸੱਚ ਗੱਲ ਤਾਂ ਇਹ ਹੈ ਕਿ ਮੈਂ ਆਪ ਇਹਨਾ ਵਿਚਾਰਾਂ ਦਾ ਹਾਂ। ਪਰ ਇਹ ਤਾਂ ਸਵਾਲ ਠੱਗੀ ਦੀ ਦੁਕਾਨ ਫੈਲਾਉਣ ਦਾ ਹੈ। ਇਹਨਾਂ ਦੇ ਤਰਕ ਉੱਤੇ ਧਿਆਨ ਦੇਣ ਨਾਲ ਕਿਵੇਂ ਚਲਦਾ। ਪਰ ਆਪਣੇ ਵਿਚਾਰਾਂ ਦੇ ਵਿਰੁੱਧ ਵੀ ਮੈਂ ਜ਼ੋਰ ਲਗਾਇਆ ਅਤੇ ਕਿਹਾ–ਇਥੇ ਲਾਕਸ਼ਣਿਕ (ਜਿਸ ਵਿੱਚ ਲਕਸ਼ਣ ਪ੍ਰਗਣ ਹੋਣ) ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਅੱਗਨੀ ਵਿੱਚ ਆਹੁਤੀ ਦੇਣ ਨਾਲ ਉਹ ਦੇਵਤਿਆਂ ਨੂੰ ਮਿਲਦੀ ਹੈ। ਇਸ ਲਈ ਉਹਨਾਂ ਨੂੰ ਅੱਗਨੀ ਮੁੱਖ ਕਿਹਾ ਗਿਆ ਹੈ।

ਉਹ – ਪਰ ਅਗਨੀ ਵਿੱਚ ਪਾਉਣ ਨਾਲ ਉਹਨਾਂ ਨੂੰ ਕੀ ਮਿਲੇਗਾ ? ਉਹ ਸੱਭ ਤਾਂ ਜਲਕੇ ਸੁਆਹ ਹੋ ਜਾਂਦਾ ਹੈ ਅਤੇ ਉਹ ਰਾਖ ਵੀ ਇੱਥੇ ਰਹਿੰਦੀ ਹੈ। ਉਹ ਰਾਖ ਵੀ ਦੇਵਤਿਆਂ ਦੇ ਪੱਲੇ ਨਹੀਂ ਪੈਂਦੀ।

ਮੈਂ – ਪਰ ਧੂੰਆਂ ਤਾਂ ਅਸਮਾਨ ਵੱਲ ਜਾਂਦਾ ਹੈ ਅਤੇ ਅਸਮਾਨ ਵਿੱਚ ਹੀ ਦੇਵਤੇ ਰਹਿੰਦੇ ਹਨ। ਉਸ ਧੂੰਏ ਨਾਲ ਹੀ ਉਨ੍ਹਾਂ ਨੂੰ ਤ੍ਰਿਪਤੀ ਹੋ ਜਾਂਦੀ ਹੈ।

ਉਹ – ਪਰ ਉਹ ਧੂੰਆਂ ਵੀ ਤਾਂ ਬਹੁਤ ਦੂਰ ਨਹੀਂ ਜਾਂਦਾ। ਉਸ ਦੇ ਕਣ ਵੀ ਥੋੜ੍ਹੀ ਦੂਰ ਜਾ ਕੇ ਵਾਯੂਮੰਡਲ ਵਿੱਚ ਰਲ ਜਾਂਦੇ ਹਨ। ਸਾਡੇ ਸਿਰ ਤੋਂ ਸੌ ਦੋ ਸੌ ਫੁੱਟ ਉੱਤੇ ਤਾਂ ਦੇਵਤਿਆਂ ਦਾ ਨਿਵਾਸ ਹੈ ਨਹੀਂ ਅਤੇ ਉਨੀ ਦੂਰ ਜਾਣ ਉੱਤੇ ਤਾਂ ਧੂੰਆਂ ਹਵਾ ਵਿੱਚ ਖਤਮ ਹੋ ਜਾਂਦਾ ਹੈ ਅਤੇ ਹੁਣ ਤਾਂ ਵਾਯੂਮੰਡਲ ਦੇ ਬਾਹਰ ਜਾ ਕੇ ਵੀ ਚੰਦਰਮਾ ਤੱਕ ਮਨੁੱਖ ਜਾਂਚ ਪੜਤਾਲ ਕਰ ਆਇਆ ਹੈ। ਦੇਵਤਿਆਂ ਦਾ ਨਿਵਾਸ, ਉਹਨਾਂ ਦੇ ਜਹਾਜ ਆਦਿ ਕਿਧਰੇ ਨਹੀਂ ਮਿਲੇ, ਚੰਨ ਉੱਤੇ ਤਾਂ ਹਵਾ ਪਾਣੀ ਵਨਸਪਤੀ, ਜੀਵ ਜੰਤੂ ਆਦਿ ਕੁਝ ਵੀ ਨਹੀਂ ਹੈ। ਕਿੱਥੇ ਰਹਿੰਦੇ ਹਨ ਇਹ ਦੇਵਤੇ ? ਅਤੇ ਕਿਵੇਂ ਕੰਗਾਲ ਹਨ ਕਿ ਜਿਹਨਾਂ ਦੇ ਕੋਲ ਆਪਣੇ ਗੁਜ਼ਾਰੇ ਦੇ ਲਈ ਕੁਝ ਵੀ ਨਹੀਂ ਹੈ। ਜਲੀ ਹੋਈ ਖਾਧ ਸਾਮੱਗਰੀ ਤੋਂ ਧੂੰਏ ਉੱਤੇ ਜਿਹਨਾਂ ਨੂੰ ਨਿਰਵਾਹ ਕਰਨਾ ਪੈਂਦਾ ਹੈ ਅਤੇ ਧੂੰਏ ਦੇ ਕਣ ਵੀ ਵਾਯੂਮੰਡਲ ਵਿੱਚ ਖਿਲਰ

ਜਾਂਦੇ ਹਨ ਸੋ ਉਹਨਾ ਖਿਡਰੇ ਕਣਾਂ ਨੂੰ ਲੱਭਣ ਵਿੱਚ ਲੱਗੇ ਰਹਿੰਦੇ ਹਨ। ਏਨੀ ਮਾਮੂਲੀ ਅਤੇ ਬੇਕਾਰ ਚੀਜ਼ ਵੀ ਦੇਵਤਿਆਂ ਦੇ ਪਾਸ ਨਹੀਂ ਹੈ। ਫੇਰ ਉਹ ਦੇਵਤੇ ਸਾਡਾ ਕੀ ਭਲਾ ਕਰਨਗੇ ? ਸਾਨੂੰ ਕੀ ਦੇਣਗੇ ?

ਮੇਰੇ ਪਾਸ ਇਹਨਾਂ ਗੱਲਾਂ ਦਾ ਕੋਈ ਉੱਤਰ ਨਹੀਂ ਸੀ ਅਤੇ ਹੁੰਦਾ ਕਿੱਥੋਂ ਜਦ ਕਿ ਇਹਨਾਂ ਦਾ ਉੱਤਰ ਹੈ ਹੀ ਨਹੀਂ ! ਪਰ ਨਿਰ ਉੱਤਰਤਾ ਮੰਨ ਲੈਣ ਦਾ ਅਰਥ ਹੁੰਦਾ ਆਪਣੀਆਂ ਸਾਰੀਆਂ ਸਕੀਮਾਂ ਬਰਬਾਦ ਕਰਾ ਲੈਣਾ। ਇਸ ਲਈ ਮੈਂ ਪੈਂਤਰਾ ਬਦਲ ਕੇ ਕਿਹਾ-ਤੁਸੀਂ ਲੋਕ ਨਾਸਤਿਕ ਹੋ, ਘੋਰ ਭੌਤਿਕਵਾਦੀ। ਅਜਿਹੇ ਲੋਕ ਆਧਿਆਤਮਿਕ ਅਤੇ ਅਲੌਕਿਕ ਸੰਸਾਰ ਦਾ ਰਹੱਸ ਸਮਝ ਹੀ ਨਹੀਂ ਸਕਦੇ। ਉਸ ਦੇ ਲਈ ਸ਼ਰਧਾ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਤੁਹਾਡੇ ਲੋਕਾਂ ਦੇ ਪਾਸ ਹੈ ਨਹੀਂ, ਇਸ ਲਈ ਤੁਹਾਨੂੰ ਲੋਕਾਂ ਨੂੰ ਅਧਿਆਤਮਿਕ ਨਜ਼ਰ ਤੋਂ ਹਵਨ ਦੀ ਜ਼ਰੂਰਤ ਸਮਝਾਉਣਾ ਬੇਕਾਰ ਹੈ। ਮਾਮੂਲੀ ਭੌਤਿਕਵਾਦ ਦੇ ਆਧਾਰ ਤੋਂ ਹੀ ਤੁਹਾਨੂੰ ਲੋਕਾਂ ਨੂੰ ਸਮਝਣਾ ਹੋਵੇਗਾ।

ਉਹ – ਸ਼ਰਧਾ ਨਹੀਂ ਅੰਨ੍ਹੀ ਸ਼ਰਧਾ ਕਹੋ। ਬੁੱਧੀ ਵਿਵੇਕ ਸਮਝਦਾਰੀ ਨੂੰ ਕਿਨਾਰੇ ਰੱਖ ਕੇ ਹੀ ਤੁਹਾਡੀਆਂ ਗੱਲਾਂ ਮੰਨੀਆਂ ਜਾ ਸਕਦੀਆਂ ਹਨ। ਸਮਝਣ ਦਾ ਤਾਂ ਸਵਾਲ ਹੀ ਨਹੀਂ ਕਿਉਂਕਿ ਸਮਝਦਾਰੀ ਨੂੰ ਕਿਨਾਰੇ ਰੱਖ ਕੇ ਹੀ ਮੰਨਣਾ ਹੈ। ਹਾਂ, ਤੁਸੀਂ ਮਾਮੂਲੀ ਭੌਤਿਕਵਾਦ ਦੇ ਆਧਾਰ ਤੋਂ ਹੀ ਸਮਝਾਓ।

ਮੈਂ – ਭੌਤਿਕਵਾਦ ਦੀ ਨਜ਼ਰ ਤੋਂ ਵੀ ਹਵਨ ਦੇ ਬਹੁਤ ਲਾਭ ਹਨ। ਮੈਂ ਇੱਕ ਲਾਭ ਦਾ ਸਪਸ਼ਟੀਕਰਨ ਕਰਦਾ ਹਾਂ। ਪਹਿਲਾ ਲਾਭ ਤਾਂ ਇਹ ਹੈ ਕਿ ਹਵਨ ਵਿੱਚ ਆਹੁਤੀਆਂ ਦਿੱਤੀਆਂ ਜਾਂਦੀਆਂ ਹਨ। ਉਹਨਾਂ ਨਾਲ ਹਵਾ ਸਾਫ਼ ਹੁੰਦੀ ਹੈ। ਬਿਮਾਰੀ ਦੇ ਕੀਟਾਣੂ ਮਰਦੇ ਹਨ। ਇਸ ਨਾਲ ਲੋਕ ਬਿਮਾਰੀ ਨਹੀਂ ਹੁੰਦੇ।

ਉਹ ਲੋਕ ਹੱਸ ਕੇ ਬੋਲੇ-ਹਵਨ ਵਿੱਚ ਜਦ ਅੰਨ ਸਾਮੱਗਰੀ ਜਲਣ ਲੱਗੇਗੀ ਤਦ ਲੋਕ ਉਂਜ ਹੀ ਭੁੱਖੇ ਰਹਿਣ ਲੱਗਣਗੇ ਅਤੇ ਜੋ ਭੁੱਖੇ ਰਹਿਣ ਲੱਗਣਗੇ ਉਨ੍ਹਾਂ ਦੇ ਪਾਸ ਬਿਮਾਰੀ ਕੀ ਆਵੇਗੀ। ਭੁੱਖ ਹੀ ਬਿਮਾਰੀ ਨੂੰ ਜਾਵੇਗੀ। ਫੇਰ ਗੰਭੀਰਤਾ ਨਾਲ ਬੋਲੇ ਹਵਾ ਨੂੰ ਸਾਫ਼ ਕਰਨ ਦੇ ਲਈ ਘੀ, ਮੇਵਾ ਅਤੇ ਅੰਨ ਸਾਮਗੱਰੀ ਜਲਾਉਣ ਦਾ ਕੋਈ ਅਰਥ ਨਹੀਂ ਹੈ। ਜਲਾਉਣਾ ਹੀ ਹੈ ਤਾਂ ਨਿੰਮ ਦੀਆਂ ਪੱਤੀਆਂ, ਗੂਗਲ, ਧੂਪ ਆਦਿ ਜਲਾਉਣਾ ਚਾਹੀਦਾ ਹੈ। ਇਹ ਚੀਜ਼ਾਂ ਖਾਣ ਦੇ ਕੰਮ ਵੀ ਨਹੀਂ ਆਉਂਦੀਆਂ ਅਤੇ ਹਵਾ ਨੂੰ ਸਾਫ਼ ਵੀ ਕਰਦੀਆਂ ਹਨ, ਕੀਟਾਣੂ ਮਾਰਦੀਆਂ ਹਨ। ਫੇਰ ਇਹ ਗੱਲ ਵੀ ਗਲਤ ਹੈ ਕਿ ਹਵਾ ਸ਼ੁਧ ਕਰਨ ਦੇ ਲਈ ਆਹੁੱਤੀਆਂ ਦਿੱਤੀਆਂ ਜਾਂਦੀਆਂ ਹਨ।

ਮੈਂ – ਇਹ ਗੱਲ ਗਲਤ ਕਿਉਂ ਹੈ ?

ਉਹ – ਕਿਉਂਕਿ ਹਵਨ ਦੇ ਲਈ ਜਿਹੜੀ ਥਾਂ ਨਿਸ਼ਚਿਤ ਕੀਤੀ ਜਾਂਦੀ ਹੈ। ਉਹ ਸਾਫ-ਸੁਥਰਾ ਹੁੰਦਾ ਹੈ ਸਗੋਂ ਖੁੱਲ੍ਹੇ ਵਿੱਚ ਵੀ ਹੁੰਦਾ ਹੈ। ਉੱਥੇ ਕੀਟਾਣੂਆਂ ਦੀ ਸੰਭਾਵਨਾ ਘੱਟ ਹੁੰਦੀ ਹੈ। ਕੀਟਾਣੂਆਂ ਦੀ ਸੰਭਾਵਨਾ ਡੂੰਘੇ ਖੱਡਿਆ ਜਾਂ ਮਲਤਿਆਗ ਵਾਲੀਆਂ ਥਾਵਾਂ ਵਿੱਚ, ਪਿਸ਼ਾਬ ਘਰ ਵਿੱਚ, ਹਨੇਰੇ ਕਮਰਿਆਂ ਵਿੱਚ, ਭੰਡਾਰ ਵਿੱਚ ਕਿਧਰੇ ਕਿਧਰੇ ਸੌਣ ਵਾਲੇ ਕਮਰਿਆਂ ਵਿੱਚ ਵੀ, ਪਰ ਇੱਥੇ ਹਵਨ ਨਹੀਂ ਕੀਤੇ ਜਾਂਦੇ। ਜੇਕਰ ਕੀਟਾਣੂਆਂ ਨੂੰ ਖਤਮ ਕਰਨਾ ਹਵਨ ਦਾ ਉਦੇਸ਼ ਹੁੰਦਾ ਤਾਂ ਜਿਸ ਪ੍ਰਕਾਰ ਫਿਨਾਇਲ ਵਗੈਰਾ ਅਸੀਂ ਟੋਇਆਂ ਆਦਿ ਵਿੱਚ ਪਾਉਂਦੇ ਹਾਂ ਉਸੇ ਪ੍ਰਕਾਰ ਯੱਗ ਵੀ ਉਹਨਾਂ ਹੀ ਥਾਵਾਂ ਉੱਤੇ ਕੀਤੇ ਗਏ ਹੁੰਦੇ ਪਰ ਅਜਿਹਾ ਨਹੀਂ ਹੁੰਦਾ ਇਸ ਦਾ ਕਾਰਣ ਇਹੀ ਹੈ ਕਿ ਹਵਾ ਸ਼ੁਧੀ ਉਸ ਦਾ ਉਦੇਸ਼ ਨਹੀਂ ਹੈ।

ਉਨ੍ਹਾਂ ਦੀਆਂ ਗੱਲਾਂ ਦਾ ਉੱਤਰ ਸੀ ਹੀ ਨਹੀਂ, ਮੈਂ ਆਪ ਇਹਨਾਂ ਗੱਲਾਂ ਨੂੰ ਜਾਣਦਾ ਮੰਨਦਾ ਸੀ ਪਰ ਇਹ ਮੌਕਾ ਜਾਣਨ ਮੰਨਣ ਦਾ ਨਹੀਂ ਸੀ। ਇਸ ਲਈ ਮੈਂ ਕਿਹਾ ਤੁਸੀਂ ਲੋਕ ਹਵਨ ਦਾ ਅਪਮਾਨ ਹੀ ਕਰਨਾ ਜਾਣਦੇ ਹੋ ਉਸ ਦੀ ਅਸਲੀਅਤ ਸਮਝਣਾ ਨਹੀਂ ਚਾਹੁੰਦੇ। ਧੂੰਏ ਦੇ ਅਣੂ ਉਸੇ ਥਾਂ ਪ੍ਰਭਾਵ ਨਹੀਂ ਪਾਉਂਦੇ ਜਿਥੇ ਉਹ ਪੈਦਾ ਹੁੰਦੇ ਹਨ ਪਰੰਤੂ ਦੂਰ ਦੂਰ ਤੱਕ ਪ੍ਰਭਾਵ ਪਾਉਂਦੇ ਹਨ। ਸਾਰੇ ਦੇਸ਼ ਵਿੱਚ ਪ੍ਰਭਾਵ ਪਾਉਂਦੇ ਹਨ ਪਰ ਤੁਸੀਂ ਲੋਕ ਇਹਨਾਂ ਸੂਖਮ (ਬਹੁਤ ਬਰੀਕ) ਰਹੱਸਾਂ ਨੂੰ ਕੀ ਸਮਝੋਂ।

ਉਹ – ਮੰਨਿਆ ਕਿ ਅਸੀਂ ਲੋਕ ਅਕਲਮੰਦ ਨਹੀਂ ਹਾਂ ਫੇਰ ਵੀ ਜੋ ਗੱਲ ਸਾਧਾਰਣ ਬੁੱਧੀ (ਕਾਮਨ ਸੈਂਸ) ਵਿੱਚ ਵੀ ਨਹੀਂ ਜੱਚਦੀ ਉਸ ਨੂੰ ਕਿਵੇਂ ਲਈਏ ਧੂੰਏ ਦਾ ਅਸਰ ਦੂਰ ਵੀ ਹੁੰਦਾ ਹੋਵੇਗਾ ਪਰ ਜ਼ਿਆਦਾ ਅਸਰ ਤਾਂ ਉਥੇ ਹੋਵੇਗਾ ਜਿੱਥੇ ਉਹ ਸੰਘਣਾ ਹੋਵੇਗਾ। ਇਸ ਲਈ ਗੰਦੀਆਂ ਥਾਵਾਂ ਵਿੱਚ ਹੀ ਹਵਨ ਕਰਨਾ ਚਾਹੀਦਾ ਹੈ ਜਿੱਥੇ ਗੰਦੀ ਥਾਂ ਨੂੰ ਸੰਘਣਾ ਧੂੰਆਂ ਮਿਲ ਸਕੇ ਅਤੇ ਉਥੇ ਜੋ ਜ਼ਿਆਦਾ ਕੀਟਾਣੂ ਹੋਣ ਉਹ ਮਰ ਸਕਣ ਅਤੇ ਫੇਰ ਸਾਡੇ ਲੋਕਾਂ ਦਾ ਕਹਿਣਾ ਹੈ ਕਿ ਜਲਾਉਣ ਦੇ ਲਈ ਉਨ੍ਹਾਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਖਾਣ ਦੇ ਕੰਮ ਵਿੱਚ ਨਹੀਂ ਆਉਂਦੀ ਪਰੰਤੂ ਕੀਟਾਣੂਆਂ ਦਾ ਖਾਤਮਾ ਕਰਦੀਆਂ ਹਨ। ਯੁਗਾਂਡਾ ਵਿੱਚ ਏਨੇ ਕੀਟ ਮੱਛਰ ਸਨ ਕਿ ਉਥੇ ਬਿਮਾਰਿਆਂ ਦੇ ਕਾਰਣ ਕੋਈ ਰਹਿਣਾ ਪਸੰਦ ਨਹੀਂ ਕਰਦਾ ਸੀ ਪਰ ਉਥੇ ਬਿਨਾਂ ਹਵਨ ਦੇ ਐਨੀ ਸਫਾਈ ਲਿਆ ਦਿੱਤੀ ਗਈ ਹੈ ਕਿ ਉੱਥੇ ਦਾ ਕਾਲਾ ਬੁਖਾਰ, ਜਿਸ ਦੇ ਹੋਣ ਉੱਤੇ ਕੋਈ ਜੀਵਤ ਨਹੀਂ ਬਚਦਾ ਸੀ, ਹੁਣ ਇਤਿਹਾਸ ਦੀ ਚੀਜ਼ ਬਣ ਗਈ ਹੈ। ਸਾਨੂੰ ਤਾਂ ਹਵਨ ਦੀ ਇਹ ਜ਼ਰੂਰਤ ਸਮਝ ਵਿੱਚ ਨਹੀਂ ਆਉਂਦੀ ਹੈ। ਦੂਸਰੀ ਕੋਈ ਲੋੜ ਹੋਵੇ ਤਾਂ ਦੱਸੋ।

ਮੈਂ – ਤੁਹਾਨੂੰ ਲੋਕਾਂ ਦੀ ਸਮਝ ਵਿੱਚ ਨਾ ਇਹ ਜ਼ਰੂਰਤ ਆਵੇਗੀ ਨਾ ਉਹ, ਨਾਸਤਿਕ ਅਕਲ ਵਿੱਚ ਆਸਤਿਕਤਾ ਦੀਆਂ ਗੱਲਾਂ ਸਮਝ ਵਿੱਚ ਆ ਹੀ ਨਹੀਂ ਸਕਦੀਆਂ। ਫੇਰ ਵੀ ਇੱਕ ਅੱਧੀ ਲੋੜ ਦੇ ਬਾਰੇ ਵਿੱਚ ਦੱਸ ਦੇਂਦਾ ਹਾਂ। ਮੀਂਹ ਦਾ ਮੁੱਖ ਕਾਰਣ ਹਵਨ ਹੈ। ਵਰਖਾ ਨਾਲ ਅਕਾਲ ਦੂਰ ਹੁੰਦਾ ਹੈ, ਅੰਨ-ਉਤਪਾਦਨ ਵੱਧਦਾ ਹੈ। ਅੰਨ ਉਤਪਾਦਨ ਵਧਾਉਣ ਦੇ ਲਈ ਜੇਕਰ ਥੋੜ੍ਹਾ ਬਹੁਤ ਅੰਨ ਆਹੁਤੀਆਂ ਵਿੱਚ ਖਰਚ ਵੀ ਕੀਤਾ ਜਾਵੇ ਤਾਂ ਸਮਾਜ ਫਾਇਦੇ ਵਿੱਚ ਹੀ ਹੈ। ਅੱਜ ਕੱਲ੍ਹ ਵਰਖਾ ਘੱਟ ਰਹੀ ਹੈ ਇਸ ਦਾ ਕਾਰਣ ਇਹੀ ਹੈ ਕਿ ਹਵਨ ਨਹੀਂ ਹੁੰਦੇ।

ਉਹ – ਵਰਖਾ ਘੱਟਣ ਦਾ ਕਾਰਣ ਤਾਂ ਜੰਗਲਾਂ ਦਾ ਵੱਢ ਹੋ ਜਾਣਾ ਹੈ ਕਿਉਂਕਿ ਜੰਗਲਾਂ ਦੇ ਨਾ ਰਹਿਣ ਨਾਲ ਵਾਤਾਵਰਣ ਅਜਿਹਾ ਹੋ ਜਾਂਦਾ ਹੈ ਕਿ ਭਾਫ ਦੇ ਬੱਦਲ ਨਹੀਂ ਬਣ ਪਾਂਦੇ। ਇਸ ਤੋਂ ਵਰਖਾ ਰੁਕ ਜਾਂਦੀ ਹੈ। ਹਵਨਾਂ ਦਾ ਵਰਖਾ ਨਾਲ ਕੋਈ ਸੰਬੰਧ ਨਹੀਂ ਬੈਠਦਾ ਹੈ। ਨਹੀਂ ਤਾਂ ਮਾਰਵਾੜੀ ਸੇਠ ਮਾਰਵਾੜ ਵਿੱਚ ਹਵਨ ਕਰਾ ਕੇ ਮਾਰਵਾੜ ਨੂੰ ਸਰਸਬਜ਼ ਬਣਾ ਦੇਂਦੇ। ਉਥੇ ਪੰਜਾਬ ਤੋਂ ਨਹਿਰ ਲਿਆਉਣ ਦੀ ਜਰੂਰਤ ਨਾ ਹੁੰਦੀ, ਨਾ ਉਥੇ ਮਰੁਸਥਲ ਰਹਿ ਪਾਂਦਾ ਅਤੇ ਚੇਰਾਪੂੰਜੀ ਵਿੱਚ ਜਿੱਥੇ 600 ਇੰਚ ਵਰਖਾ ਹੁੰਦੀ ਹੈ ਉਥੇ ਕੋਈ ਹਵਨ ਨਹੀਂ ਕਰਦਾ। ਭਾਰਤ ਦੇ ਬਾਹਰ ਵੀ ਕਿਧਰੇ ਹਵਨ ਯੱਗ ਨਹੀਂ ਹੁੰਦੇ ਪਰ ਵਰਖਾ ਸਭ ਜਗ੍ਹਾ ਹੁੰਦੀ ਹੈ। ਇੰਗਲੈਂਡ ਵਿੱਚ ਯੁਗਾਂਡਾ ਵਿੱਚ ਬਾਰਾਂ ਮਹੀਨੇ ਵਰਖਾ ਹੁੰਦੀ ਹੈ ਪਰ ਉਥੇ ਕੋਈ ਯੱਗ ਨਹੀਂ ਕਰਦਾ। ਹਵਨਾਂ ਨਾਲ ਵਰਖਾ ਦਾ ਕੋਈ ਅਟੁੱਟ ਸਬੰਧ ਨਹੀਂ ਮਾਲੂਮ ਹੁੰਦਾ। ਫੇਰ ਹਵਨ ਵਿੱਚ ਹੈ ਕੀ ਚੀਜ਼ ਜਿਸ ਤੋਂ ਬੱਦਲ ਬਣਨਗੇ ?

ਮੈਂ – ਹਵਨ ਵਿੱਚ ਜੋ ਧੂੰਆਂ ਨਿਕਲਦਾ ਹੈ ਉਸੇ ਨਾਲ ਤਾਂ ਬੱਦਲ ਬਣਦੇ ਹਨ।

ਉਹ – ਧੂੰਏ ਨਾਲ ਕੱਜਲ ਹੀ ਬਣ ਸਕਦਾ ਹੈ ਕਿਉਂਕਿ ਧੂੰਏ ਵਿੱਚ ਤਾਂ ਕਾਰਬਨ ਆਦਿ ਤੱਤਵ ਹੀ ਹੁੰਦੇ ਹਨ ਜੋ ਪਾਣੀ ਵਿੱਚ ਨਹੀਂ ਮਿਲਦੇ। ਉਸ ਨਾਲ ਪਾਣੀ ਕਿਵੇਂ ਬਣੇਗਾ ? ਧੂੰਆਂ ਕੋਈ ਭਾਫ਼ ਤਾਂ ਹੈ ਨਹੀਂ ਅਤੇ ਫੇਰ ਸੇਰ ਅੱਧ ਸੇਰ ਭਾਫ਼ ਤੋਂ ਕਰੋੜਾਂ ਮਣ ਪਾਣੀ ਕਿਵੇਂ ਬਣ ਜਾਵੇਗਾ, ਜੋ ਖੇਤਾਂ ਨੂੰ ਸਿੰਚਾਈ ਦੇਵੇ ਅਤੇ ਤਾਲਾਬਾਂ ਨਹਿਰਾਂ ਨੂੰ ਭਰ ਦੇਵੇ।

ਮੈਂ – ਦੇਖੋ ਵਰਖਾ ਦਾ ਦੇਵਤਾ ਇੰਦਰ ਹੈ ਅਤੇ ਹਵਨ ਵਿੱਚ ਮੁੱਖ ਤੌਰ 'ਤੇ ਇੰਦਰ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਜਿਸ ਤੋਂ ਉਹ ਖੁਸ਼ ਹੁੰਦਾ ਹੈ ਅਤੇ ਖੁਸ਼ ਹੋ ਕੇ ਪਾਣੀ ਵਰਸਾਉਂਦਾ ਹੈ।

ਉਹ – ਜੇਕਰ ਹਵਨ ਕਰਕੇ ਇੰਦਰ ਨੂੰ ਖੁਸ਼ ਨਾ ਕੀਤਾ ਜਾਵੇ ਤਾਂ ਕੀ ਜਲ ਨਾ ਵਰਸੇਗਾ ?

ਮੈਂ – ਬਿਲਕੁਲ ਨਹੀਂ।

ਉਹ – ਤਾਂ ਭਾਰਤ ਦੇ ਬਾਹਰ ਕਿਧਰੇ ਹਵਨ ਨਹੀਂ ਕੀਤੇ ਜਾਂਦੇ ਤਦ ਉਥੇ ਜਲ ਕਿਉਂ ਵਰਸਦਾ ਹੈ ? ਬਲਕਿ ਭਾਰਤ ਤੋਂ ਵੱਧ ਹੀ

ਵਰਸਦਾ ਹੈ, ਬਾਰਾਂ ਮਹੀਨੇ ਵਰਸਦਾ ਹੈ। ਵਰਖਾਂ ਦਾ ਕਾਰਨ ਹਵਨ ਤਾਂ ਬਿਲਕੁਲ ਨਹੀਂ ਮਾਲੂਮ ਹੁੰਦਾ ਨਾ ਕੋਈ ਭੌਤਿਕ ਕਾਰਣ ਹੈ। ਹਵਨ ਦਾ ਕਾਰਨ ਮੂਰਖਤਾ ਹੈ।

ਮੈਂ – ਕਿਹੋ ਜਿਹੀ ਮੂਰਖਤਾ ?

ਉਹ – ਪਹਿਲੇ ਜ਼ਮਾਨੇ ਵਿੱਚ ਅਰਥਾਤ ਵੈਦਿਕ ਜੁੱਗ ਵਿੱਚ ਲੋਕ ਵਿਗਿਆਨ ਦੇ ਬਾਰੇ ਵਿੱਚ ਅਨਜਾਣ ਸਨ। ਉਹ ਇਹ ਨਹੀਂ ਸਮਝਦੇ ਸਨ ਕਿ ਵਰਖਾ ਕਿਵੇਂ ਹੁੰਦੀ ਹੈ ? ਰੋਗ ਕਿਵੇਂ ਹੁੰਦੇ ਹਨ ? ਉਹ ਜਾਂਦੇ ਕਿਵੇਂ ਹਨ ਇਹਨਾਂ ਸਭਨਾਂ ਦਾ ਕਾਰਣ ਉਹ ਦੇਵਤਿਆਂ ਨੂੰ ਮੰਨਦੇ ਸਨ। ਇਸ ਲਈ ਉਹ ਉਨ੍ਹਾਂ ਨੂੰ ਖੁਸ਼ ਕਰਨ ਦੇ ਲਈ ਭੇਂਟ ਚੜ੍ਹਾਂਦੇ ਸਨ ਅਤੇ ਉਸ ਸਮੇਂ ਮਨੁੱਖ ਮਾਸ ਖਾਣ ਵਾਲਾ ਸੀ ਇਸ ਲਈ ਚੰਗੇ ਤੋਂ ਚੰਗਾ ਮਾਸ ਉਹ ਦੇਵਤਿਆਂ ਨੂੰ ਅਰਪਣ (ਨਜ਼ਰ, ਭੇਟ, ਕਿਸੇ ਵਸਤੂ ਜਾਂ ਪੈਸੇ ਆਦਿ ਨੂੰ ਕਿਸੇ ਅੱਗੇ ਪੇਸ਼ ਕਰਨ ਦੀ ਕਿਰਿਆ) ਕਰਦੇ ਸਨ ਅਤੇ ਕੱਚੇ ਮਾਸ ਦੀ ਨਿਸਬਤ ਪੱਕਿਆ ਹੋਇਆ ਮਾਸ ਸੁਆਦੀ ਹੁੰਦਾ ਹੈ ਇਸ ਲਈ ਉਹ ਅੱਗ ਵਿੱਚ ਮਾਸ ਸੁੱਟਦੇ ਸਨ। ਪੱਕਣ ਦੇ ਬਾਅਦ ਉਸ ਦਾ ਪ੍ਰਸ਼ਾਦ ਵੰਡਦੇ ਸਨ। ਪਰ ਬਾਅਦ ਵਿੱਚ ਮਨੁੱਖ ਏਨਾ ਜ਼ਾਲਮ ਨਾ ਰਿਹਾ। ਮਹਾਂਵੀਰ ਅਤੇ ਬੁੱਧ ਦੀਆਂ ਕੋਸ਼ਿਸ਼ਾਂ ਨਾਲ ਉਸ ਨੂੰ ਪਸ਼ੂ ਮਾਰਨ ਤੋਂ ਘਿਰਣਾ ਹੋ ਗਈ ਇਸ ਲਈ ਉਸਨੇ ਹਵਨ ਬੰਦ ਕਰ ਦਿੱਤੇ ਅਤੇ ਸੈਂਕੜੇ ਸਾਲਾਂ ਤੋਂ ਹਵਨ ਬੰਦ ਹੀ ਸਨ। ਪਰ ਹਵਨ ਬ੍ਰਾਹਮਣਾਂ ਦੀ ਦੁਕਾਨਦਾਰੀ ਸੀ ਇਸ ਲਈ ਖੜ੍ਹਾ ਕੀਤਾ ਗਿਆ। ਧਰਮ ਦੇ ਨਾਂ ਉੱਤੇ ਪਸ਼ੂ ਮਾਰਨ ਤੋਂ ਲੋਕ ਘਿਰਣਾ ਕਰਦੇ ਸਨ ਇਸ ਲਈ ਜੋ ਖਾਂਦੇ ਉਸ ਵਿੱਚੋਂ ਚੰਗੀਆਂ ਤੋਂ ਚੰਗੀਆਂ ਚੀਜ਼ਾਂ ਅੱਗ ਵਿੱਚ ਸੁੱਟਣ ਲੱਗੇ। ਉਹਨਾਂ ਨੂੰ ਏਨੀ ਵੀ ਅਕਲ ਯਾਨੀ ਵਿਵੇਕ ਗਿਆਨ ਨਹੀਂ ਰਿਹਾ ਕਿ ਮਾਸ ਤਾਂ ਅੱਗ ਵਿੱਚ ਭੁੰਨਿਆਂ ਜਾ ਸਕਦਾ ਹੈ, ਘੀ, ਸ਼ੱਕਰ ਨਹੀਂ ਭੁੰਨੇ ਜਾ ਸਕਦੇ ਇਸ ਲਈ ਮਾਸ ਦੀ ਨਕਲ ਵਿੱਚ ਉਹ ਹੁਣ ਖਾਧ ਸਾਮੱਗਰੀ ਜਲਾਉਂਦਾ ਹੈ। ਦੇਸ਼ ਦੀ ਬਰਬਾਦੀ ਭਾਵੇਂ ਹੀ ਹੋ ਰਹੀ ਹੋਵੇ ਪਰ ਬ੍ਰਾਹਮਣ ਦੀ ਦੁਕਾਨਦਾਰੀ ਖੜ੍ਹੀ ਹੋ ਗਈ ਹੈ।

ਮੈਂ – ਕੀ ਸਮਾਜ ਏਨਾ ਮੂਰਖ ਹੈ ਕਿ ਉਹ ਐਨੀ ਗੱਲ ਨਾ ਸਮਝੇ ?

ਉਹ – ਸਮਾਜ ਦੀ ਮੂਰਖਤਾ ਅਸੀਮ ਹੈ।

ਮੈਂ – ਕੀ ਉਸ ਅਸੀਮ ਮੂਰਖਤਾ ਨੂੰ ਖਤਮ ਕਰਨ ਦੀ ਤਾਕਤ ਤੁਹਾਡੇ ਲੋਕਾਂ ਵਿੱਚ ਹੈ ?

ਉਹ – ਸਮਾਜ ਦੀ ਮੂਰਖਤਾ ਨੂੰ ਵੱਡੇ ਵੱਡੇ ਵੀ ਦੂਰ ਨਹੀਂ ਕਰ ਸਕੇ ਤਦ ਅਸੀਂ ਕਿਹੜੇ ਖੇਤ ਦੀ ਮੂਲੀ ਹਾਂ।

ਮੈਂ – ਠੀਕ ! ਇਹੀ ਮੈਂ ਕਹਿੰਦਾ ਹਾਂ। ਤੁਹਾਨੂੰ ਲੋਕਾਂ ਨੂੰ ਸ਼ਾਇਦ ਮਲੂਮ ਨਹੀਂ ਕਿ ਮੈਂ ਵੀ ਸੁਧਾਰਕ ਹਾਂ ਜਾਂ ਇੰਜ ਕਹੋ ਕਿ ਸੁਧਾਰਕ ਸੀ। ਸੋਚਿਆ ਸੀ ਕਿ ਸਮਾਜ ਦੀ ਮੂਰਖਤਾ ਮੈਂ ਦੂਰ ਕਰ ਦਿਆਂਗਾ ਪਰ ਨਾ ਦੂਰ ਕਰ ਸਕਿਆ ਅਤੇ ਇਸ ਕੋਸ਼ਿਸ਼ ਵਿੱਚ ਬਰਬਾਦ ਹੋ ਗਿਆ। ਤਦ ਮੈਨੂੰ ਇਹ ਫੈਸਲਾ ਲੈਣਾ ਪਿਆ ਕਿ ਜਦ ਸਮਾਜ ਆਪਣਾ ਹਿਤ ਸਮਝਣਾ ਨਹੀਂ ਚਾਹੁੰਦਾ ਬਲਕਿ ਆਪਣੇ ਹਿਤੈਸ਼ੀਆਂ ਨੂੰ ਬਰਬਾਦ ਕਰਨ ਉੱਤੇ ਤੁਲਿਆ ਹੋਇਆ ਹੈ। ਵਿਰੋਧ, ਅਣਦੇਖੀ, ਨਿੰਦਾ, ਅਸਹਿਯੋਗ ਨਾਲ ਆਪਣੇ ਸੱਚੇ ਹਿਤਸ਼ੀ ਨੂੰ ਬਰਬਾਦ ਕਰ ਦੇਣਾ ਚਾਹੁੰਦਾ ਹੈ ਅਤੇ ਉਹਨਾਂ ਦੀ ਇੱਜ਼ਤਮਾਣ ਕਰਦਾ ਹੈ, ਅਮੀਰ ਬਣਾਉਂਦਾ ਹੈ ਜੋ ਉਸਨੂੰ ਗੁੰਮਰਾਹ ਕਰਦੇ ਹਨ, ਲੁੱਟਦੇ ਹਨ, ਠੱਗਦੇ ਹਨ।

ਤਦ ਮੈਂ ਇਹ ਫੈਸਲਾ ਕੀਤਾ ਕਿ ਸਮਾਜ ਜਾਵੇ ਨਰਕ ਵਿੱਚ, ਮੈਂ ਉਸ ਦੀ ਮੂਰਖਤਾ ਨੂੰ ਵਰਤ ਕੇ ਆਪਣੇ ਆਪ ਨੂੰ ਇੱਜ਼ਤਦਾਰ ਅਤੇ ਅਮੀਰ ਬਣਾਉਂਗਾ ਅਤੇ ਉਹੀ ਮੈਂ ਕਰ ਰਿਹਾ ਹਾਂ। ਤੁਸੀਂ ਹਾਲੇ ਮੁੰਡੇ ਖੁੰਡੇ ਹੋ, ਜੋਸ਼ ਹੈ, ਪਰ ਸਮਾਜ ਹਿਤੈਸ਼ੀ ਬਣ ਕੇ ਭੁੱਖੇ ਮਰੋਗੇ, ਦਰ-ਦਰ ਦੀਆਂ ਠੋਕਰਾਂ ਖਾਓਗੇ, ਮਾਨਸਨਮਾਨ ਆਦਿ ਤੋਂ ਦੂਰ, ਜਿੰਦੇ ਵੀ ਮੁਰਦਿਆਂ ਵਿੱਚ ਗਿਣੇ ਜਾਣ ਲੱਗੋਗੇ ਤਦ ਤੁਹਾਡੀ ਅਕਲ ਵੀ ਠਿਕਾਣੇ ਆ ਜਾਵੇਗੀ। ਸੱਚਾਈ ਅਤੇ ਜਨਹਿਤ ਦੀਆਂ ਸਾਰੀਆਂ ਗੱਲਾਂ ਭੁੱਲ ਜਾਓਗੇ। ਸ਼ਾਇਦ ਠੋਕਰ ਖਾ ਕੇ ਹੀ ਸਿੱਖੋਗੇ ਅਤੇ ਜੋ ਠੋਕਰ ਖਾ ਕੇ ਸਿੱਖਦਾ ਹੈ ਉਹ ਮੂਰਖ ਹੈ।

ਉਹ – ਜੇਕਰ ਠੋਕਰ ਖਾ ਕੇ ਸਿੱਖਣ ਨਾਲ ਕੋਈ ਮੂਰਖ ਅਖਵਾਉਂਦਾ ਹੈ ਤਾਂ ਸਮਝਦਾਰ ਕੌਣ ਹੈ ?

ਮੈਂ – ਸਮਝਦਾਰ ਉਹ ਹੈ ਜੋ ਦੂਜਿਆਂ ਦੀਆਂ ਠੋਕਰਾਂ ਤੋਂ ਕੁਝ ਸਿੱਖਦਾ ਹੈ। ਆਪ ਠੋਕਰ ਖਾ ਕੇ ਸਿੱਖਿਆ ਤਾਂ ਕੀ ਸਿੱਖਿਆ। ਹੁਸ਼ਿਆਰ ਤਾਂ ਉਹ ਹੈ ਜੋ ਠੋਕਰ ਤੋਂ ਕੁੱਝ ਸਿੱਖ ਲਵੇ। ਮੈਂ ਬਹੁਤ ਠੋਕਰਾਂ ਖਾਈਆਂ ਹਨ ਉਨ੍ਹਾਂ ਤੋਂ ਕੁਝ ਸਿੱਖ ਸਕੋ ਤਾਂ ਸਮਝਦਾਰ ਬਣ ਜਾਓਗੇ। ਅੱਜ ਤਾਂ ਤੁਸੀਂ ਲੋਕ ਮਹਾਂਮੂਰਖ ਹੀ ਹੋ ਕਿਉਂਕਿ ਮੇਰੀਆਂ ਠੋਕਰਾਂ ਤੋਂ ਵੀ ਸਿੱਖਣ ਨੂੰ ਤਿਆਰ ਨਹੀਂ ਹੋ।

ਉਹ – ਉਹ ਲੋਕ ਚੁੱਪ ਹੋ ਗਏ, ਚਿੰਤਾ ਵਿੱਚ ਪੈ ਗਏ। ਮੈਂ ਉਹਨਾਂ ਦੇ ਚਿਹਰਿਆਂ ਦਾ ਉਤਾਰਾਅ ਚੜ੍ਹਾਅ ਦੇਖਦਾ ਰਿਹਾ। ਮੈਂ ਕਿਹਾ-ਤੁਸੀਂ ਅਜੇ ਕੀ ਧੰਦਾ ਕਰਦੇ ਹੋ ਉਹ ਲੋਗ ਡੂੰਘਾ ਸਾਹ ਲੈ ਕੇ ਬੋਲੇ-ਹਾਲੇ ਤਾਂ ਅਸੀਂ ਲੋਕ ਬੇਕਾਰ ਹਾਂ। ਇੱਕ ਤਰ੍ਹਾਂ ਨਾਲ ਭੁੱਖੇ ਹੀ ਮਰਦੇ ਹਾਂ।

ਮੈਂ – ਕੀ ਇਸ ਸਚਾਈ ਅਤੇ ਲੋਕਹਿਤ ਦੀਆਂ ਗੱਲਾਂ ਨਾਲ ਪੇਟ ਨਹੀਂ ਭਰਦਾ ?

ਉਹ – ਇਸ ਨਾਲ ਕੀ ਪੇਟ ਭਰੇਗਾ ?

ਮੈ – ਤਦ ਵੀ ਤੁਸੀਂ ਮੂਰਖ ਬਣੇ ਸਚਾਈ ਨਾਲ ਚਿੰਮੜੇ ਹੋ,

ਉਹ – ਤਾਂ ਝੂਠ ਨਾਲ ਚਿੰਮਬੜਨ ਨਾਲ ਵੀ ਪੇਟ ਕਿਵੇਂ ਭਰ ਜਾਵੇਗਾ ?

ਮੈਂ – ਉਹ ਰਸਤਾ ਮੈਂ ਦੱਸ ਦਿਆਂਗਾ। ਤੁਸੀਂ ਲੋਕ ਮੇਰੇ ਕੰਮ ਵਿੱਚ ਸਹਾਇਕ ਹੋ ਜਾਓ। ਹਵਨ ਦਾ ਪ੍ਰਚਾਰ ਕਰੋ। ਪ੍ਰਾਚੀਨ ਸੱਭਿਅਤਾ ਦੇ ਰਿਸ਼ੀਆਂ ਮੁਨੀਆਂ ਦੇ, ਵੇਦਾਂ ਦੇ ਗੀਤ ਗਾਓ। ਇਸ ਨਾਲ ਹਵਨ ਵਿੱਚ ਹਜ਼ਾਰਾਂ ਆਦਮੀਆਂ ਦਾ ਸਹਿਯੋਗ ਵੱਧ ਜਾਵੇਗਾ। ਆਮਦਨੀ ਵੱਧ ਜਾਵੇਗੀ। ਮੈਂ ਤੁਹਾਨੂੰ ਸੱਭ ਨੂੰ ਸੌ ਸੌ ਰੁਪਿਆ ਮਹੀਨਾ ਦਿਆਂਗਾ। ਆਮਦਨੀ ਵੱਧਣ ਉੱਤੇ ਹੋਰ ਵੀ ਵਧਾ ਦਿਆਂਗਾ। ਤੁਸੀਂ ਮੇਰਾ ਪ੍ਰਭਾਵ ਵਧਾਓਂਗੇ ਤਾਂ ਮੇਰੀ ਆਮਦਨੀ ਵਧੇਗੀ ਅਤੇ ਮੈਂ ਤੁਹਾਡਾ ਪ੍ਰਭਾਵ ਵਧਾਊਂਗਾ ਅਤੇ ਤਨਖਾਹ ਵੀ ਵਧਾ ਦਿਆਂਗਾ। ਇਸ ਮੂਰਖ ਸਮਾਜ ਦੇ ਭਲਾ ਕਰਨ ਦੀ ਕੋਸ਼ਿਸ਼ ਤੋਂ ਤੁਹਾਡਾ ਭਲਾ ਨਹੀਂ ਹੋਵੇਗਾ, ਆਪਣਾ ਭਲਾ ਚਾਹੁੰਦੇ ਹੋ ਤਾਂ ਮੇਰੇ ਪਿੱਛੇ ਆਓ। ਮੇਰੇ ਤਜ਼ਰਬਿਆਂ ਤੋਂ ਕੁੱਝ ਸਿੱਖੋ।

ਉਹ ਚੁੱਪ ਹੋ ਗਏ। ਫੇਰ ਬੋਲੇ- ਇਸ ਵਿਸ਼ੇ ਵਿੱਚ ਸੋਚਣ ਦੇ ਲਈ ਮੌਕਾ ਦਿਓ ਜੀ।

ਮੈਂ – ਮੌਕਾ ਜਿੰਨਾ ਚਾਹੋ ਲੈ ਲਵੋ, ਪਰੰਤੂ ਭਾਵੁਕਤਾ ਵਿੱਚ ਵਹਿ ਕੇ ਆਪਣੀ ਭਲਾਈ ਦੀ ਅਣਦੇਖੀ ਨਾ ਕਰਨਾ। ਯਾਦ ਰੱਖੋ ਹਜ਼ਾਰਾਂ ਸਾਲਾਂ ਤੋਂ ਸਮਾਜ ਹਿਤੈਸ਼ੀਆਂ ਨੂੰ ਹਿਤੈਸ਼ੀਤਾ ਦੀ ਸਜ਼ਾ ਦੇਂਦਾ ਆਇਆ ਹੈ। ਇਸ ਸਜ਼ਾ ਤੋਂ ਨਾ ਉਸ ਨੇ ਛੋਟਿਆਂ ਨੂੰ ਛੱਡਿਆ ਨਾ ਵੱਡਿਆਂ ਨੂੰ। ਕਿਸੇ ਤਰ੍ਹਾਂ ਜਿਹਨਾਂ ਹਿਤੈਸ਼ੀਆਂ ਨੇ ਇਤਿਹਾਸ ਵਿੱਚ ਥਾਂ ਬਣਾ ਲਿਆ ਉਹ ਵੱਡੇ ਬਣ ਗਏ, ਅਮਰ ਹੋ ਗਏ। ਪਰ ਛੋਟੇ ਤਾਂ ਖਤਮ ਹੀ ਹੋ ਗਏ। ਤੁਸੀਂ ਲੋਕ ਹਿਤੈਸ਼ੀਆਂ ਦੀ ਸਜ਼ਾ ਨਾਲ ਖਤਮ ਹੀ ਹੋ ਜਾਓਗੇ। ਇਸ ਲਈ ਮੈਂ ਕਹਿੰਦਾ ਹਾਂ ਕਿ ਹਿਤੈਸ਼ੀਆਂ ਦੇ ਚੱਕਰ ਵਿੱਚ ਪੈ ਕੇ ਉਸ ਦੀ ਸਜ਼ਾ ਨਾ ਸਹੋ, ਆਪਣੀ ਭਲਾਈ ਉੱਤੇ ਅਣਦੇਖੀ ਨਾ ਕਰੋ।

ਉਹ- ਨਹੀਂ ਕਰਾਂਗੇ। ਤੁਹਾਡੇ ਵਰਤਾਉ, ਅਸਲੀਅਤ ਤੋਂ ਜਰੂਰ ਬਹੁਤ ਕੁਝ ਸਿਖਾਂਗੇ। ਇਸ ਦੇ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

ਏਨਾ ਕਹਿ ਕੇ ਉਹ ਅੱਗੇ ਚਲੇ ਗਏ। ਸੰਭਵ ਤਾਂ ਇਹੀ ਹੈ ਕਿ ਉਹ ਮੇਰੇ ਚੇਲੇ ਅਤੇ ਸਹਾਇਕ ਬਣ ਜਾਣਗੇ। ਜੇਕਰ ਨਾ ਬਣੇ ਤਾਂ ਵੀ ਹੁਣ ਵਿਰੋਧ ਨਹੀਂ ਕਰਨਗੇ। ਹਾਂ। ਹੁਣ ਸਮਾਜ ਦੀ ਭਲਾਈ ਦੇ ਲਈ ਕੋਸ਼ਿਸ਼ ਨਹੀਂ ਕਰ ਸਕਣਗੇ। ਸੋ, ਸਮਾਜ ਭਲਾਈ ਦੇ ਲਾਇਕ ਕਿੱਥੇ ਹੈ। ਜਿਹੜਾ ਸਮਾਜ ਆਪਣੇ ਸੱਚੇ ਹਿਤੈਸ਼ੀਆਂ ਨੂੰ ਨਾ ਸਮਝਦਾ ਹੋਵੇ, ਵਿਰੋਧੀ ਅਸਹਿਯੋਗ ਅਣਦੇਖੀ ਨਾਲ ਉਹਨਾਂ ਨੂੰ ਬਰਬਾਦ ਕਰ ਦੇਂਦਾ ਹੋਵੇ ਉਹ ਤਾਂ ਪਸ਼ੂ ਹੈ ਅਤੇ ਪਸ਼ੂ ਨੂੰ ਪਸ਼ੂ ਸਮਝ ਕੇ ਉਸ ਦਾ ਸ਼ੋਸ਼ਣ ਕਰਨਾ ਉਸ ਨਾਲ ਹੱਲ ਵਾਹੁਣਾ ਠੀਕ ਹੀ ਹੈ। ਮੈਂ ਇਹੀ ਕਰ ਰਿਹਾ ਹਾਂ। ਹੁਣ ਮੈਨੂੰ ਸਮਾਜਹਿਤ ਨਹੀਂ ਚਾਹੀਦਾ ਆਪਣਾ ਲਾਭ ਚਾਹੀਦਾ ਹੈ।

# ਦੇਵੀ-ਦੇਵਤਿਆਂ ਨੇ ਆਪਣੀ ਜਗਦੀ ਜੋਤ ਨਾਲ਼ ਕੀਤਾ 'ਅਸਲੀ ਚਮਤਕਾਰ'



ਮੇਰਾ ਪੇਂਟਿੰਗ ਦਾ ਕੰਮ ਕਰਦਾ ਹੋਣ ਕਰਕੇ, ਇੱਕ ਦਿਨ ਮੈਨੂੰ 'ਗੁਰਾਇਆ' ਸ਼ਹਿਰ ਤੋਂ ਕਿਸੇ ਦੁਕਾਨਦਾਰ ਦਾ ਫੋਨ ਆਇਆ। ਜਿਸ ਵਿੱਚ ਉਸਨੇ ਆਪਣੀ ਕੱਪੜੇ ਦੀ ਦੁਕਾਨ ਦਾ 'ਪੇਂਟਿੰਗ ਬੋਰਡ' ਲਿਖਵਾਉਣ ਲਈ ਮੇਰੇ ਨਾਲ ਸੰਪਰਕ ਕੀਤਾ ਸੀ। ਅਗਲੇ ਹੀ ਦਿਨ ਮੈਂ ਸਵੇਰੇ 8 ਵਜੇ ਆਪਣੇ ਪਿੰਡ 'ਬਿਰਕ' ਤੋਂ ਲੱਗਭੱਗ 10 ਕਿਲੋ ਮੀਟਰ ਦੂਰ ਮੋਟਰਸਾਇਕਲ ਰਾਹੀਂ, ਪੇਂਟਿੰਗ ਦਾ ਸਮਾਨ ਰੰਗ-ਬੁਰਸ਼ ਲੈ ਕੇ ਉਸਦੀ ਦੁਕਾਨ ਉਤੇ ਪਹੁੰਚ ਗਿਆ। ਦੁਕਾਨ ਬੰਦ ਸੀ ਕਿਉਂਕਿ ਦੁਕਾਨਦਾਰ ਅਜੇ ਪਹੁੰਚਿਆ ਨਹੀਂ ਸੀ। ਮੈਂ ਬਾਹਰ ਹੀ ਖੜ੍ਹਾ ਹੋ ਕੇ ਉਸਦਾ ਇੰਤਜਾਰ ਕਰਨ ਲੱਗਾ। ਕੁੱਝ ਹੀ ਸਮੇਂ ਬਾਅਦ ਉਹ ਪੈਦਲ ਹੀ ਚੱਲ ਕੇ ਆਉਂਦਾ ਦਿਖਾਈ ਦਿੱਤਾ ਕਿਉਂਕਿ ਉਸਦਾ ਘਰ ਦੁਕਾਨ ਦੇ ਨੇੜੇ-ਤੇੜੇ ਹੀ ਸੀ। ਉਸਦੇ ਦੋਵੇਂ ਹੱਥਾਂ ਵਿੱਚ ਕੁੱਝ ਪੂਜਾ ਦੀ ਸਮੱਗਰੀ ਸੀ। ਜਿਵੇਂ :- ਅਗਰਬੱਤੀ, ਪ੍ਰਸ਼ਾਦ, ਦੇਸੀ ਘਿਓ, ਕੁੱਝ ਫੁੱਲਾਂ ਦੀ ਪੰਖੜੀਆਂ, ਗੜਬੀ ਵਿੱਚ ਗੰਗਾ ਜਲ ਅਤੇ ਮਾਚਿਸ ਆਦਿ, ਕਿਉਂਕਿ ਉਹ ਦੁਕਾਨ ਖੋਲ੍ਹਣ ਤੋਂ ਪਹਿਲਾਂ ਹਰ ਰੋਜ਼ ਦੀ ਤਰ੍ਹਾਂ, ਕੁਝ ਦੂਰੀ 'ਤੇ ਬਣੇ 'ਦੇਵੀ-ਦੇਵਤਿਆਂ ਦੇ ਮੰਦਰ' ਵਿੱਚ ਪੂਜਾ-ਪਾਠ ਕਰਨ ਜ਼ਰੂਰ ਜਾਂਦਾ ਸੀ। ਮੇਰੇ ਨਾਲ ਸੰਪਰਕ ਕਰਨ ਤੋਂ ਬਾਅਦ ਉਸਨੇ ਮੈਨੂੰ ਕੁਝ ਸਮਾਂ ਹੋਰ ਠਹਿਰਨ ਲਈ ਆਖਿਆ ਤੇ ਆਪ ਮੰਦਰ 'ਚ ਪੂਜਾ ਕਰਨ ਲਈ ਚਲੇ ਗਿਆ। ਮੰਦਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਉਸਨੇ ਸਿਰ ਉੱਤੇ ਰੁਮਾਲ ਰੱਖਿਆ ਤੇ ਗੇਟਾਂ 'ਚ ਜੋੜੇ ਉਤਾਰ ਕੇ ਸ਼ਰਧਾ ਨਾਲ ਦੋਵੇਂ ਹੱਥ ਜੋੜਦਾ ਹੋਇਆ ਅੰਦਰ ਜਾ ਵੜਿਆ। ਕਾਫੀ ਸਮੇਂ ਤੱਕ ਉਹ ਬਾਹਰ ਨਾ ਆਇਆ, ਮੈਂ ਬੰਦ ਦੁਕਾਨ ਦੇ ਬਾਹਰ ਖੜ੍ਹਾ-ਖੜ੍ਹਾ ਅੱਕ-ਥੱਕ ਗਿਆ ਸੀ।


ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834


ਭਾਵੇਂ ਇਹ ਦੁਕਾਨਦਾਰ ਦੇਖਣ ਨੂੰ ਕਾਫੀ ਪੜ੍ਹਿਆ-ਲਿਖਿਆ ਤੇ ਸਮਝਦਾਰ ਨਜ਼ਰ ਆਉਂਦਾ ਸੀ ਪਰ ਫਿਰ ਵੀ ਇਹ ਲਾਈ ਲੱਗਾਂ ਤੇ ਮੂਰਖਾਂ ਵਾਂਗ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਇਸ ਬੇਫ਼ਿਕਰ ਮੂਰਖ ਨੂੰ ਮੇਰੇ ਅੱਕਣ-ਥੱਕਣ ਦੀ ਕੋਈ ਪ੍ਰਵਾਹ ਨਹੀਂ ਸੀ, ਬਸ ਉਹ ਤਾਂ ਸਿਰਫ਼ ਪੂਰੀ ਸ਼ਰਧਾ ਨਾਲ ਦੇਵੀ-ਦੇਵਤਿਆਂ ਨੂੰ ਪੂਜ ਕੇ ਮੰਨਾਉਣ ਵਿੱਚ ਹੀ ਮਘਨ ਸੀ। ਉਸ ਵਹਿਮੀ ਤੇ ਅੰਧਵਿਸ਼ਵਾਸ਼ੀ ਮੂਰਖ ਨੂੰ ਇੱਕ ਜਿਉਂਦੇ-ਜਾਗਦੇ ਵਿਅਕਤੀ ਦੇ ਨਰਾਜ਼ ਹੋਣ ਨਾਲੋਂ, ਮਨਘੜਤ ਤੇ ਬੇਜਾਨ ਅਖੌਤੀ ਦੇਵੀ-ਦੇਵਤਿਆਂ ਦੀਆਂ ਫੋਟੋਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਦੇ ਨਰਾਜ ਹੋਣ ਦਾ 'ਡਰ' ਸਭ ਤੋਂ ਵੱਧ ਸੀ। ਕਾਫ਼ੀ ਸਮੇਂ ਬਾਅਦ ਜਦ ਉਹ ਮੰਦਰ ਤੋਂ ਬਾਹਰ ਆਇਆ ਤਾਂ ਉਸਦੇ ਦੋਵੇਂ ਕੰਨਾਂ ਅਤੇ ਮੱਥੇ ਉੱਤੇ ਚਿੱਟੇ ਤੇ ਸੰਧੂਰੀ ਰੰਗ ਦੇ ਵੱਡੇ ਸਾਰੇ 'ਤਿਲਕ' ਲੱਗੇ ਹੋਏ ਸਨ। ਆਪਣੀ ਦੁਕਾਨ ਵੱਲ ਆਉਂਦਾ ਹੋਇਆ ਉਹ ਰਸਤੇ ਵਿੱਚ ਟਕਰਨ ਵਾਲੇ ਹਰ ਵਿਅਕਤੀ ਨੂੰ ਪ੍ਰਸ਼ਾਦ ਵੰਡਦਾ ਆ ਰਿਹਾ ਸੀ। ਉਸਨੇ ਮੈਨੂੰ ਵੀ ਪ੍ਰਸ਼ਾਦ ਦਿੱਤਾ, ਭਾਵੇਂ ਮੈਂ ਅਜਿਹੇ ਦੇਵੀ-ਦੇਵਤਿਆਂ ਅਤੇ ਪ੍ਰਸ਼ਾਦ ਵਿੱਚ ਕੋਈ ਸ਼ਰਧਾ ਨਹੀਂ ਰੱਖਦਾ, ਫਿਰ ਵੀ ਮੈਂ ਪ੍ਰਸ਼ਾਦ ਨੂੰ ਸਿਰਫ 'ਊਰਜਾ ਸਰੋਤ' ਸਮਝ ਕੇ ਖਾ ਲਿਆ ਤਾਂ ਜੋ ਕੁਝ ਸਮੇਂ ਲਈ ਭੁੱਖ ਤੋਂ ਬਚਿਆ ਜਾ ਸਕੇ ਅਤੇ ਸਰੀਰਕ ਸੈੱਲਾਂ ਦੀ 'ਚਾਰਜਿੰਗ' ਬਰਕਰਾਰ ਰਹੇ।

ਉਸਨੇ ਦੁਕਾਨ ਦਾ ਸਟਰ ਚੁੱਕਣ ਤੋਂ ਬਾਅਦ, ਦੋਵੇਂ ਹੱਥ ਜੋੜ ਕੇ ਅੱਖਾਂ ਬੰਦ ਕੀਤੀਆਂ ਤੇ ਮੂੰਹ ਵਿੱਚ ਬੁੜਬੁੜਾਉਂਦਾ ਹੋਇਆ, ਦੇਵੀ-ਦੇਵਤਿਆਂ ਅੱਗੇ ਅਰਦਾਸ (ਪ੍ਰਾਰਥਨਾ) ਕਰਨ ਲੱਗਾ ਤਾਂ ਜੋ ਦੁਕਾਨਦਾਰੀ ਦੇ ਕੰਮ ਵਿੱਚ ਕੋਈ ਵਿਘਨ ਨਾ ਪਵੇ ਅਤੇ ਗ੍ਰਾਹਕਾਂ ਦੇ ਆਉਣ ਦੀ ਭਰਮਾਰ ਬਣੀ ਰਹੇ। ਉਸ ਨੇ ਦੁਕਾਨ ਦੀ ਸਾਫ਼-ਸਫ਼ਾਈ ਕਰਨ ਤੋਂ ਬਾਅਦ ਦੇਵੀ-ਦੇਵਤਿਆਂ ਦੀਆਂ ਫੋਟੋਆਂ ਤੇ ਮੂਰਤੀਆਂ ਨੂੰ ਮੰਦਰ ਤੋਂ ਲਿਆਂਦੇ ਹੋਏ ਜਲ ਨਾਲ ਧੋ ਕੇ ਸਾਫ ਕੀਤਾ! ਫਿਰ ਉਸਨੇ ਗੜਬੀ ਵਿਚਲੇ ਗੰਗਾ-ਜਲ ਨਾਲ ਦੁਕਾਨ ਦੇ ਅੰਦਰ ਚਾਰੋਂ ਪਾਸੇ ਛਿੱਟਾ ਦਿੱਤਾ। ਮੈ ਵਿਹਲਾ ਖੜਾ ਪ੍ਰੇਸ਼ਾਨ ਹੋਇਆ ਇਹ ਚਾਹੁੰਦਾ ਸੀ ਕਿ ਜੇਕਰ ਉਹ ਪਹਿਲਾਂ ਮੈਨੂੰ ਮੇਰਾ ਪੇਂਟਿੰਗ ਦਾ ਕੰਮ ਦੱਸ ਦੇਵੇ ਤਾਂ ਮੈਂ ਵੀ ਆਪਣਾ ਕੰਮ ਚਾਲੂ ਰੱਖ ਸਕਾਂ, ਪਰ ਉਹ ਪੜ੍ਹਿਆ ਲਿਖਿਆ ਅੰਧਵਿਸ਼ਵਾਸ਼ੀ ਮੂਰਖ ਇਸ ਪੱਖੋਂ ਬੇਖਬਰ ਤੇ ਮਾਨਸਿਕ ਤੌਰ ਤੇ ਅੰਨ੍ਹਾ ਹੋ ਚੁੱਕਾ ਸੀ। ਫਿਰ ਉਸਨੇ ਦੁਕਾਨ ਅੰਦਰ ਦੀਵਾਰ ਨਾਲ ਟੰਗੇ ਹੋਏ ਲਕੜੀ ਦੇ ਮੰਦਰ ਵਿਚਲੇ ਦੇਵੀ-ਦੇਵਤਿਆਂ ਦੀਆਂ ਫੋਟੋਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਅੱਗੇ ਬੜੀ ਸ਼ਰਧਾ ਨਾਲ ਧੂਫ-ਬੱਤੀ ਕੀਤੀ। ਉਸਨੇ ਬੜੀ ਖੁਸ਼ੀ ਨਾਲ ਲਕੜੀ ਦੇ ਮੰਦਰ ਵਿੱਚ ਰੱਖੇ ਹੋਏ ਦੀਵੇ (ਚਿਰਾਗ) 'ਚ ਰੂੰ ਨੂੰ ਵੱਟ ਕੇ ਇੱਕ ਬੱਤੀ ਬਣਾ ਕੇ ਰੱਖ ਦਿੱਤੀ ਅਤੇ ਦੀਵੇ 'ਚ ਦੇਸੀ ਘਿਓ ਪਾ ਕੇ ਮਾਚਿਸ ਨਾਲ 'ਜੋਤ' ਜਗਾ ਦਿੱਤੀ ਤਾਂ ਜੋ ਦੇਵੀ ਦੇਵਤੇ ਉਸਦੀ ਏਨੀ ਸ਼ਰਧਾ ਦੇਖ ਕੇ ਉਸਨੂੰ ਮਾਲੋ-ਮਾਲ ਬਣਾਉਣ ਵਿੱਚ ਕੋਈ 'ਅਸਲੀ ਚਮਤਕਾਰ' ਦਿਖਾ ਸਕਣ।

ਕਾਫੀ ਸਮੇਂ ਤੱਕ ਉਹ ਫਿਰ ਦੋਵੇਂ ਹੱਥ ਜੋੜ ਕੇ ਮੂੰਹ ਵਿੱਚ ਬੁੜ-ਬੁੜ (ਪ੍ਰਾਰਥਨਾ) ਕਰੀ ਜਾ ਰਿਹਾ ਸੀ। ਉਸਨੂੰ ਮੇਰੇ ਦੂਰੋਂ ਆਏ ਦੇ ਕੀਮਤੀ ਸਮੇਂ ਦਾ ਕੋਈ ਫ਼ਿਕਰ ਨਹੀਂ ਸੀ। ਅੰਨੀ ਸ਼ਰਧਾ ਨਾਲ ਉਹ ਪੂਜਾ ਕਰਨ ਵਿੱਚ ਏਨਾ ਮਘਨ ਸੀ ਕਿ ਮੇਰੇ ਆਉਣ ਦਾ ਪਤਾ ਹੋਣ ਦੇ ਬਾਵਜੂਦ ਵੀ ਉਹ ਮੈਨੂੰ ਭੁੱਲੀ ਬੈਠਾ ਸੀ। ਥੱਕ-ਹਾਰ ਕੇ ਮੈਂ ਉਸਨੂੰ ਕੰਮ ਕਰਨ ਤੋਂ ਜਵਾਬ ਦੇ ਕੇ ਵਾਪਸ ਮੁੜਨ ਬਾਰੇ ਸੋਚਣ ਲੱਗਾ, ਪਰ ਫਿਰ ਵੀ ਰੁਜਗਾਰ ਨੂੰ ਇਸ ਤਰ੍ਹਾਂ ਠੁਕਰਾ ਕੇ ਜਾਣਾ, ਕਿਸੇ ਮਿਹਨਤੀ ਬੰਦੇ ਲਈ ਬੜਾ ਨੁਕਸਾਨਦਾਇਕ ਕੰਮ ਸੀ। ਪਰ ਉਹ ਅੰਧਵਿਸ਼ਵਾਸ਼ੀ ਮੂਰਖ ਮੇਰੀ ਇਹ ਮਜ਼ਬੂਰੀ ਨਹੀਂ ਸੀ ਸਮਝ ਰਿਹਾ। ਅੰਤ ਵਿੱਚ ਮੈਂ ਹਾਰ ਕੇ ਆਪ ਹੀ ਉਸ ਅੱਗੇ ਬੇਨਤੀ ਕੀਤੀ, "ਭਾਈ ਸਾਹਿਬ! ਜਿਸ ਕੰਮ ਲਈ ਮੈਨੂੰ ਸੱਦਿਆ ਹੈ ਕਿਰਪਾ ਕਰਕੇ ਉਹ ਮੈਨੂੰ ਦੱਸ ਦਿੱਤਾ ਜਾਵੇ ਤਾਂ ਜੋ ਮੈਂ ਵੀ ਆਪਣੇ ਕੰਮ ਵਿੱਚ ਰੁੱਝਾ ਰਹਾਂ ਤੇ ਸਮੇਂ ਸਿਰ ਖ਼ਤਮ ਕਰ ਲਵਾਂ। ਬਾਅਦ ਵਿੱਚ ਭਾਵੇਂ ਜਿਨਾਂ ਮਰਜੀ ਧੂਫ-ਬੱਤੀ ਤੇ ਪੂਜਾ-ਪਾਠ ਕਰੀ ਜਾਇਓ। ਮੈਂ ਆਪਣਾ ਕੰਮ ਕਰੀ ਜਾਊਂ, ਤੁਸੀਂ ਆਪਣਾ ਕਰੀ ਜਾਇਓ, ਤਾਂ ਜੋ ਤੁਹਾਡਾ ਵੀ ਕੰਮ ਚੱਲਦਾ ਰਹੇ ਤੇ ਮੇਰਾ ਵੀ।" ਉਹ ਪੂਜਾ ਦੇ ਕੰਮ ਵਿੱਚ ਇਸ ਤਰ੍ਹਾਂ ਦੀ ਟੋਕਾ-ਟਾਕੀ ਬਾਰੇ ਸੁਣਕੇ, ਕੁੱਝ ਸਮੇਂ ਲਈ ਬੌਖਲਾਹ ਗਿਆ ਤੇ ਆਖਣ ਲੱਗਾ, "ਪੂਜਾ ਕਰ ਰਹੇ ਬੰਦੇ ਨਾਲ ਕਦੇ ਬੋਲ-ਚਾਲ ਨਹੀਂ ਕਰੀਦੀ।" ਉਸਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਮੈਂ ਚੁੱਪ ਕਰਕੇ ਖੜਾ ਰਿਹਾ ਤੇ ਇਹ ਸਮਝ ਕੇ ਉਸ ਵੱਲ ਤੱਕਦਾ ਰਿਹਾ ਜਿਵੇਂ ਡਿਸਕਵਰੀ ਚੈਨਲ ਤੇ ਵਹਿਮਾਂ-ਭਰਮਾਂ ਤੇ ਅਧਿਵਿਸ਼ਵਾਸ਼ਾਂ

ਬਾਰੇ ਕੋਈ ਪ੍ਰੋਗਰਾਮ ਚੱਲ ਰਿਹਾ ਹੋਵੇ।

ਕਾਫ਼ੀ ਸਮੇਂ ਬਾਅਦ ਉਸਨੇ ਮੇਰੇ ਵੱਲ ਧਿਆਨ ਦਿੱਤਾ, ਜਿਸ ਕੰਮ ਵਾਸਤੇ ਮੈਨੂੰ ਸੱਦਿਆ ਸੀ ਉਸ ਬਾਰੇ ਮੇਰੇ ਨਾਲ ਗੱਲਬਾਤ ਕੀਤੀ। ਮੈਨੂੰ ਸਮਝਾ ਦਿੱਤਾ ਕੇ ਬੋਰਡ ਉਪਰ ਕੀ ਕੁੱਝ ਲਿਖਣਾ ਹੈ। ਉਸਨੇ ਮੈਨੂੰ ਖਾਸ ਤੌਰ ਤੇ ਬੋਰਡ ਵਿੱਚ ਦੇਵੀ ਦੇਵਤਿਆਂ ਦੇ ਛੋਟੇ ਜਹੇ ਨਾਮ-ਨਿਸ਼ਾਨ ਤੇ ਚਿੰਨ੍ਹ ਲਿਖਣ ਅਤੇ ਬਣਾਉਣ ਵੱਲ ਵੱਧ ਜ਼ੋਰ ਦੇ ਕੇ ਕਿਹਾ ਬਾਕੀ ਸਾਰਾ ਕੁੱਝ ਕੱਪੜੇ ਦੀ ਦੁਕਾਨ ਬਾਰੇ ਲਿਖਣਾ ਸੀ। ਮੈਂ ਇੱਕ ਪੌੜੀ ਉਪਰ ਚੜ੍ਹ ਕੇ ਰੰਗ-ਬੁਰਸ਼ ਨਾਲ ਪੇਂਟਿੰਗ ਬੋਰਡ ਲਿਖਣਾ ਸ਼ੁਰੂ ਕਰ ਦਿੱਤਾ। ਜਦੋਂ ਮੈਂ ਆਪਣੇ ਕੰਮ ਵਿੱਚ ਮਗਨ ਸੀ ਤਾਂ ਦੁਕਾਨ ਅੰਦਰੋਂ ਆ ਰਹੇ ਅਗਰਬੱਤੀ ਤੇ ਜੋਤ ਦੇ ਧੂੰਏਂ ਨਾਲ ਮੇਰੀਆਂ ਅੱਖਾਂ ਵਿੱਚ ਜਲਨ ਕਾਰਨ ਪਾਣੀ ਭਰ ਆਇਆ ਤੇ ਸਾਹ ਲੈਣ ਵਿੱਚ ਵੀ ਘੁਟਨ ਮਹਿਸੂਸ ਹੋਣ ਲੱਗੀ। ਪਰ ਫਿਰ ਵੀ ਮੈਂ ਤੰਗ-ਪ੍ਰੇਸ਼ਾਨ ਹੋ ਕੇ ਆਪਣੇ ਕੰਮ ਵਿੱਚ ਮਗਨ ਸੀ। ਮੈਂ ਏਹੀ ਸਮਝ ਰਿਹਾ ਸੀ ਕਿ ਇਹ ਜਹਰੀਲਾ ਧੂੰਆਂ ਸਿਰਫ਼ ਧੂਫ-ਬੱਤੀ ਤੇ ਜੋਤ ਦਾ ਹੀ ਹੋਵੇਗਾ। ਜਦੋਂ ਧੂੰਆਂ ਲਗਾਤਾਰ ਆਪਣੀ ਵਧਣ ਦੀ ਰਫਤਾਰ ਤੇਜ ਕਰੀ ਜਾ ਰਿਹਾ ਸੀ ਤਾਂ ਮੈਨੂੰ ਸ਼ੱਕ ਹੋਇਆ ਕਿ ਏਨਾ ਧੂੰਆ ਤਾਂ ਭਾਰੀ ਅੱਗ ਲੱਗਣ ਸਮੇਂ ਹੀ ਹੁੰਦਾ ਹੈ। ਕਿਉਂਕਿ ਮੈਨੂੰ ਧੂੰਏਂ ਕਾਰਨ ਸਾਫ ਦਿਖਾਈ ਦੇਣੋਂ ਹਟ ਗਿਆ ਸੀ, ਤਾਂ ਮੈਂ ਜਲਦੀ ਹੀ ਪੌੜੀ ਤੋਂ ਹੇਠਾਂ ਉਤਰ ਕੇ ਏਨੇ ਧੂੰਏ ਦੇ ਪੈਦਾ ਹੋਣ ਦਾ ਕਾਰਨ ਜਾਨਣਾ ਚਾਹਿਆਂ। ਜਦੋਂ ਮੈਂ ਦੁਕਾਨ ਅੰਦਰਲੇ ਮੰਦਰ ਵੱਲ ਦੇਖਿਆ ਤਾਂ ਉਸ ਵਿੱਚ ਜਗ ਰਹੀ 'ਜੋਤ' ਨਾਲ ਲੱਕੜੀ ਦੇ ਮੰਦਰ ਅਤੇ ਆਲੇ-ਦੁਆਲੇ ਦੇ ਕੱਪੜਿਆਂ ਨੂੰ ਭਿਆਨਕ ਅੱਗ ਲੱਗੀ ਹੋਈ ਸੀ। ਜਲਦੀ ਹੀ ਮੈਂ ਦੁਕਾਨਦਾਰ ਨੂੰ ਇਸ ਬਾਰੇ ਸੂਚਨਾ ਦਿੱਤੀ ਜੋ ਦੁਕਾਨ ਦੇ ਪਿੱਛੇ ਦੂਜੇ ਕਮਰੇ ਵਿੱਚ ਕੋਈ ਕੰਮ ਕਰਨ ਵਿੱਚ ਰੁੱਝਾ ਸੀ। ਉਹ ਜਲਦੀ ਹੀ ਦੌੜ ਕੇ ਆਇਆ ਤੇ ਲੱਗੀ ਅੱਗ ਨੂੰ ਬੁਝਾਉਣ ਲਈ ਪਾਣੀ ਦੀਆਂ ਦੋ ਬਾਲਟੀਆਂ ਭਰ ਲਿਆਇਆ। ਭਿਆਨਕ ਅੱਗ ਨੂੰ ਬੁਝਾਉਣ ਵਿੱਚ ਮੈਂ ਉਸਦੀ ਪੂਰੀ ਮਦਦ ਕੀਤੀ। ਅੱਗ ਨੂੰ ਕਾਬੂ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਸੀ।

ਰੌਲਾ-ਰੱਪਾ ਸੁਣ ਕੇ ਆਲ਼ੇ-ਦੁਆਲੇ ਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਵੀ ਅੱਗ ਬੁਝਾਉਣ ਵਿੱਚ ਕਾਫ਼ੀ ਨੱਠ-ਭੱਜ ਕੀਤੀ। ਅੱਗ ਨੇ ਦੁਕਾਨ ਵਿਚਲਾਂ ਕਾਫੀ ਸਾਰਾ ਕੀਮਤੀ ਸਮਾਨ ਸਾੜ ਕੇ ਸੁਆਹ ਕਰ ਦਿੱਤਾ ਸੀ। ਜਿਸ ਵਿੱਚ ਬਹੁਤ ਸਾਰੇ ਕੀਮਤੀ ਸੂਟ ਤੇ ਕੱਪੜੇ ਅੱਗ ਦੀ ਲਪੇਟ ਵਿੱਚ ਸੜ ਚੁੱਕੇ ਸੀ। ਲੱਕੜੀ ਦਾ ਬਣਿਆ ਪੂਜਾ ਵਾਲਾ ਮੰਦਰ ਤੇ ਉਸ ਵਿੱਚ ਰੱਖੀਆਂ ਹੋਈਆਂ ਦੇਵੀ-ਦੇਵਤਿਆਂ ਦੀਆਂ ਫੋਟੋਆਂ ਤੇ ਮੂਰਤੀਆਂ ਵੀ ਸੜ ਕੇ ਸੁਆਹ ਬਣ ਗਈਆਂ ਸਨ। ਪੂਜਾ ਦਾ ਦੀਵਾ ਹੀ ਬਾਕੀ ਬਚਿਆ ਸੀ ਪਰ ਉਸਦੀ 'ਜੋਤ' ਨੇ ਸਭ ਸਾੜ ਕੇ ਤਹਿਸ-ਨਹਿਸ ਕਰ ਛੱਡਿਆ ਸੀ। ਹੋਏ ਨੁਕਸਾਨ ਕਾਰਨ ਦੁਕਾਨਦਾਰ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਸੀ, ਪ੍ਰੇਸ਼ਾਨੀ ਦੀ ਹਾਲਤ ਵਿੱਚ ਉਸਦੀਆਂ ਅੱਖਾਂ ਵਿੱਚ ਹੰਝੂ ਸਾਫ ਦਿਖਾਈ ਦਿੰਦੇ ਸੀ। ਜੇਕਰ ਮੈਂ ਅੱਗ ਬੁਝਾਉਣ ਵਿੱਚ ਉਸਦਾ ਸਾਥ ਨਾ ਦਿੰਦਾ ਤਾਂ ਸਾਰੀ ਦੁਕਾਨ ਅੱਗ ਦੀ ਭੇਟ ਚੜ ਜਾਣੀ ਸੀ। ਫਿਰ ਵੀ ਕੁੱਝ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਜਦੋਂ ਸਾਰਾ ਕੁਝ ਸ਼ਾਂਤ ਹੋ ਗਿਆ ਤਾਂ ਮੈਂ ਬੜੀ ਨਿਮਰਤਾ ਨਾਲ ਦੁਕਾਨਦਾਰ ਦੀ ਤਰਸਯੋਗ ਹਾਲਤ ਦੇਖ ਕੇ ਉਸਨੂੰ ਹੌਂਸਲਾ ਦਿੱਤਾ ਤੇ ਇਸ ਘਟਨਾ ਬਾਰੇ ਤਰਕ-ਵਿਤਰਕ ਕੀਤਾ। ਮੈਂ ਤਰਕ ਭਰੀ ਦਲੀਲ ਨਾਲ ਆਖਿਆ, "ਭਰਾ ਜੀ! ਤੁਸੀਂ ਤਾਂ ਦੇਵੀ-ਦੇਵਤਿਆਂ ਨੂੰ ਬੜੀ ਸ਼ਰਧਾ ਨਾਲ ਪੂਜ ਕੇ ਹੀ ਧੂਫ-ਬੱਤੀ ਤੇ ਜੋਤ ਜਗਾਉਂਦੇ ਹੋ ਤਾਂ ਜੋ ਆਉਣ ਵਾਲੇ ਕਿਸੇ ਨੁਕਸਾਨ ਤੋਂ ਬਚਿਆ ਜਾ ਸਕੇ, ਪਰ ਏਥੇ ਤਾਂ ਉਨ੍ਹਾਂ ਅੱਗੇ ਜਗਾਈ ਜੋਤ ਨੇ ਹੀ ਤੁਹਾਡਾ ਕਾਫੀ ਸਾਰਾ ਨੁਕਸਾਨ ਕਰ ਦਿੱਤਾ ਤੇ ਹੁਣ ਏਥੇ ਦੇਵੀ-ਦੇਵਤੇ ਬਚਾਉਣ ਕਿਉਂ ਨਾ ਆਏ?" ਉਸਨੇ ਮੇਰੇ ਸਵਾਲ ਦੇ ਜਵਾਬ ਵਿੱਚ ਇੱਕ ਅੰਧਵਿਸ਼ਵਾਸ਼ੀ ਤੇ ਮੂਰਖਤਾ ਭਰਿਆ ਜਵਾਬ ਦਿੱਤਾ, "ਦੇਵੀ-ਦੇਵਤਿਆਂ ਨੇ ਹੀ ਤੁਹਾਡੇ ਸ਼ਰੀਰ ਅੰਦਰ ਪ੍ਰਵੇਸ਼ ਕਰਕੇ ਮੈਨੂੰ ਅੱਗ ਲੱਗਣ ਦੀ ਸੂਚਨਾ ਦਿੱਤੀ ਸੀ ਤਾਂ ਜੋ ਲੱਗੀ ਅੱਗ ਨੂੰ ਕਾਬੂ ਕਰਕੇ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ। ਜੇਕਰ ਦੇਵੀ-ਦੇਵਤੇ ਇਹ ਚਮਤਕਾਰ ਨਾ ਕਰਦੇ ਤਾਂ ਹੁਣ ਤੱਕ ਸਾਰੀ ਦੁਕਾਨ ਸੜਕੇ ਸੁਆਹ ਹੋ ਜਾਣੀ ਸੀ।" ਇਹ ਆਖ ਕੇ ਉਸਨੇ ਦੇਵੀ-ਦੇਵਤਿਆਂ ਦਾ ਧੰਨਵਾਦ ਕੀਤਾ।

ਪੜ੍ਹਿਆ-ਲਿਖਿਆ ਹੋਣ ਦੇ ਬਾਵਜੂਦ ਉਸਦਾ ਇਹ ਗੈਰ ਵਿਗਿਆਨਕ ਤੇ ਤਰਕਹੀਣ ਜਵਾਬ ਸੁਣ ਕੇ ਮੈਂ ਹੈਰਾਨ ਸੀ ਤੇ ਆਖਿਆ, "ਜੇਕਰ ਦੇਵੀ-ਦੇਵਤਿਆਂ ਨੇ ਮੇਰੇ ਦੁਆਰਾ ਹੀ ਚਮਤਕਾਰ ਕਰਨਾ ਸੀ ਤਾਂ ਉਨ੍ਹਾਂ ਨੇ ਸ਼ੁਰੂ ਤੋਂ ਹੀ ਅੱਗ ਲੱਗਣ ਨੂੰ ਰੋਕ ਕੇ ਚਮਤਕਾਰ ਕਿਉਂ ਨਾ ਕੀਤਾ ਤਾਂ ਜੋ ਹੋਏ ਨੁਕਸਾਨ ਤੋਂ ਪਹਿਲਾਂ ਹੀ ਬਚਿਆ ਜਾ ਸਕਦਾ? ਏਥੇ ਤਾਂ ਉਹ ਆਪਣੇ ਮੰਦਰ ਨੂੰ ਅਤੇ ਫੋਟੂਆਂ-ਮੂਰਤੀਆਂ ਨੂੰ ਵੀ ਸੜਨ ਤੋਂ ਬਚਾ ਨਾ ਸਕੇ। ਜਦ ਕੇ ਤੁਸੀਂ ਤਾਂ ਪਹਿਲਾਂ ਹੀ ਬੜੀ ਸ਼ਰਧਾ ਨਾਲ ਉਨ੍ਹਾਂ ਨੂੰ ਪੂਜਦੇ ਹੋ ਫਿਰ ਵੀ ਉਨ੍ਹਾਂ ਨੇ ਤੁਹਾਡੀ ਹਾਲਤ ਤਰਸਯੋਗ ਹੋਣ ਤੋਂ ਕਿਉਂ ਨਾ ਬਚਾਈ?" ਦੇਵੀ-ਦੇਵਤਿਆਂ ਪ੍ਰਤੀ ਇਸ ਤਰ੍ਹਾਂ ਦੀ ਦਲੀਲ-ਬਾਜੀ ਸੁਣ ਕੇ ਉਹ ਮੇਰੇ ਤਰਕਸ਼ੀਲ ਵਿਚਾਰਾਂ ਨੂੰ ਝੁਠਲਾਉਣ ਲਈ ਫਜ਼ੂਲ ਹੀ ਬਹਿਸ ਕਰਨ ਲੱਗ ਪਿਆ ਤੇ ਆਖਣ ਲੱਗਾ, "ਜਦੋਂ ਮੈਂ ਸਵੇਰੇ ਪੂਜਾ ਕਰ ਰਿਹਾ ਸੀ ਤਾਂ ਤੁਹਾਡੇ ਵੱਲੋਂ ਕੀਤੀ ਟੋਕਾ-ਟਾਕੀ ਕਾਰਨ ਹੀ ਦੇਵੀ-ਦੇਵਤੇ ਨਾਰਾਜ਼ ਹੋ ਗਏ ਸੀ, ਜਿਸ ਕਰਕੇ ਉਨ੍ਹਾਂ ਨੇ ਕਰੋਪ ਹੋ ਕੇ ਇਹ ਕਹਿਰ ਬਰਸਾ ਦਿੱਤਾ, ਫਿਰ ਵੀ ਉਨ੍ਹਾਂ ਨੇ ਕੁੱਝ ਬਚਾਅ ਕਰ ਦਿੱਤਾ ਹੈ।" ਕਿਉਂਕਿ ਉਸਦਾ ਸੱਚਾ ਵਿਸ਼ਵਾਸ਼ ਦੇਵੀ-ਦੇਵਤਿਆਂ 'ਚ ਪੱਕਾ ਸੀ ਤੇ ਇਸ ਘਟਨਾ ਨੇ ਤਾਂ ਉਸ ਨੂੰ ਉਨ੍ਹਾਂ ਪ੍ਰਤੀ ਹੋਰ ਵੀ ਸ਼ਰਧਾਵਾਨ ਬਣਾ ਦਿੱਤਾ ਸੀ ਕਿਉਂਕਿ ਉਨਾਂ ਨੇ ਮੇਰੇ ਵਿੱਚ ਪ੍ਰਵੇਸ਼ ਕਰਕੇ ਉਸਦਾ ਬਾਕੀ ਸਮਾਨ ਸੜਨ ਤੋਂ ਬਚਾਅ ਲਿਆ ਸੀ। ਉਸਦੇ ਲਈ ਤਾਂ ਬੱਸ ਏਹੀ ਅਸਲੀ ਚਮਤਕਾਰ ਸੀ। ਉਸਦਾ ਇਹ ਇੱਕ ਹੋਰ ਮੂਰਖਤਾ ਭਰਿਆ ਵਿਚਾਰ ਸੁਣ ਕੇ ਮੈਂ ਹੈਰਾਨ ਸੀ ਤੇ ਸੋਚ ਰਿਹਾ ਸੀ ਕਿ ਉਸਨੂੰ ਅੱਗ ਲੱਗਣ ਬਾਰੇ ਦੱਸ ਕੇ, ਬਾਕੀ ਸਮਾਨ ਸੜਨ ਤੋਂ ਬਚਾਅ ਕੇ 'ਅਸਲੀ ਚਮਤਕਾਰ' ਮੈਂ ਕੀਤਾ ਸੀ ਜਾਂ ਫਿਰ ਉਨ੍ਹਾਂ ਹੋਂਦ-ਰਹਿਤ ਅਖੌਤੀ ਦੇਵੀ-ਦੇਵਤਿਆਂ ਨੇ, ਜਿਨ੍ਹਾਂ ਨੇ ਆਪਣੀ ਹੀ ਜਗਦੀ ਜੋਤ ਨਾਲ ਬਹੁਤ ਕੁਝ ਸਾੜ ਕੇ ਸੁਆਹ ਕਰ ਦਿੱਤਾ ਸੀ। ਇਸ ਲਈ ਅਸਲੀ ਧੰਨਵਾਦ ਦਾ ਹੱਕਦਾਰ ਮੈਂ ਸੀ ਜਾਂ ਅਖੌਤੀ ਦੇਵੀ-ਦੇਵਤੇ। ਜਿਨਾਂ ਦੀ ਕੋਈ ਹੋਂਦ ਹੀ ਨਹੀਂ।

ਵਿਆਖਿਆ :- ਉਪਰੋਕਤ ਵਿਸ਼ਾ ਸਿਰਫ਼ 'ਮਨੋਵਿਗਿਆਨਕ' ਢੰਗ-ਤਰੀਕੇ ਨਾਲ ਹੀ ਸਮਝਿਆ ਤੇ ਸੁਲਝਾਇਆ ਜਾ ਸਕਦਾ ਹੈ,

## ਸਹਿਯੋਗ ਲਈ ਧੰਨਵਾਦ



ਮਾਨਤਾ ਪ੍ਰਾਪਤ ਬੈਂਕ ਦੇ ਸੀਨੀਅਰ ਮੈਨੇਜਰ ਸ੍ਰੀ ਸੁਭਾਸ਼ ਚੰਦਰ ਅਤੇ ਸ੍ਰੀਮਤੀ ਵਿਜੈ ਲਕਸ਼ਮੀ ਵੱਲੋਂ ਆਪਣੇ ਪੁੱਤਰ ਚੇਤਨ ਸ਼ਰਮਾ ਅਤੇ ਨੂੰਹ ਪ੍ਰਿਅੰਕਾ ਸ਼ਰਮਾ ਦੀ ਪਹਿਲੀ ਵਿਆਹ ਵਰ੍ਹੇਗੰਢ ਦੇ 18 ਜਨਵਰੀ ਦੇ ਜਸ਼ਨਾਂ ਦੀ ਖੁਸ਼ੀ ਵਿੱਚ ਅਦਾਰਾ ਵਿਗਿਆਨ ਜੋਤ ਨੂੰ 1100 ਰੁਪਏ ਦੀ ਸਹਾਇਤਾ ਭੇਜੀ ਗਈ ਹੈ। ਅਦਾਰਾ ਇਹਨਾਂ ਦੇ ਤਹਿ ਦਿਲੋਂ ਧੰਨਵਾਦੀ ਹੈ।

ਇਸ ਲਈ ਇਹ ਇੱਕ 'ਤਰਕ ਅਤੇ ਵਿਗਿਆਨ' ਦੀ ਕਸੌਟੀ 'ਤੇ ਪਰਖੀ ਹੋਈ 'ਮਨੋਵਿਗਿਆਨਕ' ਸਚਾਈ ਹੈ ਕਿ ਕਿਸੇ ਵੀ ਭੂਤਾਂ-ਪ੍ਰੇਤਾਂ, ਦੇਵੀ-ਦੇਵਤਿਆਂ, ਆਤਮਾ-ਪ੍ਰਮਾਤਮਾ ਅਤੇ ਗੈਬੀ ਸ਼ਕਤੀਆਂ ਦੀ ਕੋਈ ਹੋਂਦ ਨਹੀਂ ਹੈ, ਇਨ੍ਹਾਂ ਦੀਆਂ ਫੋਟੋਆਂ ਅਤੇ ਮੂਰਤੀਆਂ ਸਭ ਮਨਘੜਤ ਤੇ ਕਲਪਨਿਕ ਹੀ ਹਨ। ਇਸ ਲਈ ਇਨ੍ਹਾਂ ਨੂੰ ਮੰਨਣਾ ਅਤੇ ਸ਼ਰਧਾ ਨਾਲ ਪਾਠ-ਪੂਜਾ ਕਰਨੀ ਬੇਅਰਥ ਹੈ। ਇਹ ਸਭ ਧੋਖੇਬਾਜ ਤੇ ਪਾਖੰਡੀ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਡੇਰੇਦਾਰਾਂ, ਪੁਜ਼ਾਰੀਆਂ ਅਤੇ ਪਾਦਰੀਆਂ ਆਦਿ ਨੇ ਆਪਣੇ ਸੁਆਰਥ ਲਈ ਹੀ ਭੋਲ਼ੇ-ਭਾਲ਼ੇ ਲੋਕਾਂ ਨੂੰ ਲੁੱਟਣ ਲਈ ਘੜੇ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਵੀ ਮੂਰਖਾ ਤੇ ਲਾਈਲੱਗਾਂ ਵਾਂਗ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਦੇ ਮੱਕੜ ਜਾਲ਼ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਨ।

ਕਿਸੇ ਵੀ ਪੜ੍ਹੇ-ਲਿਖੇ ਵਿਅਕਤੀ ਨੂੰ ਹੀ 'ਸਮਝਦਾਰ' ਨਹੀਂ ਮੰਨ ਲੈਣਾ ਚਾਹੀਦਾ, ਕਿਉਂਕਿ ਬਹੁਤ ਸਾਰੇ ਉੱਚੀ-ਵਿੱਦਿਆ ਪ੍ਰਾਪਤ ਅਤੇ ਉੱਚੇ-ਅਹੁਦਿਆਂ 'ਤੇ ਵਿਰਾਜਮਾਨ ਵਿਅਕਤੀ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾਉਣ ਵਾਲੇ ਪਖੰਡੀਆਂ ਦੇ ਪੈਰੀਂ ਹੱਥ ਲਾਉਂਦੇ ਹਨ ਅਤੇ ਅਖੌਤੀ ਦੇਵੀ-ਦੇਵਤਿਆਂ ਦੇ ਮੰਦਰਾਂ ਜਾਂ ਹੋਰ ਧਾਰਮਿਕ ਸਥਾਨਾਂ ਵਿੱਚ ਮੱਥਾ ਟੇਕਦੇ, ਨੱਕ ਰਗੜਦੇ ਤੇ ਪਾਠ-ਪੂਜਾ ਕਰਦੇ ਹੋਏ ਅਕਸਰ ਹੀ ਦੇਖੇ ਜਾ ਸਕਦੇ ਹਨ। ਅਜਿਹੇ ਮੂਰਖ ਘਟੀਆ ਸੋਚ ਕਾਰਨ ਆਪਣਾ ਤਾਂ ਨੁਕਸਾਨ ਕਰਦੇ ਹੀ ਹਨ, ਦੇਖਣ ਵਾਲ਼ਿਆਂ ਦੀ ਸੋਚ ਅਤੇ ਵਿਸ਼ਵਾਸ਼ ਨੂੰ ਵੀ ਗੈਰ-ਵਿਗਿਆਨਕ ਤੇ ਤਰਕਹੀਣ ਬਣਾ ਕੇ ਬਹੁਤ ਨੁਕਸਾਨ ਕਰ ਦਿੰਦੇ ਹਨ।

ਇਹ ਵੀ ਇੱਕ ਮਨੋਵਿਗਿਆਨਕ ਸਚਾਈ ਹੈ ਕਿ ਜੋ ਵਿਅਕਤੀ ਅਜਿਹੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸ਼ਾਂ ਨੂੰ ਸਹੀ ਵਿਸ਼ਵਾਸ' ਮੰਨਦੇ ਹਨ ਉਹ ਪਖੰਡੀ ਜਾਂ ਮਾਨਸਿਕ ਤੌਰ ਤੇ ਕਮਜੋਰ ਜਾ ਫਿਰ ਪਾਗਲ (ਮਾਨਸਿਕ ਰੋਗੀ) ਹੋ ਚੁੱਕੇ ਹੁੰਦੇ ਹਨ ਜੋ ਭੁਲੇਖਾ ਪਾਊ ਤੇ ਝੂਠੇ-ਵਿਸ਼ਵਾਸ ਕਾਰਨ 'ਮਾਨਸਿਕ-ਅਨੰਦ' ਪ੍ਰਾਪਤ ਕਰਦੇ ਹੋਏ ਸਰੀਰਕ ਹਰਕਤਾਂ ਕਰਦੇ ਹਨ। ਇਸ ਤਰ੍ਹਾਂ ਦੇ ਅੰਧਵਿਸ਼ਵਾਸ ਭਰਪੂਰ ਪਾਗਲਪਨ ਨੂੰ ਰਾਜਨੀਤਕ ਤੇ ਸਮਾਜਿਕ ਤੌਰ ਤੇ ਮਾਨਤਾ ਪ੍ਰਾਪਤ ਹੋਣ ਕਰਕੇ, ਜੇ ਕੋਈ ਵਿਗਿਆਨਕ ਜਾਂ ਤਰਕਸ਼ੀਲ (ਨਾਸਤਿਕ) ਉਨਾਂ ਦੇ ਇਸ ਘਟੀਆਂ ਵਿਸ਼ਵਾਸ ਵਿੱਚ 'ਸੁਧਾਰਵਾਦੀ' ਦਖਲ-ਅੰਦਾਜੀ ਕਰਦਾ ਹੈ ਤਾਂ ਉਸਨੂੰ ਉਨ੍ਹਾਂ ਦੇ ਹਾਨੀਕਾਰਕ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਦੇ ਦੂਜੇ ਪਾਗਲਾਂ ਲਈ ਤਾਂ ਅਜਿਹਾ 'ਪਾਗਲਪਨ' ਸਭ ਤੋਂ ਉੱਤਮ ਹੈ, ਭਾਵੇਂ ਇਸ ਨਾਲ ਮਾਨਸਿਕ, ਸਰੀਰਕ, ਆਰਥਿਕ ਤੇ ਸਮਾਜਿਕ ਵਿਕਾਸ ਬੁਰੀ ਤਰ੍ਹਾਂ ਰੁਕ ਜਾਂਦਾ ਹੈ ਫਿਰ ਵੀ ਇਹ ਰੁਕਿਆ ਹੋਇਆ ਵਿਕਾਸ ਸਾਡੇ ਜਿਉਂਦੇ ਰਹਿਣ ਲਈ ਸਭ ਤੋਂ ਵੱਧ ਖ਼ਤਰਨਾਕ ਹੈ।

ਦੁਕਾਨਦਾਰ ਇਹ ਵੀ ਨਹੀਂ ਸੀ ਸਮਝ ਸਕਿਆ ਕਿ ਜਿਹੜੇ ਦੇਵੀ-ਦੇਵਤੇ ਜਿਸ ਗੈਬੀ-ਸ਼ਕਤੀ ਨਾਲ ਨੁਕਸਾਨਦਾਇਕ ਅੱਗ ਲਾ ਸਕਦੇ ਹਨ, ਉਸੇ ਤਰ੍ਹਾਂ ਹੀ ਚੁੱਪ ਚਾਪ ਬੁਝਾ ਵੀ ਸਕਦੇ ਹਨ ਜੇ ਉਨ੍ਹਾਂ ਨੇ ਮੇਰੇ ਦੁਆਰਾ ਹੀ ਅੱਗ ਨੂੰ ਬੁਝਾਉਣਾ ਸੀ ਤਾਂ ਪਹਿਲਾਂ ਲਾਈ ਕਿਉਂ? ਦੁਕਾਨਦਾਰ ਦੀ ਮੂਰਖ ਸੋਚ ਤੋਂ ਏਹੀ ਮਨੋਵਿਗਿਆਨਕ ਜਾਣਕਾਰੀ ਮਿਲਦੀ ਹੈ ਕਿ ਵਹਿਮੀ ਤੇ ਅੰਧਵਿਸ਼ਵਾਸੀ ਵਿਅਕਤੀ ਆਪਣੇ ਇਸ ਵਿਸ਼ਵਾਸ ਨੂੰ ਸੱਚ ਸਮਝਦਾ ਹੋਇਆ, ਉਹ ਆਪਣੀ ਇਸ ਸੋਚ ਨਾਲ ਵਿਰੋਧੀ ਵਿਚਾਰਾਂ ਨੂੰ ਤੋੜ-ਮਰੋੜ ਕੇ ਆਪਣੇ ਵਿਸ਼ਵਾਸ ਮੁਤਾਬਿਕ ਸਹੀ ਸਿੱਧ ਹੁੰਦੇ ਮਨਘੜਤ ਸਿੱਟੇ ਕੱਢ ਲੈਂਦਾ ਹੈ। ਦੁਕਾਨਦਾਰ ਦੀ ਅੰਧਵਿਸ਼ਵਾਸੀ ਸੋਚ ਨੇ ਵੀ ਦੇਵੀ-ਦੇਵਤਿਆਂ ਬਾਰੇ ਅਜਿਹੇ ਹੀ ਮਨਘੜਤ ਸਿੱਟੇ ਕੱਢ ਲਏ ਸੀ। ਜਿਸ ਵਿੱਚ ਉਸਨੇ ਦੇਵੀ-ਦੇਵਤਿਆਂ ਨੂੰ ਬਿਲਕੁੱਲ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਅੰਤ ਵਿੱਚ ਮੈਂ ਇੱਕ ਤਰਕਸ਼ੀਲ ਹੋਣ ਕਰਕੇ, ਫਿਰ ਤਾਂ ਉਸਦੀ ਵਹਿਮੀ ਤੇ ਅੰਧ ਵਿਸ਼ਵਾਸੀ ਸੋਚ ਨੂੰ ਸਿਰਫ ਏਹੀ ਕਹਾਂਗਾ ਕਿ ਹੋਂਦ ਰਹਿਤ ਅਖੌਤੀ ਦੇਵੀ-ਦੇਵਤਿਆਂ ਨੇ ਆਪਣੇ ਸ਼ਰਧਾਲੂ ਦਾ ਸਿਰਫ ਨੁਕਸਾਨ ਕਰਨ ਲਈ ਹੀ ਆਪਣੀ ਜਗਦੀ ਜੋਤ ਨਾਲ ਅੱਗ ਲਾ ਕੇ ਜ਼ਰੂਰ ਹੀ 'ਅਸਲੀ ਚਮਤਕਾਰ' ਕੀਤਾ ਹੈ।


## ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ 80.00


ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 120.00


ਇਨਕਲਾਬ 120.00


ਸ਼ਹੀਦਾਂ ਦੇ ਅੰਗ ਸੰਗ 80.00


ਅਮਰ ਸ਼ਹੀਦਾਂ ਦੀਆਂ ਯਾਦਾਂ 80.00


ਸ਼ਹੀਦ ਭਗਤ ਸਿੰਘ 80.00


ਸ਼ਹੀਦ ਚੰਦਰ ਸ਼ੇਖਰ ਆਜ਼ਾਦ 80.00


ਸ਼ਹੀਦ ਭਗਵਤ ਚਰਨ ਵੋਹਰਾ 80.00


ਸ਼ਹੀਦ ਰਾਮ ਪ੍ਰਸਾਦ ਬਿਸਮਿਲ 80.00


ਸ਼ਹੀਦ ਊਧਮ ਸਿੰਘ 300.00


ਪਾਸ਼ ਦੀ ਚੋਣਵੀਂ ਕਵਿਤਾ 70.00


ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 60.00


ਭਗਤ ਸਿੰਘ ਤੇ ਸਾਥੀ 80.00


ਗਾਥਾ ਗਦਰੀਆਂ ਦੀ 80.00


ਖੇਤਾਂ ਦੀ ਬੁੱਕਲ 'ਚੋਂ 80.00


ਭਗਤ ਸਿੰਘ ਨੂੰ ਫਾਂਸੀ 120.00

**ਘਰ ਬੈਠੇ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744**

# ਕਿਵੇਂ ਚੱਲਦੇ ਹਨ, ਸਾਧਾਂ ਦੇ ਤੀਰ ਜਾਂ ਤੁੱਕੇ ?

ਅਮਰੀਕ ਮਾਨਾਂ
ਫੋਨ: 98147-86707

ਆਰਥਿਕ ਮੰਦੀ ਨਾਲ ਜੂਝ ਰਹੇ ਮੇਰੇ ਮਹਾਨ ਭਾਰਤ ਵਿੱਚ ਜਿੱਥੇ ਆਮ-ਆਦਮੀ ਦੀ ਜਾਨ ਤੰਗੀਆ-ਤਰਾਸੀਆ ਵਿੱਚ ਸੁੱਕਦੀ ਜਾ ਰਹੀ ਹੈ, ਉੱਥੇ ਹੀ ਇੱਥੋ ਦੇ ਵਿਹਲੇ ਬਾਬਿਆਂ ਦੀ ਕਮਾਈ ਲੱਖਾ-ਅਰਬਾਂ ਵਿੱਚ ਜਾ ਪਹੁੰਚੀ ਹੈ। ਕਿਉਂਕਿ ਇੱਥੇ ਦੀ ਬਹੁ-ਗਿਣਤੀ ਲੋਕਾਈ ਆਪਣੇ ਦੁੱਖਾ ਤਖਲੀਫ਼ਾ ਦੇ ਹੱਲ ਲਈ ਜੱਥੇਬੰਦ ਹੋ ਕੇ ਸਰਕਾਰਾ ਕੋਲ ਨਹੀਂ। ਬਲਕਿ ਜੱਥੇ ਬਣਕੇ ਬਾਬਿਆ ਦੇ ਚਰਨਾਂ ਵਿੱਚ ਜਾਂ ਡਿੱਗਦੀ ਹੈ। ਤੇ ਆਪਣੀ ਨੇਕ ਕਮਾਈ ਨੂੰ ਇਹਨਾਂ ਦੇ ਡੋਰਿਆ ਤੇ ਚੜ੍ਹਾ ਆਉਂਦੀ ਹੈ।

ਬੇਸ਼ੱਕ ਇਹਨਾਂ ਬਾਬਿਆ ਤੇ ਕਤਲ, ਬਲਾਤਕਾਰ, ਜਮੀਨ ਹੜੱਪਣ ਵਰਗੇ ਅਨੇਕਾਂ ਹੀ ਮਾਮਲੇ ਚੱਲ ਰਹੇ ਹਨ, ਤੇ ਕਈਆਂ ਨੂੰ ਤਾਂ ਪਿੱਛਲੇ ਸਮੇਂ ਤੋਂ ਜੇਲ੍ਹ ਦੀ ਹਵਾ ਵੀ ਖਾਣੀ ਪੈ ਰਹੀ ਹੈ। ਪਰ ਫੇਰ ਵੀ ਲੋਕਾ ਦੀ ਭੀੜ ਲਈ ਕੋਈ ਸ਼ਬਕ ਨਹੀਂ ਬਣ ਰਿਹਾ, ਕਿਉਂਕਿ ਗ੍ਰੰਥਾਂ ਅਨੁਸਾਰ ਸਾਧਾ-ਸੰਤਾਂ ਦੀ ਨਿੰਦਿਆ ਨੂੰ ਘੋਰ ਪਾਪ ਦੱਸਿਆ ਗਿਆ ਹੈ। ਜੇਕਰ ਇਹਨਾਂ ਦੇ ਭਗਤਾਂ ਨਾਲ ਗੱਲ ਕਰਦੇ ਹਾਂ, ਤਾਂ ਉਹ ਸੰਤਾਂ ਦੇ ਬਚਨ 100% ਹੀ ਪੂਰੇ ਹੋਣ ਦੀ ਗੱਲ ਕਰਦੇ ਹਨ। ਆਓ, ਸਭ ਤੋਂ ਪਹਿਲਾ ਆਪਾ ਇਸ ਗੱਲ ਤੇ ਵਿਚਾਰ ਕਰੀਏ, ਕੀ ਲੋਕ ਸਾਧਾਂ-ਸੰਤਾਂ ਤੋਂ ਮੰਗਦੇ ਕੀ ਹਨ ? ਅਤੇ ਕਿਸ ਤਰ੍ਹਾਂ ਇਹਨਾਂ ਦੀ ਇੱਛਾ ਪੂਰੀ ਹੁੰਦੀ ਹੈ ? ਮੰਨ ਲਓ, ਇਕ ਅਨਪੜ੍ਹ ਬੰਦਾ ਇਹ ਦਾਤ ਮੰਗੇ ਕਿ ਮੈਂ ਅਫਸਰ ਲੱਗ ਜਾਵਾਂ ਜਾਂ ਮੈਂ ਡਾਕਟਰ ਬਣ ਜਾਵਾਂ, ਹੋ ਨਹੀਂ ਸਕਦਾ। ਫੇਰ ਆਖਰ ਲੋਕ ਮੰਗਦੇ ਕੀ ਹਨ ? ਲੋਕ ਮੰਗਦੇ ਹਨ-ਪੁੱਤ ਦੀ ਦਾਤ, ਦੁੱਧ ਦੀ ਜਾਂ ਜਮੀਨ ਧੰਨ-ਦੌਲਤ, ਬਿਮਾਰੀ ਤੋਂ ਛੁਟਕਾਰਾ, ਅਦਾਲਤੀ ਕੇਸ ਵਿੱਚੋ ਜਿੱਤ, ਪ੍ਰੀਖਿਆ ਵਿੱਚੋ ਪਾਸ। 'ਤੇ ਹੋਰ ਇਸੇ ਤਰ੍ਹਾਂ ਦੀਆਂ ਹੀ ਮੰਗਾਂ ਹਨ, ਜੋ ਦੇਸ਼ ਦੇ ਸਿਸਟਮ ਵਿੱਚੋ ਜਾਇਜ ਜਾਂ ਨਜਾਇਜ ਤਰੀਕੇ ਨਾਲ ਪੂਰੀਆ ਹੋ ਵੀ ਜਾਂਦੀਆਂ ਹਨ। ਕਈ ਵਾਰ ਤਾਂ ਲੋਕ ਆਪਣੀ ਸਖ਼ਤ ਮਿਹਨਤ ਦਾ ਸੁਨੇਹਾ ਵੀ ਬਾਬਾ ਜੀ ਨੂੰ ਦੇ ਕੇ, ਸੰਗਤਾਂ ਵਿੱਚੋਂ ਵੱਡਭਾਗੀ ਬਣਕੇ ਮਾਣ ਖੱਟਦੇ ਹਨ। ਫੇਰ ਸੰਗਤਾਂ ਇਹਨਾਂ ਦਾ ਹੀ ਪ੍ਰਚਾਰ ਕਰਕੇ ਹੋਰ ਲੋਕਾਂ ਨੂੰ ਵੀ ਬਾਬਾ ਜੀ ਤੋਂ ਅਸ਼ੀਰਬਾਦ ਲੈਣ ਲਈ ਤਿਆਰ ਕਰਦੀਆਂ ਹਨ।



ਇਸ ਤਰ੍ਹਾਂ ਦੀ ਹੀ ਇਕ ਕਹਾਣੀ ਜਰਨੈਲ ਸਿੰਘ ਦੀ ਹੈ। ਜਿਸ ਕੋਲ ਜਮੀਨ ਧੰਨ-ਦੌਲਤ ਦੀ ਕੋਈ ਵੀ ਘਾਟ ਨਹੀਂ ਸੀ। ਘਾਟ ਸੀ ਤਾਂ ਬੱਸ, ਇਕ ਪੁੱਤਰ ਦੀ। ਉਸ ਨੇ ਪੁੱਤਰ ਦੀ ਪ੍ਰਾਪਤੀ ਲਈ ਮੰਦਰਾਂ, ਮਸੀਤਾਂ, ਗੁਰੂਘਰਾਂ ਤੱਕ ਪਹੁੰਚ ਕੀਤੀ, ਪਰ ਖ਼ੈਰ ਨਾ ਪਈ। ਫੇਰ ਇਕ ਦਿਨ ਉਸਨੂੰ ਸਰਪੰਚ ਨੇ ਸਪੈਸ਼ਲ ਪੁੱਤਰ ਦੀ ਹੀ ਦਾਤ ਦੇਣ ਵਾਲੇ ਬਾਬੇ ਬਾਰੇ ਦੱਸਿਆ। ਤੇ ਉਹ ਦੂਸਰੇ ਦਿਨ ਹੀ ਆਪਣੀ ਪਤਨੀ ਨੂੰ ਨਾਲ ਲੈ ਕੇ ਬਾਬਾ ਜੀ ਦੇ ਡੇਰੇ ਪਹੁੰਚ ਗਿਆ। ਬਾਬਾ ਜੀ ਨੇ ਝੋਲੀ ਵਿੱਚ ਸੇਬ ਦਾ ਫ਼ਲ ਪਾ ਕੇ ਮੁੰਡਾ ਹੋਣ ਦਾ ਬਚਨ ਦਿੱਤਾ।

ਘਰ ਆ ਕੇ ਉਹਨਾਂ ਦਾ ਫ਼ਲ ਖਾਣ ਨੂੰ ਮਨ ਨਾ ਕੀਤਾ, ਕਿਉਂਕਿ ਇਸ ਤਰ੍ਹਾਂ ਦੇ ਫ਼ਲ ਜਾ ਬਚਨ ਲੈ ਕੇ ਤਾਂ ਉਹ ਪਹਿਲਾ ਹੀ ਚਾਰ ਕੁੜੀਆ ਦਾ ਬਾਪ ਬਣ ਚੁੱਕਾ ਸੀ। ਪਰ ਫੇਰ ਵੀ ਸਰਪੰਚ ਦੇ ਕਹਿਣ ਤੇ ਉਹਨਾਂ ਫ਼ਲ ਨੂੰ ਗ੍ਰਹਿਣ ਕਰ ਹੀ ਲਿਆ। ਹੁਣ ਸਾਰੇ ਪਿੰਡ ਲਈ ਇਹ ਗੱਲ ਕੋਈ ਚਮਤਕਾਰ ਤੋਂ ਘੱਟ ਨਹੀਂ ਸੀ ਕਿਉਂਕਿ ਇਸ ਵਾਰ ਜਰਨੈਲ ਸਿੰਘ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ। ਉਸ ਦੇ ਘਰ ਵਧਾਈ ਦੇਣ ਵਾਲੇ ਆਏ ਲੋਕਾਂ ਕੋਲ, ਉਹ ਤਾਂ ਬਾਬਾ ਜੀ ਦੀ ਕ੍ਰਿਪਾ ਦੇ ਗੁਣ-ਗਾਉਦਾ ਨਾ ਥੱਕਦਾ। ਹੁਣ ਪੁੱਤਰ ਹੋਣ ਦੀ ਖ਼ੁਸ਼ੀ ਵਿੱਚ ਜਰਨੈਲ ਸਿੰਘ ਨੇ ਆਪਣੇ ਘਰ ਇਕ ਧਾਰਮਿਕ ਸਮਾਗਮ ਕਰਵਾਇਆ। ਜਿਸ ਦੇ ਮੁੱਖ ਮਹਿਮਾਨ ਬਾਬਾ ਜੀ ਸਨ। ਤੇ ਅੱਜ ਇੱਥੇ ਪੁੱਤਰ ਪ੍ਰਪਤੀ ਦੀ ਇੱਛਾ ਰੱਖਣ ਵਾਲੇ ਲੋਕਾਂ ਦੀ ਵੀ ਭੀੜ ਲੱਗ ਗਈ। ਜਿੰਨ੍ਹਾਂ ਬਾਬਾ ਜੀ ਅੱਗੇ ਮਾਇਆ ਦਾ ਢੇਰ ਲਾ ਦਿੱਤਾ। ਬਾਬਾ ਜੀ ਬਹੁਤ ਖ਼ੁਸ਼ ਸਨ ਉਹਨਾਂ ਵੀ ਮੰਨੋ ਅੱਜ ਫਲਾਂ ਦੀ ਸੇਲ ਹੀ ਲਾ ਦਿੱਤੀ। ਫੇਰ ਬਾਬਾ ਜੀ ਨੇ ਭਰੀ ਸੰਗਤ ਵਿੱਚ ਕਿਹਾ, "ਜਰਨੈਲ ਸਿੰਹਾ ਤੇਰੀ ਸੇਵਾ ਦਰਗਾਹ ਵਿੱਚ ਕਬੂਲ ਹੋ ਗਈ ਹੈ, ਪ੍ਰਮਾਤਮਾ ਤੇਰੇ ਤੋਂ ਬਹੁਤ ਖ਼ੁਸ਼ ਹਨ। ਅੱਜ ਮੰਗ ਲੈ ਜੋ ਮੰਗਣਾ। ਜਰਨੈਲ ਸਿੰਘ ਹੱਥ ਜੋੜ ਕੇ ਖੜ੍ਹਾ ਹੋ ਗਿਆ 'ਤੇ ਉਸ ਦੀ ਘਰਵਾਲੀ ਨੇ ਆਪਣੀ ਝੋਲੀ ਅੱਡ ਕੇ ਕਿਹਾ, ਬਾਬਾ ਜੀ ਕ੍ਰਿਪਾ ਕਰੋ ਮੇਰੇ ਘਰ ਵੀ ਪੁੱਤਰਾਂ ਦੀ ਜੋੜੀ ਬਖ਼ਸ਼ੋ। ਬਾਬਾ ਜੀ ਨੇ ਨਾ ਚਾਹੁੰਦੇ ਹੋਏ ਵੀ ਫ਼ਲ ਝੋਲੀ ਵਿੱਚ ਪਾ ਦਿੱਤਾ। ਉਹਨਾਂ ਦੋਹਾਂ ਨੂੰ ਬਾਬਾ ਜੀ ਦੇ ਬਚਨਾਂ ਤੇ 100% ਭਰੋਸਾ ਸੀ। ਪਰ ਕੁਦਰਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਉਹਨਾਂ ਦੇ ਘਰ ਇਕ ਬਹੁਤ ਹੀ ਪਿਆਰੀ ਬੱਚੀ ਨੇ ਜਨਮ ਲਿਆ। ਅੱਜ ਜਰਨੈਲ ਸਿੰਘ ਨੂੰ ਆਪਣੇ ਪਿੰਡ ਦੇ ਅਗਹਾਵਧੂ ਸੋਚ ਰੱਖਣ ਵਾਲੇ ਨੌਜਵਾਨ "ਤਰਕਜੋਤ" ਨਾਲ ਹੋਈ ਗੱਲਬਾਤ ਚੇਤੇ ਆ ਰਹੀ ਸੀ ਕਿ ਵੀਰ ਜੀ, ਕੁੜੀਆ ਮੁੰਡਿਆ ਨਾਲੋ ਕਿਸੇ ਗੱਲੋ ਘੱਟ ਨਹੀਂ। ਲੋੜ ਹੈ, ਤਾਂ ਸਾਨੂੰ ਸਿਰਫ ਸੋਚ ਬਦਲਣ ਦੀ। ਨਾਲੇ ਮੁੰਡਾ ਜਾਂ ਕੁੜੀ ਪੈਦਾ ਕਰਨਾ ਕਿਸੇ ਸਾਧ ਦੇ ਹੱਥ ਨਹੀ, ਇਹ ਤਾਂ ਗਰਭ ਸਮੇਂ ਪਹਿਲੇ ਦਿਨ ਹੀ ਨਿਧਾਰਤ ਹੋ ਜਾਂਦਾ ਹੈ। ਫੇਰ ਦੁਨੀਆਂ ਦੀ ਕੋਈ ਗੈਬੀ ਸ਼ਕਤੀ ਨਹੀ, ਜੋ ਗਰਭ ਵਿੱਚਲੇ ਲਿੰਗ ਨੂੰ ਬਦਲੀ ਕਰ ਸਕੇ। ਨਾਲੇ ਸਾਧਾਂ ਵੱਲੋ ਪਾਏ ਫਲਾਂ ਨਾਲ 10 ਵਿੱਚੋਂ ਪੰਜ-ਚਾਰ ਦੇ ਤਾਂ ਮੁੰਡਾ ਹੋਣਾ ਕੁਦਰਤੀ ਹੈ, ਜਿੰਨਾਂ ਦੇ ਪੁੱਤਰ ਹੋ ਗਿਆ ਉਹ ਢੋਲ ਵਜਾ ਕੇ ਦੱਸਦੇ ਹਨ। ਤੇ ਜਿੰਨਾਂ ਦੇ ਨਹੀਂ, ਉਹ ਅਜੇ ਆਪਣੇ ਕਰਮਾਂ ਅਤੇ ਕਿਸਮਤਾਂ ਨੂੰ ਕੋਸਦੇ ਹੋਏ ਸਾਧ ਨੂੰ ਸ਼ਰੇਆਮ ਬਰੀ ਕਰ ਦਿੰਦੇ ਹਨ। ਇਸ ਤਰ੍ਹਾਂ ਇਹਨਾਂ ਸਾਧਾਂ ਦਾ ਤੀਰ ਨਹੀਂ ਤਾਂ ਤੁੱਕਾ ਚੱਲ ਹੀ ਜਾਂਦਾ ਹੈ।

---

## ਵਿਗਿਆਨੀ/ ਸਤਪਾਲ ਨੰਗਲ



ਵਿਗਿਆਨੀ ਇਸ ਸੰਸਾਰ ਦਾ ਮਾਣ ਹੁੰਦੇ,  
ਗੁੱਝੇ ਭੇਦ ਇਹ ਕੁਦਰਤ ਦੇ ਖੋਲ੍ਹ ਦਿੰਦੇ।  
ਸਮੁੰਦਰ ਕਿਵੇਂ ਬਣੇ ? ਧਰਤੀ ਦੀ ਉਮਰ ਕਿੰਨੀ ?  
ਗੈਸਾਂ ਸੂਰਜ ਦੇ ਅੰਦਰ ਵੀ ਟੋਲ ਦਿੰਦੇ।  
ਖੋਜਾਂ ਤਰਕ ਆਧਾਰ 'ਤੇ ਕਰ ਲੈਂਦੇ,  
ਪੀ. ਕੇ ਜ਼ਹਿਰ ਪਿਆਲੇ ਸੱਚ ਬੋਲ ਦਿੰਦੇ।  
ਕਰਨ ਖੋਜਾਂ ਮਨੁੱਖਤਾ ਦੇ ਭਲੇ ਖ਼ਾਤਰ,  
ਆਪਣਾ ਜੀਵਨ ਤਾਂ ਜੇਲ੍ਹਾਂ 'ਚ ਰੋਲ ਦਿੰਦੇ।  
ਪਸ਼ੂ, ਮਨੁੱਖ 'ਤੇ ਸਮੁੰਦਰੀ ਜੀਵ ਸਾਰੇ,  
ਇਹ ਤਾਂ ਪੰਛੀਆਂ ਦੇ ਪਰ ਵੀ ਤੋਲ ਦਿੰਦੇ।  
ਆਕਾਸ਼ੀ ਪਿੰਡ, ਪੁਲਾੜ, ਗ੍ਰਹਿ ਸਾਰੇ।  
ਹਿੰਮਤਾਂ ਨਾਲ ਸਮੁੰਦਰ ਵੀ ਛੋਲ ਦਿੰਦੇ।  
ਜਾਤ, ਧਰਮ 'ਤੇ ਦੇਸ਼ਾਂ ਤੋਂ ਸੋਚ ਉੱਚੀ,  
ਸਾਰੀ ਕਾਇਨਾਤ ਲਈ ਬੁੱਕਲ ਖੋਲ ਦਿੰਦੇ।  
ਇਕੋ ਲਗਨ, ਸਚਾਈ ਦੀ ਖੋਜ ਵਾਲੀ,  
ਖੰਦਰਾਂ ਪਹਾੜਾਂ ਦੀਆਂ ਜਾ ਕੇ ਫਰੋਲ ਦਿੰਦੇ।  
'ਸਤਪਾਲ' ਸਿਤਾਰੇ ਇਹ ਪਰਤ ਉੱਤੇ  
ਤਰਕ-ਸੱਚ ਦਾ ਚਾਨਣ ਅਨਮੋਲ ਦਿੰਦੇ।

ਕਹਾਣੀ

# ਹਥਿਆਰ



ਸਾਡੇ ਪਿੰਡ ਵਿੱਚ ਖੱਤਰੀਆਂ ਦਾ ਇੱਕੋ-ਇੱਕ ਘਰ ਐ, ਆਰਥਿਕ ਤੰਗੀਆਂ-ਤੁਰਸੀਆਂ, ਲੋੜਾਂ-ਥੋੜਾਂ ਕਾਰਨ ਘਰ ਵਿੱਚ ਕਜੀਆ ਕਲੇਸ਼ ਨਿੱਤ ਦਾ ਵਰਤਾਰਾ ਸੀ। ਇਸ ਨਿੱਤ ਦੇ ਮਹਾਂਭਾਰਤ ਦਾ ਸਤਾਇਆ ਤਿੰਨ ਧੀਆਂ ਦਾ ਬਾਪ ਖੱਤਰੀ ਦੀਨਾ ਨਾਥ ਘਰੋਂ ਭੱਜ ਗਿਆ। ਬਹੁਤ ਭਾਲ-ਟੋਲ ਕਰੀ, ਕਾਲੇ ਇਲਮ ਤੇ ਹਜਰਾਇਤ ਵਾਲਿਆਂ ਕੋਲ ਗਏ, ਨਜੂਮੀਆਂ ਦੀਆਂ ਚੌਂਕੀਆਂ ਭਰੀਆਂ, ਨਾਮਵਰ ਪੰਡਤਾਂ ਪਾਧਿਆਂ ਤੋਂ ਮੋਟੀਆ ਦੱਛਣਾ ਦੇ ਕੇ ਪੱਤਰੀਆਂ ਖੁਲਵਾਈਆਂ, ਰਾਸ ਨਾ ਆਈਆਂ। ਆਖਿਰ ਦੀਨਾ ਨਾਥ ਦੇ ਬੁੱਢੇ ਮਾਂ-ਬਾਪ ਭੈਣ ਭਰਾ ਘਰ ਵਾਲੀ ਦੁਰਗੀ ਤੇ ਧੀਆਂ ਨੇ, ਉਖੜੇ ਮਨ ਉੱਤੇ ਧਰਵਾਸ ਦਾ ਪੱਥਰ ਧਰ ਕੇ ਭਾਣਾ ਮੰਨ ਲਿਆ ਕਿ ਦੀਨਾ ਨਾਥ ਦਾ ਤਾਂ ਕਿਧਰੇ "ਰਾਮ ਨਾਮ ਸਤਿ" ਹੋ ਗਿਆ ਹੋਣੈ, ਤੇ ਭਾਈਚਾਰੇ ਨੇ ਦੁਰਗੀ ਦੀ ਦੀਨਾ ਨਾਥ ਦੇ ਛੋਟੇ ਭਾਈ ਲਛਮਣ ਉੱਤੇ ਚਾਦਰ ਪੁਆ ਦਿੱਤੀ ਤੇ ਲਛਮਣ ਵੀ ਸਾਲ ਦੇ ਅੰਦਰ ਅੰਦਰ ਹੀ ਬੰਸਰੀ ਵਾਲੇ ਦੀ ਕ੍ਰਿਪਾ ਨਾਲ ਇੱਕ ਬੇਟੀ ਦਾ ਬਾਪ ਬਣ ਗਿਆ ਤੇ ਜਿੰਦਗੀ ਦੀ ਗੱਡੀ ਆਪਣੀ ਪਹਿਲੀ ਤੋਰ ਤੁਰਨ ਲੱਗੀ,

ਸਾਡੇ ਚਾਚੇ ਦਾ ਪੁੱਤ ਜਿਸ ਦਾ ਕਲਕੱਤੇ ਆਪਣਾ ਟਰੱਕਾਂ ਦਾ ਕਾਰੋਬਾਰ ਐ, ਉਸ ਦਾ ਬਾਲ-ਬੱਚਾ, ਸਾਰਾ ਆਰ ਪ੍ਰੀਵਾਰ ਉੱਥੇ ਹੀ ਰਹਿੰਦੈ, ਉਹ ਹਰ ਤੀਜੇ ਚੌਥੇ ਸਾਲ ਪਿੰਡ ਦੀ ਮਿੱਟੀ ਦੇ ਮੋਹ ਕਾਰਨ ਪਿੰਡ ਜਰੂਰ ਗੇੜਾ ਮਾਰਦੈ, ਇਸ ਵਾਰ ਜਦੋਂ ਉਹ ਪਿੰਡ ਆਇਆ ਤਾਂ ਇੱਥੋਂ ਉਸ ਨੇ ਜਦੋਂ ਦੀਨਾ ਨਾਥ ਖੱਤਰੀ ਦੀ ਘਰੋਂ ਭੱਜਣ ਦੀ ਰਾਮ ਕਹਾਣੀ ਸੁਣੀ ਤਾਂ ਉਸ ਨੇ ਦੱਸਿਆ ਕਿ "ਦੀਨਾ ਨਾਥ ਤਾਂ ਕਲਕੱਤੇ ਕਿਸੇ ਮਾਰਵਾੜੀ ਸੇਠ ਦੇ ਜਾਗੇ ਦੀ (ਰਾਤ ਦੀ ਚੌਂਕੀਦਾਰੀ) ਨੌਕਰੀ ਕਰਦੈ।"

**ਸੁਖਦੇਵ ਸਿੰਘ ਔਲਖ**

ਹਫਤਾ ਦਸ ਦਿਨ ਪਿੰਡ ਰਹਿ ਕੇ ਸਾਡੇ ਚਾਚੇ ਦਾ ਪੁੱਤ ਜਾਂਦਾ ਹੋਇਆ, ਦੁਰਗੀ ਨੂੰ ਨਾਲ ਲੈ ਗਿਆ ਕਿ "ਮੇਰੀ ਜੁੰਮੇਵਾਰੀ ਐ, ਮੈਂ ਦੀਨਾ ਨਾਥ ਨੂੰ ਸਮਝਾ-ਬੁਝਾ ਕੇ ਪਿੰਡ ਤੁਹਾਡੇ ਕੋਲ ਵਾਪਸ ਭੇਜ ਦਿਊਂਗਾ।"

ਦੁਰਗੀ ਨੇ ਤਾਂ ਹਫਤੇ ਦੇ ਅੰਦਰ ਅੰਦਰ ਹੀ ਦੀਨਾ ਨਾਥ ਨੂੰ ਨਾਲ ਲੈ ਕੇ ਪਿੰਡ ਆ ਜਾਣਾ ਸੀ, ਪਰ! ਦੀਨਾ ਨਾਥ ਤਾਂ ਕੀ ਦੁਰਗੀ ਵੀ ਵਾਪਸ ਨਾ ਆਈ। ਪਿੰਡ ਦੇ ਘੁਣਤਰੀ ਲੋਕ ਘੁਣਤਰਾਂ ਛੱਡਣ ਲੱਗੇ, "ਦੀਨਾ ਨਾਥ ਤਾਂ ਕੀ ਮੁੜਨਾ ਸੀ, ਸਗੋਂ ਦੁਰਗੀ ਵੀ ਹੱਥੋਂ ਗਈ...।" ਪਿੰਡ ਦੇ ਜੋ ਲੋਕ ਪਹਿਲਾਂ ਕਲਕੱਤੇ ਰਹਿ ਕੇ ਆਏ ਸੀ, ਉਹ ਪਿੰਡ ਵਿੱਚ ਕਲਕੱਤੇ ਬਾਰੇ, ਉੱਥੋਂ ਦੇ ਕੰਮਕਾਰ ਤੇ ਰਹਿਣ ਸਹਿਣ ਬਾਰੇ ਆਪੋ-ਆਪਣੇ ਵਿਚਾਰ ਪ੍ਰਗਟ ਕਰਦੇ ਹੋਏ, ਨਵੇਂ ਨਵੇਂ ਅਦੰਾਜ਼ੇ ਲਾ ਕੇ ਪਿੰਡ ਵਾਲਿਆਂ ਨੂੰ ਗੱਲਾਂ ਸੁਣਾਉਂਦੇ, ਤੇ ਪਿੰਡ ਵਾਲਿਆਂ ਦੀ ਸੋਚ ਦੇ ਘੋੜੇ ਸਰਪੱਟ ਦੌੜਦੇ ਵੇਖ ਕੇ ਉਹ ਸਵਾਦ ਲੈਂਦੇ।

ਢਾਈ ਤਿੰਨ ਮਹੀਨਿਆਂ ਬਾਅਦ ਦਿਨ ਛਿਪਾਅ ਨਾਲ ਦੁਰਗੀ ਤੇ ਦੀਨਾ ਨਾਥ ਪਿੰਡ ਆ ਗਏ, ਦੁਰਗੀ ਦੇ ਲਾਲ ਰੰਗ ਦਾ ਸੂਟ, ਲਾਲ ਗੋਟੇ ਵਾਲੀ ਚੁੰਨੀ, ਮੱਥੇ 'ਤੇ ਲਾਲ ਰੰਗ ਦਾ ਵੱਡਾ ਟਿੱਕਾ, ਸਾਰੀਆਂ ਉਂਗਲਾਂ ਵਿੱਚ ਰੰਗ ਬਰੰਗੇ ਨਗਾਂ ਵਾਲੀਆਂ ਛਾਂਪਾ ਪਾਈਆਂ ਹੋਈਆਂ 'ਤੇ ਦੋਵੇਂ ਬਾਹਵਾਂ ਲਾਲ ਚੂੜੀਆਂ ਨਾਲ ਭਰੀਆਂ ਹੋਈਆਂ, ਪੂਰਾ ਹਾਰ ਸ਼ਿੰਗਾਰ ਕੀਤਾ ਹੋਇਆ, ਜਿਵੇਂ ਨਵੀਂ ਬਹੂ ਮੁਕਲਾਵੇ ਆਈ ਹੋਵੇ। ਉੱਧਰ ਦੀਨਾ ਨਾਥ ਦੇ ਲੰਮਾ ਕੁੜਤਾ, ਡੱਬੀਦਾਰ ਲੂੰਗੀ ਅਤੇ ਸਿਰ ਉੱਤੇ ਪੱਗ, ਪੱਗ ਉੱਪਰ ਦੀ ਲਾਲ ਗੋਟੇ ਵਾਲੀ ਪੱਟੀ ਬੰਨ੍ਹੀ ਹੋਈ।

ਸਵੇਰੇ ਜਦੋਂ ਲੋਕ, ਦੁਰਗੀ ਤੇ ਦੀਨਾ ਨਾਥ ਦਾ ਹਾਲ-ਚਾਲ ਪੁੱਛਣ ਆਉਣ ਲੱਗੇ ਤਾਂ ਪਤਾ ਲੱਗਿਆ ਕਿ ਦੁਰਗੀ ਨੂੰ ਸਮੇਤ ਦੀਨਾ ਨਾਥ 'ਤੇ ਲਛਮਣ ਦਾ ਸਾਰਾ ਟੱਬਰ "ਮਾਈ" ਕਹਿ ਕੇ ਬੁਲਾਉਂਦਾ, ਉੱਧਰ ਦੁਰਗੀ ਪਹਿਲਾਂ ਨਾਲੋਂ ਘੱਟ ਬੋਲਣ ਲੱਗ ਪਈ ਸੀ, ਸਿਰਫ ਹਾਂ ਜਾਂ ਨਾਂਹ ਹੀ ਕਹਿੰਦੀ, ਮੁੱਲ ਦਾ ਹੀ ਬੋਲਦੀ, ਉਸ ਦੇ ਬੋਲਾਂ ਵਿੱਚ ਮਿਠਾਸ ਘੁਲੀ ਹੋਈ ਸੀ, ਜਿਵੇਂ ਮੂੰਹ ਵਿੱਚ ਮਿਸ਼ਰੀ ਰੱਖੀ ਹੋਵੇ, ਹਰ ਗੱਲ ਵਿੱਚ ਦੁਰਗੀ ਮੈਂ ਦੀ ਥਾਂ ਅਸੀਂ ਸ਼ਬਦ ਵਰਤ ਰਹੀ ਸੀ।

ਦੁਰਗੀ ਨੇ ਆਪਣੇ ਘਰ ਦੇ ਇੱਕ ਕਮਰੇ ਨੂੰ ਦੇਵੀ ਦੇਵਤਿਆਂ ਦੀਆਂ ਫੋਟੋਆਂ ਲਾ ਕੇ ਸਜਾ ਲਿਆ, ਇੱਕ ਕੰਧ ਨਾਲ ਗੱਦੀ ਲਾ ਕੇ ਧੂਫ ਸਮਗਰੀ ਲਾ ਦਿੱਤੀ। ਲੋਕਾਂ ਦੇ ਦੁੱਖ ਹਰਨ ਅਤੇ ਸਮੱਸਿਆਵਾਂ ਦਾ ਸਮਾਧਾਨ ਕਰਨ ਲਈ, ਦੁਰਗੀ ਹਰ ਐਤਵਾਰ ਨੂੰ ਗੱਦੀ 'ਤੇ ਬੈਠਣ ਲੱਗੀ "ਪੁੱਛਿਆ" ਦੇਣ, ਦੁਰਗੀ ਦੇ "ਏਜੰਟਾਂ" ਨੇ ਪੂਰੀ ਸਫਾਈ ਨਾਲ ਗੱਲ ਨੇੜੇ ਤੇੜੇ ਦੇ ਪਿੰਡਾਂ ਵਿੱਚ ਘੁੰਮਾ ਦਿੱਤੀ ਕਿ ਮਾਈ ਤਾਂ ਰੇਖ ਵਿੱਚ ਮੇਖ ਮਾਰਦੀ ਐ, ਗੱਦੀ 'ਤੇ ਬੈਠੀ ਅਗਲੇ ਦੇ ਘਰ ਦੀਆਂ ਕੜੀਆਂ ਬਾਲੇ ਗਿਣ ਦਿੰਦੀ ਐ। ਬਸ! ਫਿਰ ਕੀ ਸੀ ਦੁਰਗੀ ਦੇ "ਕੰਮ" ਦਾ ਯੱਕਾ ਵਧੀਆ ਰਿੜ੍ਹ ਪਿਆ। ਦੁਰਗੀ ਤੇ ਦੀਨਾ ਨਾਥ ਕਲਕੱਤਿਓਂ ਜਿਹੜਾ "ਹਥਿਆਰ" ਲੈ ਕੇ ਆਏ ਸੀ। ਉਸ ਦੇ ਪ੍ਰਭਾਵ ਨਾਲ ਹਰ ਐਤਵਾਰ ਨੂੰ ਦੁਖਿਆਰੀ ਸੰਗਤ ਦੂਰੋਂ ਦੂਰੋਂ ਆ ਕੇ ਜੁੜਨ ਲੱਗੀ।

ਲੋਕਾਂ ਦੇ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ ਦਾ ਸਮਾਧਾਨ ਹੋਇਆ ਭਾਵੇਂ ਨਾ ਹੋਇਆ, ਪਰ! ਦੁਰਗੀ ਦੇ ਘਰੋਂ ਦੁੱਖ ਭੁੱਖ, ਦਲਿੱਦਰ ਖੰਭ ਲਾ ਕੇ ਉੱਡ ਗਏ। ਹੁਣ ਤਾਂ ਦੀਨਾ ਨਾਥ ਨੇ ਪਿੰਡ ਵਿੱਚੋਂ ਇਹ ਸੂਹ ਲੈਣੀ ਵੀ ਸ਼ੁਰੂ ਕਰ ਦਿੱਤਾ ਸੀ ਕਿ ਕੌਣ ਲੋੜਬੰਦ ਚਾਰ ਸਿਆੜ ਵੇਚਦੈ, ਕਿਸ ਨੂੰ ਵਿਆਹ ਸਾਹਾ ਕਰਨ ਜਾਂ ਘਰੇਲੂ ਕੰਮਕਾਰ ਲਈ ਵਿਆਜੂ ਪੈਸਿਆਂ ਦੀ ਜਰੂਰਤ ਐ, ਕਿਉਂਕਿ ਕਿਰਪੇ ਅਮਲੀ ਦੇ ਕਹਿਣ ਵਾਂਗੂ "ਹੁਣ ਤਾਂ ਖੱਤਰੀਆਂ ਦੇ ਘਰ ਬੱਕਰੀ ਨੋਟ ਨੀ ਖਾਂਦੀ।" ਹੈ ਵੀ ਠੀਕ ਆਪਦੇ ਘਰ ਭਾਵੇਂ ਦੁਰਗੀ ਦੇ ਸਾਰੀ ਉਮਰ ਨਿੰਮ ਨੀ ਬੱਝਿਆ, ਪਰ! ਲੋਕਾਂ ਨੂੰ ਤਾਂ ਜੌੜੇ ਬਖਸਦੀ ਐ!

ਇਹ ਉਨ੍ਹਾਂ ਵੇਲਿਆਂ ਦਾ ਜਿਕਰ ਐ, ਜਦੋਂ ਪੰਜਾਬ ਵਿੱਚ ਅੱਤਵਾਦ ਜ਼ੋਰ ਫੜ ਰਿਹਾ ਸੀ ਆਮ ਲੋਕਾਂ ਨੂੰ ਧਾਰਮਿਕ ਜਨੂੰਨ ਦੇ ਨਾਲ ਨਾਲ ਸਰਕਾਰੀ ਅਤੇ ਗੈਰ-ਸਮਾਜਿਕ ਤੱਤਾਂ ਦੇ ਜ਼ੋਰ-ਜਬਰ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ। ਇੱਕ ਪਾਸੇ ਲੋਕ ਦਸਤਾਰਾਂ ਵਾਲਿਆ ਦੇ ਹਥਿਆਰਾਂ ਦੀ ਛਾਂ ਹੇਠ ਦਿਨ ਕਟੀ ਕਰ ਰਹੇ ਸਨ, ਦੂਸਰੇ ਪਾਸੇ ਸਟਾਰਾਂ ਵਾਲਿਆਂ ਦੀ ਦਹਿਸਤ ਵੀ ਕੋਈ ਘੱਟ ਨਹੀਂ ਸੀ। ਜਿੰਦਗੀ ਦੀ ਤੋਰ ਇਤਨੀ ਬੇ-ਯਕੀਨੀ ਨਾਲ ਤੁਰ ਰਹੀ ਸੀ, ਕਈ ਵਾਰ ਘਰੋਂ ਤੁਰਨ ਵਾਲੇ ਨੂੰ ਜਦੋਂ ਪੁੱਛੀਂਦਾ ਸੀ ਕਿ "ਵਾਪਸ ਕਦੋਂ ਆਊਂਗੇ?" ਅਗਲਾ ਸਹਿਜੇ ਹੀ ਕਹਿ ਦਿੰਦਾ "ਮੇਰੇ ਆਏ ਤੋਂ ਹੀ ਮੇਰੀ ਰੋਟੀ ਪਕਾਇਓ, ਜਾਂ, ਜੇਕਰ ਮੈਂ ਨਾ ਆਇਆ ਤਾਂ ਸਵੇਰੇ ਅਖਬਾਰ ਜ਼ਰੂਰ ਪੜ੍ਹ ਲੈਣਾ।" ਕਿਸੇ ਨੂੰ ਘਰੋਂ ਨਿਕਲਣ ਤੋਂ ਬਾਅਦ ਆਪਣੀ ਜਿੰਦਗੀ ਦੀ ਚਲਦੀ ਗੱਡੀ ਦਾ ਕੋਈ ਭਰੋਸਾ ਨਹੀਂ ਸੀ ਕਿ ਕਿਸ ਮੋੜ 'ਤੇ...?

ਇਨ੍ਹਾਂ ਹੀ ਦਿਨਾਂ ਵਿੱਚ ਤਰਕਸ਼ੀਲ ਲਹਿਰ ਨੇ ਪੰਜਾਬ ਵਿੱਚ ਅੰਗੜਾਈ ਲਈ, ਹਰ ਰੋਜ਼ ਹੀ ਅਖਬਾਰਾਂ ਵਿੱਚ ਖਬਰਾਂ ਛਪਦੀਆਂ, "ਭੂਤ ਭਜਾਊ ਸੰਸਥਾ ਦੀ ਚੋਣ ਹੋਈ", ... ਤਰਕਸ਼ੀਲਾਂ ਨੇ ਪਿੰਡੋਂ ਬਾਹਰ ਬਣੀ ਮਟੀ ਢਾਹ ਕੇ ਇੱਟਾਂ ਸਕੂਲ ਵਿੱਚ ਲਾਈਆਂ, ... ਤਰਕਸ਼ੀਲ

ਸੁਸਾਇਟੀ ਵਲੋਂ ਅਖੌਤੀ ਸਾਧਾਂ ਨੂੰ ਖੁੱਲ੍ਹਾ ਚੈਲਿਜ਼,... ਕਰਾਮਾਤਾਂ ਦੇ ਨਾਂ ਹੇਠ ਲੋਕਾਂ ਦੀ ਲੁੱਟ ਬੰਦ ਕਰਵਾਈ ... ਇੱਟਾ ਰੋੜੇ ਡਿੱਗਣ ਦਾ ਕੇਸ ਹੱਲ ਕੀਤਾ,... ਘਰ ਦਾ "ਭੂਤ" ਹੀ ਅੱਗ ਲਾਉਂਦਾ ਫੜਿਆ.. ਇੱਕ "ਮਾਨਸਿਕ ਰੋਗੀ" ਸਾਧ ਦੀ ਚੁੰਗਲ 'ਚੋਂ, ਛੁਡਾਇਆ। ਇਨ੍ਹਾਂ ਖਬਰਾਂ ਨੂੰ ਨਵੀਂ ਪੀੜ੍ਹੀ ਖਾਸ ਕਰ ਉਹ ਲੋਕ ਜਿੰਨ੍ਹਾਂ ਦੀ ਸੋਚ ਵਿਗਿਆਨਕ ਸੇਧ ਰਖਦੀ ਸੀ, ਚਟਕਾਰੇ ਲੈ ਲੈ ਕੇ ਪੜ੍ਹਦੇ 'ਤੇ ਦੂਸਰਿਆਂ ਨੂੰ ਇਹੋ ਜਿਹੀਆਂ ਖਬਰਾਂ ਸੁਣਾਕੇ ਇੱਕ ਸਕੂਨ ਜਿਹਾ ਮਹਿਸੂਸ ਕਰਦੇ।

ਇੱਕ ਦਿਨ ਗੰਜਾ ਕਾਮਰੇਡ ਸਾਡੇ ਪਿੰਡ ਦੀ ਪਾਰਟੀ ਬ੍ਰਾਂਚ ਦੀ ਮੀਟਿੰਗ ਕਰਵਾਉਣ ਆਇਆ। ਮੀਟਿੰਗ ਤੋਂ ਬਾਅਦ ਉਸ ਨੇ ਸਾਨੂੰ ਇੱਕ ਕਿਤਾਬ ਪੜਨ ਲਈ ਦਿੱਤੀ ਜੋ ਸ੍ਰੀ ਲੰਕਾਂ ਦੇ ਪ੍ਰਸਿਧ ਤਰਕਸ਼ੀਲ ਵਿਦਵਾਨ ਡਾ. ਟੀ. ਆਰ ਕਾਵੂਰ ਦੀ ਲਿਖੀ ਹੋਈ ਕਿਤਾਬ ਦਾ ਪੰਜਾਬੀ ਅਨੁਵਾਦ ਸੀ, "... ਤੇ ਦੇਵ ਪੁਰਸ਼ ਹਾਰ ਗਏ।" ਇਸ ਕਿਤਾਬ ਨੂੰ ਪੜ੍ਹਨ ਲਈ ਜਿੱਥੇ ਉਸ ਨੂੰ ਜੋਰਦਾਰ, ਸ਼ਬਦਾ ਵਿੱਚ ਅਪੀਲ ਕੀਤੀ, ਉੱਥੇ ਨਾਲ ਹੀ ਇਹ ਕਿਤਾਬ ਇੱਕ ਹਫਤੇ ਵਿੱਚ ਹੀ ਪੜ੍ਹਕੇ ਵਾਪਸ ਕਰਨ ਦੀ ਬੇਨਤੀ ਵੀ ਕੀਤੀ।

ਇਸ ਕਿਤਾਬ ਦਾ ਪਹਿਲਾ ਚਮਤਕਾਰ ਇਹ ਹੋਇਆ ਕਿ ਜੋ ਵੀ ਸਖ਼ਸ਼ ਇਸ ਨੂੰ ਪੜ੍ਹਨ ਬੈਠਦਾ, ਉਹ ਹੋਰ ਸਾਰੇ ਕੰਮ ਠੱਪ ਕਰ ਦਿੰਦਾ ਪਰ! ਕਿਤਾਬ ਪੜ੍ਹਕੇ ਹੀ ਦਮ ਲੈਂਦਾ, ਸੱਚ ਜਾਣਿਓ, ਇਹ ਕਿਤਾਬ ਅਸੀਂ ਦਿਨ ਰਾਤ ਇੱਕ ਕਰਕੇ, ਇੱਕ ਹਫਤੇ ਵਿੱਚ ਹੀ ਬਹੁਤ ਸਾਰੇ ਸਾਥੀਆਂ ਨੇ ਪੜ੍ਹ ਲਈ।

ਦੂਸਰਾ ਚਮਤਕਾਰ ਇਹ ਹੋਇਆ ਕਿ ਆਪਣੇ ਸਿਆਸੀ ਰੁਝੇਵਿਆਂ ਕਾਰਨ ਗੰਜਾ ਕਾਮਰੇਡ ਤਾਂ ਭਾਵੇਂ ਦੋ ਹਫਤਿਆਂ ਬਾਅਦ ਵੀ ਸਾਡੇ ਕੋਲ ਨਾ ਆਇਆ ਪਰ! ਅਸੀਂ ਦਸਵੇਂ ਬਾਰਵੇਂ ਦਿਨ ਹੀ, ਇੱਕ ਮੀਟਿੰਗ ਕਰਕੇ ਤਰਕਸ਼ੀਲ ਸੁਸਾਇਟੀ ਬਣਾ ਲਈ, ਸਿਆਸੀ ਪਾਰਟੀ ਦੇ ਕਾਰਕੁਨ ਹੋਣ ਕਾਰਣ ਜਥੇਬੰਦਕ ਢਾਂਚੇ ਬਾਰੇ ਸਾਡਾ ਤਜਰਬਾ ਕੰਮ ਆਇਆ, ਅਸੀਂ ਬਕਾਇਦਗੀ ਨਾਲ ਚੋਣ ਕਰਕੇ, ਅਖਬਾਰਾਂ ਨੂੰ ਭੇਜ ਦਿੱਤੀ, ਅਤੇ ਕਿਤਾਬ ਵਿੱਚ ਛਪੀਆ ਸ਼ਰਤਾਂ ਦੇ ਅਧਾਰ ਉੱਤੇ ਇੱਕ ਇਸਤਿਹਾਰ "ਕਰਾਮਾਤੀਆਂ ਨੂੰ ਚੈਲਿੰਜ਼" ਦੇ ਨਾਂ ਹੇਠ ਲਿਖਤ ਤਿਆਰ ਕਰਕੇ ਪਿੰਡ ਦੀਆਂ ਸਾਂਝੀਆਂ ਥਾਵਾਂ ਉੱਤੇ ਚਿਪਕਾ ਦਿੱਤਾ। ਇਸ ਹੱਥ ਲਿਖਤ ਇਸਤਿਹਾਰ ਨੂੰ ਲੋਕ ਅਲੋਕਾਰੀ ਮਜਬੂਨ ਸਮਝ ਕੇ ਪੜ੍ਹਦੇ, ਖਾਸ ਕਰ ਤਰਕਸ਼ੀਲ ਸੁਸਾਇਟੀ ਤੇ ਇਸ ਦੇ ਕੰਮ ਢੰਗ ਤੇ ਕਾਰਜ ਖੇਤਰ ਸਬੰਧੀ ਪੜ੍ਹੇ ਲਿਖੇ ਲੋਕ ਵੀ ਜਾਣਕਾਰੀ ਹਾਸਲ ਕਰਦੇ।

ਗੰਜੇ ਕਾਮਰੇਡ ਨੇ ਅਖਬਾਰਾਂ ਵਿੱਚ ਸਾਡੀ ਤਰਕਸ਼ੀਲ ਸੁਸਾਇਟੀ ਦੀਆਂ ਸਰਗਰਮੀਆਂ ਸਬੰਧੀ ਖਬਰਾਂ ਛਪੀਆਂ ਤੋਂ ਅਗਾਊਂ ਹੀ ਅਨੁਮਾਨ ਲਾਉਂਦੇ ਨੇ ਸਾਡੀ ਬ੍ਰਾਂਚ ਲਈ ਤਰਕਸ਼ੀਲ ਸੁਸਾਇਟੀ ਦੀ ਸੂਬਾ ਕਮੇਟੀ ਤੋਂ ਦਾਖਲਾ ਫਾਰਮ (ਪ੍ਰਣ ਪੱਤਰ) ਲਿਆ ਕੇ ਪ੍ਰਣ ਪੱਤਰ ਭਰਵਾ ਕੇ ਸਮੇਤ ਦਾਖਲਾ ਫੀਸ ਉਹ ਨਾਲ ਹੀ ਲੈ ਗਿਆ। ਉਸ ਨੂੰ ਡਰ ਸੀ ਕਿ ਇਸ ਬ੍ਰਾਂਚ ਦੇ ਸਾਥੀ ਜੋਸ ਵਿੱਚ ਆ ਕੇ, ਹੋਸ ਦੀ ਘਾਟ ਕਰਨ ਕੋਈ ਇਹੋ ਜਿਹਾ ਮੁੱਦਾ ਨਾ ਉਠਾ ਲੈਣ ਜੋ ਆਮ ਲੋਕਾਂ ਦੀਆਂ ਨਜ਼ਰਾਂ ਵਿੱਚ ਗਲਤ ਸਮਝਿਆ ਜਾਂਦਾ ਹੋਵੇ, ਤੇ ਪਿੰਡ ਦੀ ਬ੍ਰਾਂਚ ਲਈ ਸਿਰ ਦਰਦੀ ਬਣ ਜਾਵੇ। ਇਸ ਲਈ ਬ੍ਰਾਂਚ ਨੂੰ ਸੂਬਾ ਕਮੇਟੀ ਨਾਲ ਜੋੜਨਾ ਜਰੂਰੀ ਸੀ, ਤਾਂ ਕਿ ਕਿਸੇ ਔਖੀ ਘੜੀ ਵਿੱਚ ਸੂਬਾ ਕਮੇਟੀ ਦੀ ਮਦਦ ਲਈ ਜਾ ਸਕੇ।

ਸਾਡੀ ਬ੍ਰਾਂਚ ਸੂਬਾ ਕਮੇਟੀ ਨਾਲ ਜਦੋਂ ਜੁੜ ਗਈ, ਜਾਣੋ ਸਾਨੂੰ ਤਾਂ ਖੰਭ ਜਿਹੇ ਹੀ ਲੱਗ ਗਏ, ਪੂਰੇ ਪੰਜਾਬ ਵਿੱਚ ਹੋਣ ਵਾਲੀਆਂ ਤਰਕਸ਼ੀਲ ਸਰਗਰਮੀਆਂ ਸਾਨੂੰ ਸਾਡੀਆਂ ਆਪਣੀਆਂ ਹੀ ਲਗਦੀਆਂ। ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚ ਜੇਕਰ ਤਰਕਸ਼ੀਲ ਕਿਸੇ ਸਾਧ ਦੀ "ਪੁੱਠੀ ਛਾਲ" ਲਗਵਾਉਂਦੇ, ਉਸ ਪੁੱਠੀ ਛਾਲ ਸਬੰਧੀ ਖਬਰ ਪੜ੍ਹਕੇ ਸਾਡੇ ਪੈਰ ਧਰਤੀ ਉੱਤੇ ਨਾ ਲਗਦੇ, ਅਸੀਂ ਆਪਣੇ ਆਪ ਨੂੰ ਹਵਾ ਵਿੱਚ ਉੱਡਦੇ ਮਹਿਸੂਸ ਕਰਦੇ।

ਹਾਂ ਸੱਚ! ਮੈਂ ਤੁਹਾਨੂੰ ਇਹ ਦੱਸਣਾ ਭੁੱਲ ਗਿਆ ਕਿ ਪੰਜਾਬ ਦੇ ਹੋਰਨਾ ਪਿੰਡਾਂ ਵਾਂਗ ਸਾਡਾ ਪਿੰਡ ਵੀ ਸਿਆਸਤ ਦੇ ਘੋੜੇ ਚੜ੍ਹਦੇ, ਦੋ ਤਿੰਨ ਧੜਿਆਂ ਵਿੱਚ ਵੰਡਿਆ ਹੋਇਐ, ਪਿੰਡ ਦਾ ਪੂਰਾ ਅੱਧ ਤਾਂ ਲਾਲ ਝੰਡੇ ਵਾਲਿਆ ਦਾ ਹਿਮਾਇਤੀਐ 'ਤੇ ਬਾਕੀ ਦਾ, ਪੰਜੇ, ਤੱਕੜੀ ਤੇ ਹਾਥੀ ਦੀ ਹਿਮਾਇਤ ਵਿੱਚ ਭਰੋਸਾ ਰਖਦੈ, ਕਈ ਵਾਰ ਤਾਂ ਪਿੰਡ ਦੇ ਕਿਸੇ ਮੁੱਦੇ ਨੂੰ ਲੈ ਕੇ ਹਿੰਦੂਆਂ ਨੇ ਕਦਾ-ਚਿੱਤ ਨੀ ਕਰਨੀ, ਭਾਵੇਂ ਹੇਠਲੀ ਉੱਤੇ ਆ ਜਾਵੇ...।

ਤਰਕਸ਼ੀਲ ਸੁਸਾਇਟੀ ਵਲੋਂ, ਪਿੰਡ ਵਿੱਚ ਲੱਗ ਰਹੀ ਖੱਤਰੀਆਂ ਦੇ ਘਰ ਦੁਰਗੀ ਦੀ ਚੌਂਕੀ ਦਾ ਨੋਟਿਸ ਲੈਂਦਿਆ, ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਖੱਤਰੀਆਂ ਦੇ ਘਰ ਪੁੱਛਿਆ ਲੈਣ ਵਾਲਿਆ ਦਾ ਜਦੋਂ ਪੂਰਾ 'ਕੱਠ ਹੋਵੇ, ਉਸ ਵਕਤ ਦੁਰਗੀ ਨੂੰ ਸਵਾਲ ਕੀਤੇ ਜਾਣ, ਕਰਾਮਾਤ ਜਾਂ ਕੋਈ ਚਮਤਕਾਰ ਵਿਖਾਉਣ ਲਈ ਕਿਹਾ ਜਾਵੇ। ਇਹ ਵੀ ਤਹਿ ਕੀਤਾ ਗਿਆ ਕਿ ਸਵਾਲ ਕੌਣ ਕੌਣ ਕਰਨਗੇ, ਵਿਸ਼ੇਸ਼ ਗੱਲ ਇਹ ਕਹੀ ਗਈ ਕਿ ਪੂਰੇ ਠਰੰਮੇ ਤੇ ਸਹਿਣਸ਼ੀਲਤਾ ਤੋਂ ਕੰਮ ਲਿਆ ਜਾਵੇ, ਕੋਈ ਵੀ ਤਲਖ-ਕਲਾਮੀ ਨਾ ਕੀਤੀ ਜਾਵੇ, ਜੋਸ ਨੂੰ ਹੋਸ ਉੱਤੇ ਭਾਰੂ ਨਾ ਪੈਣ ਦਿੱਤਾ ਜਾਵੇ, ਸੁਸਾਇਟੀ ਦੇ ਸਭ ਮੈਂਬਰ ਉੱਥੇ ਹਾਜ਼ਰ ਹੋਣ।

ਮੂਹਰਲੇ ਐਤਵਾਰ ਨੂੰ ਤਰਕਸ਼ੀਲ ਸ਼ਾਮ ਦੇ ਦੋ ਢਾਈ ਵਜੇ ਦੇ ਕਰੀਬ, ਇੱਕ ਬੰਦਾ ਭੇਜ ਕੇ ਪਤਾ ਕੀਤਾ ਗਿਆ, ਖੱਤਰੀਆ ਦਾ ਘਰ ਸ਼ਰਧਾਲੂਆ ਨਾਲ ਭਰਿਆ ਹੋਇਆ ਸੀ 'ਤੇ ਦੁਰਗੀ ਗੱਦੀ 'ਤੇ ਬੈਠੀ ਲੋਕਾਂ ਦੇ ਦੁੱਖ ਹਰ ਰਹੀ ਸੀ, ਸੁਸਾਇਟੀ ਦੇ ਮੈਂਬਰ ਵੀ ਇੱਕਠ ਵਿੱਚ ਅਛੋਪਲੇ ਜਿਹੇ ਜਾ ਬੈਠੇ।

ਸੱਬਬ ਨਾਲ ਹੀ ਬਠਿੰਡੇ ਜ਼ਿਲੇ ਦਾ ਇੱਕ ਸ਼ਰਧਾਲੂ ਜਿਸ ਦੀ ਇਹ ਗਿਆਰਵੀਂ ਚੌਂਕੀ ਸੀ, ਜੋ ਕਿਸੇ ਅੰਦਰੂਨੀ ਗੰਭੀਰ ਰੋਗ ਦਾ ਮਰੀਜ਼ ਸੀ, ਮਾਈ ਨੇ ਇਸ ਮਰੀਜ਼ ਦੇ ਢਿੱਡ ਵਿੱਚੋਂ ਇਸ ਵਾਰ ਤਾਂਬੀਜ ਕੱਢਣਾ ਸੀ, ਜੋ ਮਾਈ ਦੇ ਕਹਿਣ ਅਨੁਸਾਰ ਮਰੀਜ਼ ਨੂੰ ਕਿਸੇ ਖਾਸ ਨਜ਼ਦੀਕੀ ਨੇ ਪੁਰਾਣੀ ਦੁਸ਼ਮਣੀ ਕੱਢਣ ਲਈ ਉਸ ਨੂੰ ਚੋਰੀਓਂ ਖਵਾਇਆ ਸੀ।

ਮਾਈ ਦੀ ਗੱਦੀ ਮੂਹਰੇ ਲੰਮਾ ਪਾ ਕੇ ਮਰੀਜ਼ ਦਾ ਪੇਟ ਨੰਗਾ ਕਰ ਦਿੱਤਾ, ਮਾਈ ਦੁਰਗੀ ਨੇ ਪਹਿਲਾਂ ਆਪਣਾ ਸਿਰ ਪੂਰੇ ਜ਼ੋਰ ਨਾਲ ਘੁੰਮਾਇਆ, ਦੁਰਗੀ ਦੇ ਕਲਫ ਕੀਤੇ ਸਾਹ ਲੰਮੇ ਵਾਲ ਹਵਾ ਘੁੰਮ ਰਹੇ ਸਨ ਤੇ ਫਿਰ ਉਸ ਨੇ ਅੱਖਾਂ ਬੰਦ ਕਰਕੇ ਲੰਮੇ ਸਾਹ ਭਰੇ, ਹਵਾ ਵਿੱਚ ਹੱਥ ਇਸ ਮੁੱਦਰਾ ਵਿੱਚ ਲਹਿਰਾਏ, ਜਿਵੇਂ ਕਿਸੇ ਤੋਂ ਕੋਈ ਚੀਜ਼ ਫੜ ਰਹੀ ਹੋਵੇ, ਅਤੇ ਫਿਰ ਕੋਈ ਚੀਜ਼ ਵਾਪਸ ਫੜਾ ਰਹੀ ਹੋਵੇ।

ਦੁਰਗੀ ਨੇ ਅਚਾਨਕ ਇੱਕ ਦਮ ਝਪਟ ਮਾਰਨ ਵਾਂਗੂੰ ਮਰੀਜ਼ ਦੇ ਪੇਟ ਉੱਪਰ ਝੁੱਕ ਕੇ ਉਸ ਦੇ ਪੇਟ ਉੱਤੇ ਮੂੰਹ ਨਾਲ ਇਉਂ ਚੱਕ ਮਾਰ ਕੇ ਚੂਸਣ ਲੱਗੀ ਜਿਵੇਂ ਕੋਈ ਕਿਸੇ ਦਾ ਚੁੰਮਣ ਲੈਂਦੈ। ਦੋ ਤਿੰਨ ਮਿੰਟ ਇਸੇ ਮੁਦਰਾ ਵਿੱਚ ਰਹਿਣ ਬਾਅਦ ਦੁਰਗੀ ਨੇ ਢੂਹੀ ਤੇ ਗਰਦਨ ਸਿੱਧੀ ਕੀਤੀ, ਉਸ ਦਾ ਸਾਹ ਤੇ ਮੂੰਹ ਫੁੱਲਿਆ ਹੋਇਆ ਸੀ, ਦੁਰਗੀ ਨੇ ਇਸ਼ਾਰਾ ਕੀਤਾ ਸਟੀਲ ਦੀ ਕੌਲੀ ਹਾਜ਼ਰ ਕੀਤੀ ਗਈ, ਦੁਰਗੀ ਨੇ ਉਸ ਕੌਲੀ ਵਿੱਚ ਆਪਣੇ ਮੂੰਹ 'ਚੋਂ ਸਾਰਾ ਪਾਣੀ ਉਲੱਦ ਦਿੱਤਾ। ਜਿਸ ਵਿੱਚ ਇੱਕ ਕਾਗਜ਼ ਦਾ ਟੁੱਕੜਾ ਵੀ ਸੀ।

ਗੱਦੀ ਦੇ ਨਜਦੀਕੋਂ ਹੀ ਇੱਕ ਨਾਰ੍ਹਾ ਉਭਰਿਆ ਜੋ ਦੁਰਗੀ ਦੇ ਕਿਸੇ ਖਾਸ ਨੇ ਲਾਇਆ ਸੀ-"ਬੋਲ ਮਹਾਂ ਮਾਈ ਦੀ," ਸੰਗਤ ਨੇ ਜਵਾਬ ਦਿੱਤਾ, "ਜੈ।"

ਦੁਰਗੀ ਨੇ ਉਸ ਸਰਧਾਲੂ-ਨੁਮਾ-ਮਰੀਜ਼ ਨੂੰ ਇਸ਼ਾਰੇ ਨਾਲ ਉਠ ਕੇ ਬੈਠਣ ਲਈ ਕਿਹਾ 'ਤੇ ਉਹ ਇੱਕ ਪਾਸੇ ਹੋ ਕੇ ਬੈਠ ਗਿਆ। ਮਰੀਜ਼ ਦੇ ਢਿੱਡ ਵਿੱਚੋਂ ਨਿਕਲੇ ਤਾਬੀਜ਼ ਦੇ ਦਰਸ਼ਨ, ਇੱਕ ਸ਼ਰਧਾਲੂ ਸੰਗਤ ਨੂੰ ਕਰਵਾ ਰਿਹਾ ਸੀ, ਸੰਗਤ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ ਸੀ। ਤਾਬੀਜ਼ ਵਾਲੀ ਸਟੀਲ ਦੀ ਕੌਲੀ ਜਿੱਧਰ ਵੀ ਸੰਗਤ ਵੱਲ ਜਾਂਦੀ, ਸੰਗਤ ਸੁੰਗੜ ਕੇ ਪਿੱਛੇ ਹਟ ਜਾਂਦੀ।

ਤਾਬੀਜ ਵਾਲੀ ਕੌਲੀ ਜਦੋਂ ਸੁਸਾਇਟੀ ਦੇ ਪ੍ਰਧਾਨ ਦੇ ਨੇੜੇ ਆਈ ਤਾਂ ਉਸ ਨੇ ਕੌਲੀ ਫੜ ਲਈ, ਤਾਬੀਜ ਦੀ ਪਰਖ ਕਰਨ ਲਈ

ਜਦੋਂ ਕਾਗਜ ਦਾ ਟੁਕੜਾ ਉਸ ਨੇ ਕੌਲੀ ਵਿੱਚੋਂ ਚੁਕਿਆ ਤਾਂ ਜੁੜੀ ਹੋਈ ਸੰਗਤ ਨੇ ਤਾਂ ਹੈਰਾਨ ਹੋਣਾ ਹੀ ਸੀ, ਪ੍ਰਧਾਨ ਦੀ ਤਾਬੀਜ਼ ਵੇਖ ਕੇ ਖੁਦ ਹੈਰਾਨ ਰਹਿ ਗਿਆ, ਪ੍ਰਧਾਨ ਨੇ ਮਨ ਹੀ ਮਨ ਵਿੱਚ ਕਿਹਾ, "ਵਾਹ! ਕਿਆ ਅਣਪੜ ਚਲਾਕੀ ਐ।"

ਕਿਉਂਕਿ ਅੱਜ ਦੇ ਇਸ ਫਰਾੜ ਦਾ ਪ੍ਰਦਾਫਾਸ਼ ਕਰਨ ਲਈ ਇਹੋ ਤਾਬੀਜ ਦਾ ਸਬੂਤ ਹੀ ਕਾਫੀ ਸੀ।

ਪ੍ਰਧਾਨ ਆਪਣੀ ਜਗ੍ਹਾ ਖੜਾ ਹੁੰਦਾ ਬੋਲਿਐ, "ਮਾਈ ਤੈਂ ਕਿਹੈ, ਇਹ ਤਾਬੀਜ ਜੋ ਇਸ ਬੰਦੇ ਦੇ ਢਿੱਡ 'ਚੋਂ ਕੱਢਿਐ, ਇਹ ਦੋ ਸਾਲ ਪਹਿਲਾ, ਇਸ ਨੂੰ ਕਿਸੇ ਦੁਸ਼ਮਣ ਨੇ ਧੋਖੇ ਨਾਲ ਖਵਾਇਐ?"

"ਹਾਂ ਅਸੀਂ ਸੱਚ ਕਹਿੰਦੇ ਆਂ" ਦੁਰਗੀ ਨੇ ਆਪਣੀ ਗੱਲ ਦੀ ਪ੍ਰੋੜਤਾ ਕਰਨ ਲਈ ਓਪਰੀ ਅਵਾਜ਼ ਵਿੱਚ ਗੜ੍ਹਕੇ ਨਾਲ ਕਿਹਾ।

"ਇਸ ਕਾਗਜ ਦੇ ਪੁਰਜੇ ਉਪਰ ਤਾਂ ਛਪਿਆ ਹੋਇਆ ਦਸ ਅਕਤੂਬਰ ਐਤਵਾਰ ਚੰਡੀਗੜ੍ਹ; ਇਹ ਤਾਂ ਅੱਜ ਦੇ ਅਖਬਾਰ ਦਾ ਹੀ ਟੁਕੜੈ, ਜੋ ਤੈਂ ਦੰਦਾ ਨਾਲ ਚਿੱਥ ਕੇ ਤਾਬੀਜ਼ ਬਣਾ ਦਿੱਤੈ", ਪ੍ਰਧਾਨ ਨੇ ਠਰੰਮੇ ਨਾਲ ਕਿਹਾ।

ਦੁਰਗੀ ਨੇ ਅਚਾਨਕ ਹੀ ਜੋਰ ਜੋਰ ਦੀ ਫਿਰ ਸਿਰ ਘੁੰਮਾਉਣਾ ਸ਼ੁਰੂ ਕਰ ਦਿੱਤਾ, ਤਾਂ ਕਿ ਉਸਦਾ ਪਹਿਲਾਂ ਵਾਲਾ ਪ੍ਰਭਾਵ ਬਣਿਆ ਰਹੇ।

ਪ੍ਰਧਾਨ ਕਹਿੰਦਾ "ਮਾਈ ਆਹ ਸਿਰ ਘੁੰਮਾਉਣਾ ਬੰਦ ਕਰ, ਸਾਡੀ ਗੱਲ ਦਾ ਧਿਆਨ ਨਾਲ ਜਵਾਬ ਦੇ।"

ਸਕੱਤਰ ਆਪਣੀ ਜਗ੍ਹਾ ਤੋਂ ਖੜਾ ਹੋ ਕੇ ਬੋਲਿਆ, "ਜਿਸ ਦੇ ਢਿੱਡ 'ਚੋਂ ਇਹ ਤਾਬੀਜ਼ ਕੱਢਿਐ, ਉਸ ਦੇ ਢਿੱਡ ਵਿੱਚ ਸੁਰਾਖ ਤਾਂ ਹੋ ਗਿਆ ਹੋਊ, ਜੇ ਸੁਰਾਖ ਹੋਇਆ ਹੋਊ ਤਾਂ ਯਕੀਨਨ ਖ਼ੂਨ ਵੀ ਨਿਕਲ ਰਿਹਾ ਹੋਊ ਚਲੋ ਦੇਖ ਲੈਂਦੇ ਆ...?

ਪ੍ਰਧਾਨ ਨੇ ਬੜੇ ਪਿਆਰ ਨਾਲ ਮਰੀਜ਼ ਨੂੰ ਖੜੇ ਹੋ ਕੇ ਆਪਣਾ ਪੇਟ ਨੰਗਾ ਕਰਨ ਲਈ ਕਿਹਾ।

ਮਰੀਜ ਝਕਦਾ ਝਕਦਾ ਖੜਾ ਹੋ ਗਿਆ ਤੇ ਉਸ ਨੇ ਆਪਣਾ ਪੇਟ ਨੰਗਾ ਕਰ ਦਿੱਤਾ, ਪੇਟ ਬਿਲਕੁਲ ਸਾਫ ਸੀ, ਜਿੱਥੇ ਮਾਈ ਨੇ ਚੱਕ ਮਾਰਿਆ ਸੀ, ਉਹ ਥਾਂ ਬਾਕੀ ਦੇ ਪੇਟ ਨਾਲੋਂ ਕੁੱਝ ਲਾਲ ਜਰੂਰ ਸੀ।

ਸੁਸਾਇਟੀ ਦਾ ਮੀਤ ਪ੍ਰਧਾਨ ਬੋਲਿਆ,"ਇਸ ਦਾ ਮਤਲਬ ਐ, ਇਹ ਤਬੀਜ-ਨੁਮਾ ਕਾਗਜ ਦਾ ਟੁਕੜਾ ਪਹਿਲਾ ਹੀ ਮਾਈ ਦੇ ਮੂੰਹ ਵਿੱਚ ਸੀ, ਲੋਕਾਂ ਨੂੰ ਬੁੱਧੂ ਬਣਾਇਆ ਜਾ ਸਕਦੈ, ਇਹ ਤਾਂ ਭੋਲੇ ਹੁੰਦੇ ਨੇ, ਪਰ ਇਹ ਤਰਕਸ਼ੀਲਾਂ ਨੂੰ ਬੁੱਧੂ ਨੀ ਬਣਾ ਸਕਦੀ।

ਦੁਰਗੀ ਸਾਰੀਆ ਚੋਰ-ਚਤਰਾਈਆਂ, ਛੱਡ ਕੇ ਆਪਣੀ ਇੱਜਤ-ਆਬਰੂ ਬਚਾਉਣ ਲਈ ਸੋਚਣ ਲੱਗੀ ਨੇ ਇੱਕ ਮਿੰਟ ਵੀ ਨਾ ਲਾਇਆ, ਸਾਰੇ ਵਲ ਛੱਡ ਕੇ ਹੱਥ ਜੋੜ ਕੇ ਗੱਦੀ ਤੋਂ ਹੇਠਾਂ ਉੱਤਰ ਕੇ ਖੜੀ ਹੋ ਗਈ।

ਪ੍ਰਧਾਨ ਨੇ ਪੁੱਛਿਆ "ਮਾਈ ਤੇਰੇ ਕੋਲ ਕੋਈ ਗੈਬੀ ਸ਼ਕਤੀ ਜਾਂ ਕਰਾਮਾਤ ਹੈ ਜੋ ਸਾਨੂੰ ਵਿਖਾ ਸਕੇ"?

"ਨਾ ਭਾਈ ਮੇਰੇ ਕੋਲ ਕੋਈ ਸ਼ਕਤੀ ਸ਼ੁਕਤੀ ਨੀ, ਨਾ ਕੋਈ ਕਰਾਮਾਤ ਐ, "ਦੁਰਗੀ ਨੇ ਹੱਥ ਜੋੜੇ।

"ਫਿਰ ਇਹ ਸਭ ਕੀ ਐ" ਸਕੱਤਰ ਬੋਲਿਆ।

"ਭਾਈ ਇਹ ਤਾਂ ਤੋਰੀ ਫੁਲਕਾ ਚਲਾਉਣ ਦਾ ਢੰਗ ਐ, ਮੈਨੂੰ ਮੁਆਫੀ ਦਿਓ, ਮੈਂ ਅੱਗੇ ਤੋਂ ਤੋਬਾ ਕਰਦੀ ਆਂ," ਦੁਰਗੀ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ, ਦੁਰਗੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆ ਸਨ, 'ਤੇ ਜਬਾਨ ਲੜਖੜਾ ਰਹੀ ਸੀ, ਕੰਨਾਂ ਵਿੱਚ ਸੀਟੀਆਂ ਵੱਜ ਰਹੀਆਂ ਸਨ, ਦੁਰਗੀ ਨੂੰ ਲਗਦਾ ਸੀ ਕਿ ਉਹ ਖੜੀ ਖੜੀ ਧਾੜ ਦੇਣੇ ਧਰਤੀ 'ਤੇ ਡਿੱਗ ਪਵੇਗੀ।

ਪ੍ਰਧਾਨ ਨੇ ਆਪਣੀ ਗੱਲ ਮੁਕਾਉਂਦੇ ਨੇ ਕਿਹਾ, "ਦੇਖ ਮਾਈ ਸਾਡੀ ਤੇਰੇ ਨਾਲ ਕੋਈ ਨਿੱਜੀ ਰੰਜਸ਼ ਨਹੀ, ਪਰ! ਤੂੰ ਹੁਣ ਇਹ ਝੂਠ ਦੀ ਦੁਕਾਨ ਬੰਦ ਕਰਦੇ।"

ਸੰਗਤ ਵਿੱਚ ਹਲ-ਚਲ ਮੱਚ ਗਈ, ਲੋਕ ਉਠ ਕੇ ਆਪੋ-ਆਪਣੇ ਘਰਾਂ ਨੂੰ ਤੁਰ ਗਏ, ਕੁੱਝ ਆਪੋ ਆਪਣੇ ਰਾਹ ਪੈ ਗਏ। ਤਰਕਸ਼ੀਲ ਸੁਸਾਇਟੀ ਦੇ ਮੈਂਬਰ ਦੁਰਗੀ ਦੇ ਘਰੋਂ ਬਾਹਰ ਆ ਗਏ, ਇੱਕ ਜਿੱਤ ਦਾ ਨਸ਼ਾ ਜਿਹਾ ਉਨ੍ਹਾਂ ਸਾਰਿਆ ਦੇ ਚਿਹਰਿਆ ਉੱਤੇ ਦਿਸ ਰਿਹਾ ਸੀ।

ਉਸੇ ਦਿਨ ਦੇਰ ਰਾਤ ਨੂੰ ਦੁਰਗੀ ਦੇ ਘਰ, ਦੁਰਗੀ ਨਾਲ ਹਮਦਰਦੀ ਦਿਖਾਉਣ ਲਈ ਅਤੇ ਤਰਕਸ਼ੀਲ ਸੁਸਾਇਟੀ ਦੀ ਇਸ ਉੱਠ ਰਹੀ ਲਹਿਰ ਨੂੰ ਦਬਾਉਣ ਦੇ ਮਨਸੇ ਨਾਲ ਪਿੰਡ ਵਿਚਲੇ ਵਿਰੋਧੀ ਧੜੇ ਦੇ ਬੰਦੇ ਇੱਕਠੇ ਹੋਏ, ਅਸਲ ਵਿੱਚ ਉਸ ਧੜੇ ਨੂੰ ਦੁਰਗੀ ਦੀ ਹਮਦਰਦੀ ਨਾਲੋਂ ਆਪਣੀ ਚੌਧਰ ਬਣਾਈ ਰੱਖਣ ਦਾ ਜਿਆਦਾ ਫਿਕਰ ਸੀ। ਕਿਉਂਕਿ ਇਸ ਧੜੇ ਦੀ ਸੋਚ ਸੀ ਕਿ ਇਹ ਲਹਿਰ ਆਮ ਲੋਕਾਂ ਦਾ ਬੇ-ਸ਼ੱਕ ਕੁੱਝ ਸੰਵਾਰ ਦੇਵੇ, ਪਰ! ਇਹ ਲਹਿਰ ਸਾਡਾ ਤਾਂ ਹਰ ਹਾਲਤ ਵਿੱਚ ਨੁਕਸਾਨ ਹੀ ਕਰੂ।

ਦੁਰਗੀ ਨੂੰ ਇਹ ਰਾਇ ਦਿੱਤੀ ਗਈ ਕਿ ਕੱਲ੍ਹ ਨੂੰ ਸਵਖਤੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਨਾਲ ਲੈ ਕੇ, ਇਨ੍ਹਾਂ "ਮੁੰਡਿਆ" ਉੱਤੇ ਥਾਣੇ ਵਿੱਚ ਅਤਿਵਾਦੀਆ ਦਾ ਪ੍ਰਚਾ ਦੇ ਕੇ ਇਨ੍ਹਾਂ ਦੇ ਹੱਡ ਸਿਕਾਏ ਜਾਣ, ਤਾਂ ਕਿ ਇਹ ਮੁੜਕੇ ਕਿਸੇ ਦੇ ਘਰ ਜਾ ਕੇ ਡਰਾ ਧਮਕਾ ਸਕਣ ਦੀ ਹਿੰਮਤ ਨਾ ਕਰਨ।

ਦੁਰਗੀ ਦੇ ਘਰ ਰਾਤ ਨੂੰ ਹੋਏ ਇਸ ਇਕੱਠ ਦੀ ਪੂਰੀ ਰਿਪੋਰਟ ਸੂਬੇਦਾਰ ਕਾਕਾ ਸਿਊਂ ਨੂੰ ਵੀ ਜਾ ਮਿਲੀ। ਸੂਬੇਦਾਰ ਦੀ ਦੁਰਗੀ ਨਾਲ ਵਧੀਆ ਸੱਥਰੀ ਪੈਂਦੀ ਸੀ। ਸਵੇਰੇ ਹੀ ਉੱਠਕੇ ਸੂਬੇਦਾਰ ਜਦੋਂ ਦੁਰਗੀ ਦੇ ਘਰ ਗਿਆ, ਦੁਰਗੀ ਪਾਠ ਪੂਜਾ ਤੋਂ ਵਿਹਲੀ ਹੋ ਚੁੱਕੀ ਸੀ। ਸੂਬੇਦਾਰ ਨੇ ਅਣਜਾਣ ਬਣਦੇ ਨੇ ਪੁੱਛਿਆ, "ਭਰਜਾਈ ਅੱਜ ਸਵਖਤੇ ਹੀ ਕਿੱਧਰ ਦੀ ਤਿਆਰੀ ਐ?" ਸੂਬੇਦਾਰ ਦੁਰਗੀ ਨੂੰ ਮਾਈ ਨਾ ਕਹਿ ਕੇ, ਹਮੇਸ਼ਾ ਭਰਜਾਈ ਕਹਿ ਕੇ ਹੀ ਬੁਲਾਉਂਦਾ ਸੀ।

ਸੂਬੇਦਾਰ ਕੀ ਦੱਸਾਂ, ਕੱਲ੍ਹ ਐਤਵਾਰ ਸੀ ਨਾ, ਇੱਥੇ ਆਪਣੇ ਪਿੰਡ ਦੇ ਨਵੇਂ ਉੱਠੇ ਤਰਕਸ਼ੀਲ ਮੁਸਟੰਡੇ ਆਪਣੇ ਘਰ ਸੰਗਤ ਲੱਗੀ ਤੋਂ ਆ ਗਏ, ਲੱਗ ਪਏ ਮੈਨੂੰ ਸਵਾਲ ਜਵਾਬ ਕਰਨ, ਕਹਿਣ ਕਰਾਮਾਤ ਦਿਖਾ, ਦਸ ਗੈਬੀ ਸ਼ਕਤੀ ਕੀ ਹੁੰਦੀ ਐ। ਉਦੋਂ ਤਾਂ ਜੀ ਮੈਂ ਸਮਾਂ ਵਿਚਾਰ ਕੇ ਚੁੱਪ ਕਰ ਗਈ। ਹੁਣ ਚਾਰ ਸਿਆਣੇ ਬੰਦਿਆ ਨੂੰ ਨਾਲ ਲੈ ਕੇ ਥਾਣੇ ਇਨ੍ਹਾਂ ਉੱਤੇ ਪ੍ਰਚਾ ਦੇ ਕੇ ਆਉਣੈ, ਤੁਸੀਂ ਵੀ ਅੱਜ ਨਾਲ ਚੱਲਿਓ, ਆਪਾਂ ਕਹਾਂਗੇ, ਸਾਡੇ ਘਰ ਅੱਤਿਵਾਦੀ ਆ ਗਏ, ਸਾਨੂੰ ਡਰਾਇਆ ਧਮਕਾਇਆ, ਦੋ ਚਾਰ ਗੱਲਾਂ ਹੋਰ ਨਾਲ ਜੋੜ ਦਿਆਂਗੇ, ਮੈਂ ਵੀ ਕਲਕੱਤੇ ਦਾ ਪਾਣੀ ਪੀਤੈ, ਇਨ੍ਹਾਂ ਨੂੰ ਦੱਸ ਦਿਊ, ਸਾਡੇ ਨਾਲ ਪੰਗਾ ਲੈਣਾ ਕਿੰਨਾ ਮਹਿੰਗਾ ਪੈਂਦੈ।

"ਲੈ ਭਰਜਾਈ ਤੈਂ ਥਾਣੇ ਕੀ ਕਰਨ ਜਾਣੈ, ਥਾਣੇ ਵਾਲੇ ਤਾਂ ਘੰਟਾ ਦੋ ਘੰਟਿਆ ਤੱਕ ਤੇਰੇ ਕੋਲ ਪਹੁੰਚਣ ਹੀ ਵਾਲੇ ਨੇ।" ਸੂਬੇਦਾਰ ਨੇ ਬੜੇ ਸਹਿਜ ਨਾਲ ਕਹਿ ਦਿੱਤਾ।

ਕਿਉਂ? ਥਾਣੇ ਵਾਲਿਆਂ ਨੂੰ ਇਸ ਗੱਲ ਦਾ ਕਿਵੇਂ ਪਤਾ ਲੱਗ ਗਿਆ? ਦੁਰਗੀ ਨੇ ਅੱਖਾਂ ਮਟਕਾਈਆਂ।

ਵੱਡੀਏ ਸਿਆਣੀਏ, ਇਹ ਤਰਕਸ਼ੀਲ ਤੇਰੇ ਕੋਲ ਆਏ ਹੀ ਥਾਣੇ ਵਾਲਿਆ ਦੇ ਕਹਿਣ 'ਤੇ ਨੇ, ਥਾਣੇ ਵਾਲੇ ਕਹਿੰਦੇ, ਪਿੰਡਾਂ ਵਿੱਚ ਜਾ ਕੇ ਪੁੱਛਿਆ ਦੇਣ ਵਾਲਿਆਂ ਨੂੰ ਪੁੱਛੋ ਕਿ ਉਨ੍ਹਾਂ ਕੋਲ ਕੋਈ ਇਲਮ, ਕਰਾਮਾਤ ਜਾਂ ਗੈਬੀ ਸ਼ਕਤੀ ਵੀ ਜਾਂ ਨਹੀਂ। ਜਿਹੜੇ ਪੁੱਛਿਆ ਦੇਣ ਵਾਲੇ ਕਹਿ ਦਿੰਦੇ ਨੇ, ਮੇਰੇ ਕੋਲ ਕੁਝ ਨੀ, ਉਨ੍ਹਾਂ ਨੂੰ ਥਾਣੇ ਵਾਲੇ ਛੱਡ ਦਿੰਦੇ ਨੇ, ਜਿਹੜੇ ਕਹਿੰਦੇ ਨੇ, ਮੇਰੇ ਕੋਲ "ਸਭ ਕੁੱਝ" ਹੈ, ਉਨ੍ਹਾਂ ਨੂੰ ਉਥੇ ਬੈਠਾ ਕੇ, ਥਾਣੇਦਾਰ ਖੁਦ ਪੁਛਦੈ, ਦੱਸ ਫਲਾਣਾ ਅੱਤਿਵਾਦੀ ਕਿੱਥੇ ਲੁਕਿਐ, ਫਲਾਣਾ ਕਤਲ ਕਿਸ ਅੱਤਿਵਾਦੀ ਨੇ ਕੀਤੈ, ਕਿਸ ਅੱਤਿਵਾਦੀ ਦਾ ਅਸਲਾ ਕਿੱਥੇ ਲਕੋਇਆ ਹੋਇਐ, ਆਪਣੇ ਇਲਾਕੇ ਵਿੱਚ ਹੁਣ ਕਿਹੜਾ ਅੱਤਵਾਦੀ ਕਿਸ ਨੂੰ ਮਾਰੂਗਾ?

ਸੂਬੇਦਾਰ ਦੀਆਂ ਗੱਲਾਂ ਸੁਣ ਸੁਣ ਦੁਰਗੀ ਦਾ ਰੰਗ ਫਿੱਕਾ

ਹੋਣਾ ਸ਼ੁਰੂ ਹੋ ਗਿਆ। ਪਿੰਡ ਦੇ ਜੰਮਪਲ ਸੁਸਾਇਟੀ ਦੇ ਜਿਨ੍ਹਾਂ ਮੈਂਬਰਾਂ ਨੂੰ ਉਹ ਪੈਸੇ ਦੇ ਜੋਰ ਉੱਤੇ ਅੱਤਿਵਾਦੀ ਬਣਾਕੇ, ਉਨ੍ਹਾਂ ਦੇ ਹੱਡ ਸੇਕਾਉਣੇ ਚਾਹੁੰਦੀ ਸੀ, ਉਨ੍ਹਾਂ ਦੀ ਥਾਂ ਉਸ ਨੂੰ ਅਸਲੀ ਅੱਤਿਵਾਦੀਆਂ ਦੇ ਚਿਹਰੇ ਉਸ ਦੀਆਂ ਅੱਖਾਂ ਮੂਹਰੇ ਘੁੰਮਣ ਲੱਗੇ।

"ਹਾਂ, ਹੁਣ ਦੱਸ ਤੈਂ ਤਰਕਸ਼ੀਲਾਂ ਨੂੰ ਕੀ ਜਵਾਬ ਦਿੱਤਾ ਸੀ, "ਸੂਬੇਦਾਰ ਗੱਲ ਨੂੰ ਮੁੜ ਉੱਥੇ ਹੀ ਲੈ ਆਇਆ।

ਦੁਰਗੀ ਦੇ ਮਨ ਦੀ ਸਲੇਟ ਉੱਤੇ ਥਾਣਾ, ਥਾਣੇਦਾਰ ਅੱਤਿਵਾਦੀ, ਕਤਲ, ਲੁੱਟ ਮਾਰਾਂ ਸਾੜ ਫੂਕ ਦਾ ਨਕਸਾ ਉਭਰ ਆਇਆ।

ਮੈਂ ਤਾਂ ਜੀ ਕਹਿ ਦਿੱਤਾ ਸੀ, "ਬਾਈ ਮੇਰੇ ਕੋਲ ਤਾਂ ਕੁੱਝ ਨੀ, ਗਊ ਦੀ ਸੌਂਹ" ਸੂਬੇਦਾਰ ਦੀਆਂ ਗੱਲਾਂ ਸੁਣ ਸੁਣ ਕੇ ਇੱਕ ਵਾਰ ਫਿਰ ਦੁਰਗੀ ਦੇ ਬੁੱਲ ਤੇ ਗਲਾ ਖੁਸ਼ਕ ਹੋ ਰਿਹਾ ਸੀ।

"ਹੁਣ ਫਿਰ ਕੀ ਕਰਾਂ ?" ਦੁਰਗੀ ਸੂਬੇਦਾਰ ਮੂਹਰੇ ਅੱਲਾ ਦੀ ਗਊ ਬਣੀ ਖੜੀ ਸੀ।

"ਕਰਨਾ ਕੀ ਐ, ਆਪਣਾ ਬੈਗ ਚੱਕ, ਦੋ ਚਾਰ ਸੂਟ ਵਿੱਚ ਪਾ ਕੇ ਲੁਧਿਆਣੇ ਵਾਲੀ ਬਸ ਚੜ੍ਹਜਾ, ਦੋ ਚਾਰ ਦਿਨ ਉਥੇ ਆਪਣੀ ਭੂਆ ਕੋਲ ਰਹਿ, ਇਤਨੇ ਨੂੰ ਗੱਲ ਠੰਡੀ ਪੈ ਜਾਊ।" ਸੂਬੇਦਾਰ ਨੇ ਆਪਣੇ ਤਰਕ ਦੇ ਹਥਿਆਰ ਦਾ ਭਰਵਾਂ ਵਾਰ ਦੁਰਗੀ ਉੱਤੇ ਕਰ ਦਿੱਤਾ। 'ਤੇ ਦੁਰਗੀ ਝੱਟ ਪੱਟ ਤਿਆਰ ਹੋ ਕੇ ਲੁਧਿਆਣੇ ਵਾਲੀ ਬਸ ਚੜ੍ਹਨ ਲਈ ਅੱਡੇ 'ਤੇ ਜਾ ਖੜੀ।

ਉਸੇ ਦਿਨ, ਦਸ ਗਿਆਰਾਂ ਵਜੇ ਸੂਬੇਦਾਰ ਮੈਨੂੰ ਮਿਲਿਆ, ਟਕੋਰ ਮਾਰਨ ਵਾਂਗ ਬੋਲਿਆ "ਕਿਉਂ ਤਰਕਸ਼ੀਲੋ ਕੀ ਹਾਲ ਐ ?"

"ਹਾਲ ਨੂੰ ਕੀ ਠੰਡ ਲੱਗੀਐ, ਹਾਲ ਨੌ-ਬਰ-ਨੌ ਐ," ਮੈਂ ਮੋੜਵਾਂ ਜਵਾਬ ਦਿੱਤਾ।

"ਤੁਹਾਨੂੰ ਰਾਤ ਵਾਲੀ ਗੱਲ ਦਾ ਪਤੈ ਕੁਝ ?" ਸੂਬੇਦਾਰ ਨੇ ਫਿਰ ਕਿਹਾ।

"ਹਾਂ ਪਤੈ, ਚੱਕੀ ਹੋਈ ਪੰਚਾਂ ਦੀ ਦੁਰਗੀ ਥਾਣੇ ਜਾਣ ਨੂੰ ਫਿਰ ਦੀ ਐ", "ਮੈਂ ਪੂਰੀ ਗੱਲ ਕਹਿ ਸੁਣਾਈ।

"ਭਲਿਓ ਹੁਣ ਉਹ ਤਾਂ ਥਾਣੇ ਕਿਵੇਂ ਜਾਊ, ਉਹ ਤਾਂ ਚਾੜ੍ਹ ਦਿੱਤੀ ਲੁਧਿਆਣੇ ਵਾਲੀ ਬੱਸ !" ਸੂਬੇਦਾਰ ਦੇ ਚਿਹਰੇ ਉੱਤੇ ਖੁਸ਼ੀ ਨੱਚ ਰਹੀ ਸੀ।

"ਕਿਸ ਨੇ ਕਿਉਂ", ਮੈਂ ਇੱਕਠੇ ਹੀ ਦੋ ਸਵਾਲ ਸੂਬੇਦਾਰ ਉੱਤੇ ਦਾਗ ਦਿੱਤੇ।

ਉਸ ਨੂੰ ਭੇਜਣ ਵਾਲਾ ਤਾਂ ਮੈਂ ਹਾਂ, ਕਿਉਂ ਭੇਜੀਐ, ਸੁਣ ਜਿਹੜਾ ਕੰਮ ਤੁਸੀਂ ਅਧੂਰਾ ਛੱਡ ਗਏ ਸੀ, ਉਹ ਕੰਮ ਮੈਂ ਪੂਰਾ ਕਰ ਦਿੱਤਾ।

ਅੱਜ ਸਵੇਰੇ ਦੁਰਗੀ ਦੇ ਘਰ ਜਾ ਕੇ ਮੈਂ ਉਸ ਨੂੰ ਪੁੱਛਿਆ" ਤੈਨੂੰ ਥਾਣੇਦਾਰ ਪੁੱਛੂਗਾ, ਦੱਸ ਅੱਤਿਵਾਦੀ ਕਿੱਥੇ ਲੁੱਕੇ ਹੋਏ ਨੇ ਬੋਲ, ਦੱਸ ਸਕਦੀ ਐਂ ? ਦੁਰਗੀ ਨੇ ਹੱਥ ਖੜੇ ਕਰ ਦਿੱਤੇ ਤੇ ਮੈਂ ਉਸ ਨੂੰ ਰਾਇ ਦੇ ਕੇ ਥਾਣੇ ਜਾਣ ਦੀ ਥਾਂ ਲੁਧਿਆਣੇ ਦੇ ਰਾਹ ਪਾ ਦਿੱਤੀ।

"ਮੰਨ ਗਏ ਉਸਤਾਦ ਤੈਨੂੰ" ਮੈਂ ਸੂਬੇਦਾਰ ਨੂੰ ਘੁੱਟ ਕੇ ਜੱਫੀ ਪਾ ਲਈ, ਯਾਰ ਤੂੰ ਵੀ ਤਰਕਸ਼ੀਲ ਹੀ ਨਿਕਲਿਆ ਇਸ ਗੱਲੋਂ !

"ਤੁਸੀਂ ਸਮਝਿਆ, ਜਿਹੜਾ ਤਰਕਸ਼ੀਲ ਸੁਸਾਇਟੀ ਦਾ ਮੈਂਬਰ ਬਣਦੈ ਉਹੀ ਤਰਕਸ਼ੀਲ ਹੁੰਦੈ", ਸੂਬੇਦਾਰ ਨੇ ਨਿਹੋਰੇ ਨਾਲ ਆਖਿਆ। ਸਾਥੀਆ ਤੁਸੀਂ ਤਾਂ ਹੁਣ ਡਾ. ਕਾਵੂਰ ਦੀ ਕਿਤਾਬ ਪੜ੍ਹਕੇ ਤਰਕਸ਼ੀਲ ਬਣੇਓਂ, ਮੈਂ ਦਬਸ਼ਨ ਸਿੰਘ ਅਵਾਰਾ ਦੀ ਕਿਤਾਬ ਬਗਾਵਤ ਉਸ ਵਕਤ ਪੰਜ ਰੁਪਏ ਦੀ ਲੈ ਕੇ ਪੜ੍ਹੀ ਸੀ, ਜਦੋਂ ਸ਼ਰਾਬ ਦੀ ਬੋਤਲ ਦਸ ਰੁਪਏ ਦੀ ਆਉਂਦੀ ਹੁੰਦੀ ਸੀ। ਮੇਰਾ ਮਤਲਬ ਐ ਉਨੀ ਸੌ ਪੈਂਹਟ ਵਿੱਚ। ਤਰਕ ਦਾ ਹਥਿਆਰ ਤਾਂ ਸਭ ਤੋਂ ਉੱਤਮ ਹਥਿਆਰ ਐ, ਬਸ਼ਰਤੇ ਇਸ ਨੂੰ ਚਲਾਉਣ ਦੀ ਜਾਂਚ ਆਉਂਦੀ ਹੋਵੇ।

ਮੋ.: 094647-70121

ਕੇਸ ਰਿਪੋਰਟ

## ਨਿੱਕੀ ਜਿਹੀ ਗੱਲ ਨੇ ਕਰਾਇਆ ਤਲਾਕ

ਸਾਡੇ ਫਰੀਦਕੋਟ ਸ਼ਹਿਰ ਅੰਦਰ ਆਦਰਸ਼ ਨਗਰ ਫਰੀਦਕੋਟ ਵਾਲੇ ਆਪਣਾ ਵੱਖਰਾ ਦਸਹਿਰਾ ਮਨਾਉਂਦੇ ਹਨ ਇਸ ਵਾਰ ਮੈਨੂੰ ਦਸਹਿਰੇ 'ਤੇ ਜਾਦੂ ਦੇ ਟ੍ਰਿਕ ਕਰਨ ਤੇ ਉਸ ਪਿੱਛੇ ਵਿਗਿਆਨ ਕਿਵੇਂ ਕੰਮ ਕਰਦਾ ਹੈ। ਤੇ ਹੋਰ ਤਰਕਸ਼ੀਲ ਵਿਚਾਰ ਦੱਸਣ ਬਾਰੇ ਉਹਨਾਂ ਦੇ ਆਗੂ ਨੇ ਮੇਰੇ ਨਾਲ ਗੱਲ ਬਾਤ ਕੀਤੀ ਮੈਂ ਜਾਦੂ ਸ਼ੋਅ ਪੇਸ਼ ਕੀਤਾ ਜਦ ਸਟੇਜ ਤੋਂ ਉਤਰਨ ਲੱਗਾ ਤਾਂ ਇੱਕ ਸਰਦਾਰ ਜੀ ਨੇ ਮੇਰੀ ਬਾਂਹ ਫੜ ਲਈ ਤੇ ਮੈਨੂੰ ਕਹਿਣ ਲੱਗਾ ਮੈਂ ਤਾਂ ਤੁਹਾਨੂੰ ਲਭਦਾ ਫਿਰਦਾ ਹਾਂ ਤੁਸੀਂ ਮੈਨੂੰ ਆਪਣਾ ਨੰਬਰ ਦਿਓ ਤੇ ਮੈਂ ਕੱਲ੍ਹ ਨੂੰ ਤੁਹਾਡੇ ਨਾਲ ਗੱਲ ਕਰ ਲਵਾਂਗਾ ਅਗਲੇ ਦਿਨ ਉਸ ਨੇ 8 ਮਹੀਨੇ ਪਹਿਲਾਂ ਵਿਆਹੀ ਆਪਣੀ ਧੀ ਦੀ ਗੱਲ ਮੇਰੇ ਨਾਲ ਸਾਂਝੀ ਕੀਤੀ ਜੋ 6 ਮਹੀਨਿਆਂ ਤੋਂ ਉਸਦੇ ਘਰ ਬੈਠੀ ਸੀ ਜੋ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਅਪਸੈਟ ਸੀ ਉਸ ਕਿਹਾ ਸਾਡੇ ਘਰ ਦਾ ਜਿਉਣਾ ਮੁਹਾਲ ਹੋਇਆ ਪਿਆ ਹੈ। ਕੋਈ ਰਾਹ ਨਹੀਂ ਲਭਦਾ ਕਿੱਧਰ ਜਾਈਏ। ਮੈਂ ਉਸ ਦੀ ਸਾਰੀ ਗੱਲ ਸੁਣ ਕੇ ਉਸਨੂੰ ਆਪਣੀ ਘਰਵਾਲੀ ਤੇ ਉਸ ਦੀ ਬੇਟੀ ਨੂੰ ਲਿਆਉਣ ਲਈ ਐਤਵਾਰ ਦਾ ਸਮਾਂ ਦਿੱਤਾ ਸਾਰਿਆਂ ਦੇ ਵਿਚਾਰ ਬੰਦ ਕਮਰੇ ਵਿੱਚ ਬਿਠਾਕੇ ਇਕੱਲਿਆਂ-ਇਕੱਲਿਆਂ ਸੁਣੇ ਲੜਕੀ ਬੀ. ਏ. ਬੀ. ਐਡ. ਪੜ੍ਹੀ ਲਿਖੀ ਤੇ ਸੋਹਣੀ ਸੁਨੱਖੀ ਕੁੜੀ ਸੀ। ਵਿਆਹ ਵਾਲੀ ਰਾਤ ਲੜਕੀ ਦੇ ਘਰਵਾਲੇ ਨੇ ਸਿਰਫ ਇਨਾ ਕਹਿ ਦਿੱਤਾ ਕਿ ਤੇਰੀ ਭੈਣ ਬਹੁਤ ਸੋਹਣੀ ਹੈ ਇਹ ਸੁਣਦੇ ਹੀ ਉਹ ਉਸ ਨਾਲ ਝਗੜਨ ਲੱਗੀ ਰੋਜ਼ਾਨਾ ਲੜਾਈ ਰਹਿਣ ਲੱਗੀ ਸਹੁਰਾ ਪ੍ਰੀਵਾਰ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਇੱਕ ਦਿਨ ਜ਼ਿਆਦਾ ਕੁੱਟ ਦਿੱਤਾ ਤਾਂ ਉਹਨਾਂ ਲੜਕੀ ਦੇ ਮਾਪਿਆਂ ਨੂੰ ਫੋਨ ਕਰ ਦਿੱਤਾ ਕਿ ਇਸ ਨੂੰ ਲੈ ਜਾਓ ਨਹੀਂ ਤਾਂ ਇਹ ਆਤਮ ਹੱਤਿਆ ਕਰਕੇ ਸਾਨੂੰ ਸਾਰਿਆਂ ਨੂੰ ਫਸਾ ਦੇਵੇਗੀ। ਅਸੀਂ ਵੀ ਜਾ ਕੇ ਝਗੜੇ ਪਰ ਲੜਕੀ ਨਾਲ ਲੈ ਆਏ। ਇਹ ਕਹਿੰਦੀ ਮੈਂ ਇਸ ਜਗ੍ਹਾ ਰਹਿਣਾ ਨਹੀਂ ਹੁਣ ਦੋ ਮਹੀਨੇ ਹੋ ਗਏ ਨੇ ਸਮਾਨ ਵੀ ਚੁੱਕ ਲਿਆਏ ਹਾਂ। ਪਰ ਜਾਈਏ ਕਿੱਧਰ ਇਹ ਲੜਕੀ ਲੜਦੀ ਰਹਿੰਦੀ ਹੈ। ਮੈਂ ਲੜਕੀ ਨੂੰ ਹਿਮਨੋਟਿਜਮ ਵੀ ਕੀਤਾ ਚੰਗੇ ਵਿਚਾਰ ਸਮਝਾਏ। ਪਰ ਜਦੋਂ ਮੈਂ ਇਹ ਕਿਹਾ ਕਿ ਫਿਰ ਕੀ ਹੋਇਆ ਜੇ ਉਸ ਨੇ ਤੇਰੀ ਵੱਡੀ ਭੈਣ ਦੀ ਤਾਰੀਫ ਕਰ ਦਿੱਤੀ ਤਾਂ ਉਹ ਅੱਗੋ ਗੁੱਸੇ ਨਾਲ ਬੋਲੀ ਹੋਵੇ ਘਰਵਾਲਾ ਮੇਰਾ ਤੇ ਤਾਰੀਫ ਕਰੇ ਮੇਰੀ ਵੱਡੀ ਭੈਣ ਦੀ। ਇਹ ਸੁਣਦਿਆਂ ਹੀ ਮੈਨੂੰ ਸਾਰੀ ਗੱਲ ਸਮਝ ਲੱਗ ਗਈ ਇਸੇ ਗੱਲ ਨੇ ਹੀ ਇਸ ਨੂੰ ਮਾਨਸਿਕ ਰੋਗੀ ਕੀਤਾ ਹੈ। ਮੈਂ ਉਸ ਲੜਕੀ ਨੂੰ ਬਾਹਰ ਭੇਜਕੇ ਉਸਦੇ ਬਾਪ ਨੂੰ ਸੱਦ ਕੇ ਸਮਝਾਇਆ ਕਿ ਲੜਕੀ ਪੂਰੀ ਤਰ੍ਹਾਂ ਮਾਨਸਿਕ ਰੋਗੀ ਹੋ ਚੁੱਕੀ ਹੈ। ਇਸ ਦਾ ਧਿਆਨ ਪਹਿਲਾਂ ਬਦਲੀਏ। ਇਸਨੂੰ ਦਵਾਈ ਦਵਾ ਕੇ ਕਿਸੇ ਸਕੂਲ ਵਿੱਚ ਲਵਾ ਦੇਈਏ। ਉਸਨੇ ਕਿਹਾ ਜਿਵੇਂ ਤੁਸੀਂ ਕਹਿੰਦੇ ਹੋ ਠੀਕ ਹੈ ਮੈਂ ਉਸਨੂੰ ਪੰਦਰਾਂ ਦਿਨ ਦਵਾ ਖਵਾਈ। ਇੱਕ ਸਕੂਲ ਵਿੱਚ ਕੋਈ ਪੈਸਾ ਨਹੀਂ ਲੈਣਾ ਤੁਹਾਡੇ ਸਕੂਲ ਦੇ ਬੱਚੇ ਇਹ ਫਰੀ ਪੜ੍ਹਾਵੇਗੀ। ਸਕੂਲ ਵਾਲੇ ਮੰਨ ਗਏ ਪਰ ਲੜਕੀ ਕਹਿੰਦੀ ਮੈਂ ਫਰੀ ਬੱਚੇ ਨਹੀਂ ਪੜ੍ਹਾਉਣੇ ਤਾਂ ਮੈਂ ਘੱਟ ਤੋਂ ਘੱਟ 4000/- ਲਊਂ। ਅਸੀਂ ਸਕੂਲ ਵਾਲਿਆਂ ਨੂੰ ਪਾਸੇ ਕਰਕੇ ਕਿਹਾ ਕਿ 4000/- ਰੁਪੈ ਵੀ ਅਸੀਂ ਹੀ ਤੁਹਾਨੂੰ ਦੇ ਦੇਵਾਂਗੇ। ਤੁਸੀਂ ਇਸ ਨੂੰ ਦੇ ਦਿਆ ਕਰੋ। ਸਕੂਲ ਵਾਲੇ ਕਹਿੰਦੇ ਠੀਕ ਹੈ। ਇਸ ਤਰ੍ਹਾਂ ਦੋ ਮਹੀਨਿਆਂ ਵਿੱਚ ਹੀ ਲੜਕੀ ਨੌ ਬਰ ਨੌ ਹੋ ਗਈ ਤੇ ਇੱਕ ਸਾਲ ਬਾਅਦ ਉਸ ਦਾ ਹੋਰ ਜਗ੍ਹਾ ਘਰ ਵੇਖ ਕੇ ਵਿਆਹ ਕਰ ਦਿੱਤਾ। ਅੱਜ ਉਹ ਆਪਣੇ ਪ੍ਰੀਵਾਰ ਨਾਲ ਪੂਰੀ ਤਰ੍ਹਾਂ ਖੁਸ਼ ਹੈ। ਅੱਜ ਜਦੋਂ ਮੈਨੂੰ ਵਿਆਹ ਦੀ ਖੁਸ਼ੀ ਵਿੱਚ ਡੱਬਾ ਦੇਣ ਆਏ ਤਾਂ ਮੈਂ ਡੱਬਾ ਲੈਣ ਤੋਂ ਇਨਕਾਰ ਕਰ ਦਿੱਤਾ। ਪਰ ਉਹ ਬੋਲੀ ਨਹੀਂ ਅੰਕਲ ਜੀ ਤੁਹਾਡਾ ਵੀ ਮੂੰਹ ਮਿੱਠਾ ਕਰਾਉਣ ਆਏ ਹਾਂ ਤੇ ਹੱਸ ਪਈ। ਮੈਂ ਉਸ ਦੀ ਖੁਸ਼ੀ ਵਿੱਚ ਆਪਣੀ ਕੇਸ ਠੀਕ ਹੋਣ ਦੀ ਖੁਸ਼ੀ ਮਹਿਸੂਸ ਕਰ ਰਿਹਾ ਸੀ। ਤਰਕਸ਼ੀਲ ਸੁਸਾਇਟੀ ਭਾਰਤ ਵਿੱਚ ਕੰਮ ਕਰਦਿਆਂ ਇਸ ਤਰ੍ਹਾਂ ਦੇ ਕਈ ਕੇਸ ਹੱਲ ਕੀਤੇ ਪਰ ਕੁੱਝ ਯਾਦਗਾਰ ਬਣ ਗਏ।

**- ਲਖਵਿੰਦਰ ਹਾਲੀ**

# ਮੈਡੀਕਲ ਸਾਇੰਸਜ਼



**ਸੁਖਮੰਦਰ ਸਿੰਘ ਤੂਰ**

*** ਔਰਤ ਦੀਆਂ ਹੱਡੀਆਂ ਨੂੰ ਕਮਜ਼ੋਰ ਕਰਦੀ ਹੈ : ਬੇਨੇਮੀ ਮਾਹਵਾਰੀ**

ਔਰਤਾਂ ਦੀਆਂ 90 ਪ੍ਰਤੀਸ਼ਤ ਤੋਂ ਵੀ ਵੱਧ ਬਿਮਾਰੀਆਂ ਦੀ ਵਜ੍ਹਾ ਬੇਨੇਮੀ ਮਾਹਵਾਰੀ ਹੁੰਦੀ ਹੈ। ਬੇਨੇਮੀ ਮਾਹਵਾਰੀ ਦਾ ਦੂਜਾ ਸਭ ਤੋਂ ਖਰਾਬ ਅਸਰ ਹੱਡੀਆਂ ਦੀ ਠੋਸਤਾ ਉੱਪਰ ਪੈਂਦਾ ਹੈ, ਜਿਸ ਤੋਂ ਉਹ ਭੁਰਭੁਰੀਆਂ ਹੋ ਕੇ ਟੁੱਟਣ ਲੱਗ ਜਾਂਦੀਆਂ ਹਨ।

ਇਕ ਤਾਜ਼ਾਤਰੀਨ ਖੋਜ ਦੇ ਮੁਤਾਬਕ ਔਰਤਾਂ ਦੀ ਬੇਨੇਮੀ ਮਾਹਵਾਰੀ ਅਤੇ ਹੱਡੀਆਂ ਦੇ ਭੁਰ-ਭੁਰੇ ਹੋਣ ਵਿੱਚ ਡੂੰਘਾ ਸਬੰਧ ਹੈ। ਬੇਨੇਮੀ ਮਾਹਵਾਰੀ ਦੀ ਵਜ੍ਹਾ ਤੋਂ ਔਰਤ ਦੇ ਸਰੀਰ ਵਿੱਚ ਐਸਟ੍ਰੋਜੇਨ ਅਤੇ ਪ੍ਰੋਜੇਸਟੇਰਾਨ ਹਾਰਮੋਨ ਦਾ ਲੈਵਲ ਘੱਟ ਸਕਦਾ ਹੈ। ਇਸ ਵਜ੍ਹਾ ਤੋਂ ਉਸਦੀਆਂ ਹੱਡੀਆਂ ਕਮਜ਼ੋਰ ਹੋ ਕੇ ਟੁੱਟ ਸਕਦੀਆਂ ਹਨ। ਕੂਲ੍ਹੇ ਦੀਆਂ ਹੱਡੀਆਂ ਟੁੱਟਦਾ ਆਸਟੀਓ-ਪੋਰੋਸਿਸ (ਹੱਡੀ ਖੁਰਨ) ਜਾਂ ਹੱਡੀਆਂ ਦੇ ਗਲਣ ਦੀ ਨਿਸ਼ਾਨੀ ਹੁੰਦੀ ਹੈ।

ਖੋਜ ਵਿੱਚ ਆਖਿਆ ਗਿਆ ਹੈ ਕਿ ਵਡੇਰੀ ਉਪਰ ਦੀਆਂ ਔਰਤਾਂ ਨੂੰ ਅਪਾਹਜ ਬਣਾਉਣ ਦਾ ਸਭ ਤੋਂ ਵੱਡਾ ਕਾਰਨ 'ਆਸਟੀਓਪੋਰੋਸਿਸ' ਹਾਰਮੋਨਜ਼ ਹੈ। ਅਧਿਐਨ ਦੱਸਦੇ ਹਨ ਕਿ ਜੇਕਰ ਸਮੁੱਚੇ ਮਾਹਵਾਰੀ ਕਾਲ ਯਾਨੀ ਮਾਹਵਾਰੀ ਸ਼ੁਰੂ ਹੋਣ ਤੋਂ ਲੈ ਕੇ ਬੰਦ ਹੋਣ ਤੱਕ ਜੇ ਉਪਰੋਕਤ ਔਰਤ ਹਾਰਮੋਨਾਂ ਵਿੱਚ ਇੱਕ ਬੂੰਦ ਦੀ ਵੀ ਕਮੀ ਆ ਜਾਵੇ ਤਾਂ ਉਹ ਹੱਡੀਆਂ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਸਕਦੀ ਹੈ।

ਇਸ ਬਾਰੇ ਅਜੇ ਘੱਟ ਹੀ ਜਾਣਕਾਰੀ ਹਾਸਲ ਹੋ ਸਕੀ ਹੈ ਕਿ ਕੀ ਮਾਹਵਾਰੀ ਦੇ ਸਮੇਂ ਵਿੱਚ ਹਲਕਾ ਜਿਹਾ ਉਤਾਰ ਚੜ੍ਹਾਅ ਹੱਡੀਆਂ ਵੀ ਠੋਸਤਾ ਉੱਤੇ ਅਜਿਹਾ ਹੀ ਪ੍ਰਭਾਵ ਪਾਉਂਦਾ ਹੈ। ਇੱਕ ਹੋਰ ਅਧਿਐਨ ਦੇ ਅਨੁਸਾਰ ਜੋ ਔਰਤਾਂ ਗਰਭ ਰੋਕੂ ਗੋਲੀਆਂ ਲੈਂਦੀਆਂ ਹਨ, ਉਨ੍ਹਾਂ ਦੀ ਮਾਹਵਾਰੀ ਘੱਟ ਤਕਲੀਫ਼ ਵਾਲੀ ਹੁੰਦੀ ਹੈ।

*** ਦਿਲ 'ਤੇ ਬੁਰਾ ਅਸਰ ਪਾਉਂਦੀਆਂ ਹਨ ਖਾਣ-ਪੀਣ ਦੀਆਂ ਗਲਤ ਆਦਤਾਂ**

ਤਾਜ਼ਾ ਖੋਜ਼ਾਂ ਅਨੁਸਾਰ ਇਹ ਗੱਲ ਸਾਹਮਣੇ ਆਈ ਹੈ ਕਿ ਖਾਣ-ਪੀਣ ਦੀਆਂ ਮਾੜੀਆਂ ਆਦਤਾਂ ਲੰਮੇ ਸਮੇਂ ਲਈ ਦਿਲ 'ਤੇ ਬੁਰਾ ਅਸਰ ਪਾਉਂਦੀਆਂ ਹਨ। ਖੋਜ ਦੇ ਮੁਤਾਬਿਕ ਵਧੇਰੇ ਚਿਕਨਾਈ ਵਾਲੇ ਭੋਜਨ ਲੈਣ ਨਾਲ ਦਿਲ ਨੂੰ ਜਾਂਦੀਆਂ ਨਾੜਾਂ ਵਿੱਚ ਚਰਬੀ ਜਮ੍ਹਾਂ ਹੋਣ 'ਤੇ ਖੂਨ ਦਾ ਦਬਾਅ ਵੱਧ ਜਾਣ ਦਾ ਡਰ ਰਹਿੰਦਾ ਹੈ ਅਤੇ ਇਸ ਨਾਲ ਸਰੀਰ ਦੇ ਬਾਕੀ ਅੰਗਾਂ ਨੂੰ ਢੁੱਕਵੀਂ ਆਕਸੀਜਨ ਵੀ ਨਹੀਂ ਮਿਲਦੀ, ਜਦਕਿ ਸਾਦਾ ਖਾਣਾ ਦਿਲ ਦੀ ਲੰਬੀ ਉਮਰ ਲਈ ਸਹਾਈ ਹੁੰਦਾ ਹੈ। ਖੋਜ ਨਾਲ ਜੁੜੇ ਮਾਹਿਰਾਂ ਨੇ ਇਹ ਵੀ ਆਖਿਆ ਹੈ ਕਿ ਦਿਲ ਦੀ ਅਸਲ ਖ਼ੁਰਾਕ ਸ਼ੁੱਧ ਅਤੇ ਤਾਜ਼ਾ ਆਕਸੀਜਨ ਹੈ, ਜੋ ਦਿਲ ਨੂੰ ਵਧੇਰੇ ਮਜ਼ਬੂਤ ਅਤੇ ਸਿਹਤਮੰਦ ਰੱਖਦੀ ਹੈ।

*** ਦਿਲ ਦੇ ਦੌਰੇ ਮਗਰੋਂ ਔਰਤਾਂ ਨੂੰ ਤਨਾਅ ਦਾ ਖ਼ਤਰਾ ਵੱਧ**

ਇਕ ਤਾਜ਼ਾ ਸਰਵੇਖਣ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ ਕਿ ਦਿਲ ਦੇ ਦੌਰੇ ਮਗਰੋਂ ਤਨਾਅ ਅਤੇ ਬੇਚੈਨੀ ਦਾ ਔਰਤਾਂ ਵਿੱਚ ਮਰਦਾਂ ਨਾਲੋਂ ਵਧੇਰੇ ਖ਼ਤਰਾ ਹੁੰਦਾ ਹੈ। ਲੁਥੀਆਨਾ ਦੇ ਵਿਲੀਨਸ ਯੂਨੀਵਰਸਿਟੀ ਸਾਂਤੀਰਿਸੀਕਿਉ ਕਲਿਨਿਕਸ ਦੇ 160 ਮਰੀਜ਼ਾਂ ਉੱਤੇ ਆਧਾਰਤ ਇਸ ਸਰਵੇਖਣ ਵਿੱਚ ਖੋਜ਼ਕਾਰਾਂ ਨੇ ਇਸ ਗੱਲ ਦੀ ਪੜਤਾਲ ਕੀਤੀ ਕਿ ਕੀ ਦਿਲ ਦੀ ਬਿਮਾਰੀ ਕਾਰਨ ਤਨਾਅ ਤੇ ਬੇਚੈਨੀ ਦਾ ਖ਼ਤਰਾ ਔਰਤਾਂ ਨੂੰ ਵੱਧ ਹੁੰਦਾ ਹੈ ਜਾਂ ਮਰਦਾ ਨੂੰ। ਇਸ ਖੋਜ ਵਿੱਚ ਦਿਲ ਦੇ ਦੌਰੇ ਮਗਰੋਂ ਹਸਪਤਾਲ ਵਿੱਚ ਭਰਤੀ ਇਨ੍ਹਾਂ ਮਰੀਜ਼ਾਂ ਦੇ ਇੱਕ-ਚੌਥਾਈ ਹਿੱਸੇ ਵਿੱਚ ਤਨਾਅ ਦੇ ਲੱਛਣ ਪਾਏ ਗਏ ਅਤੇ ਇਨ੍ਹਾਂ ਮਰੀਜ਼ਾਂ ਵਿੱਚ ਔਰਤਾਂ ਦੀ ਬਹੁ ਗਿਣਤੀ ਅੰਕਿਤ ਕੀਤੀ ਗਈ।

*** ਔਰਤ ਦੀ ਵੱਡੀ ਅੰਤੜੀ 'ਚ ਹੋਣ ਵਾਲੇ ਕੈਂਸਰ ਦੇ ਪ੍ਰਭਾਵ ਨੂੰ ਰੋਕਦੀਆਂ ਹਨ ਗਰਭ ਰੋਕੂ ਗੋਲੀਆਂ**

ਆਮ ਤੌਰ 'ਤੇ ਲੋਕ ਇਹੀ ਜਾਣਦੇ ਹਨ ਕਿ ਗਰਭ ਰੋਕੂ ਗੋਲੀਆਂ ਦੀ ਵਰਤੋਂ ਸਿਰਫ ਬੱਚੇ ਪੈਦਾ ਹੋਣ ਤੋਂ ਰੋਕਨ ਲਈ ਕੀਤੀ ਜਾਂਦੀ ਹੈ, ਪਰ ਇੱਕ ਤਾਜ਼ਾ ਅਧਿਐਨ ਵਿੱਚ ਇਸ ਗੱਲ ਦਾ ਖ਼ੁਲਾਸਾ ਹੋਇਆ ਹੈ ਕਿ ਗਰਭ ਰੋਕੂ ਗੋਲੀਆਂ ਔਰਤਾਂ ਨੂੰ ਹੋਣ ਵਾਲੇ ਕੈਲੋਰੇਕਟੀਅਲ ਯਾਨੀ ਵੱਡੀ ਅੰਤੜੀ ਵਿੱਚ ਹੋਣ ਵਾਲੇ ਕੈਂਸਰ ਦੇ ਖ਼ਤਰੇ ਨੂੰ ਵੀ ਘੱਟ ਕਰਦੀਆਂ ਹਨ। ਅਧਿਐਨ ਦੇ ਸਿੱਟਿਆ ਮੁਤਾਬਿਕ ਜੇਕਰ ਕੋਈ ਔਰਤ ਆਪਣੀ ਉਪਜਾਊ ਉਮਰ ਦੇ ਕਿਸੇ ਵੀ ਵਰ੍ਹੇ ਵਿੱਚ ਗਰਭ ਰੋਕੂ ਗੋਲੀਆਂ ਦਾ ਇਸਤੇਮਾਲ ਕਰਦੀ ਹੈ ਤਾਂ ਆਮ ਤੌਰ 'ਤੇ ਉਸ ਨੂੰ ਇਸ ਤਰ੍ਹਾਂ ਦੇ ਕੈਂਸਰ ਹੋਣ ਦਾ ਖ਼ਤਰਾ 30 ਤੋਂ 35 ਪ੍ਰਤੀਸ਼ਤ ਘੱਟ ਜਾਂਦਾ ਹੈ। ਸਭ ਤੋਂ ਵੱਧ ਵਿਕਸਤ ਦੇਸ਼ ਅਮਰੀਕਾ ਵਿੱਚ ਕੈਂਸਰ ਤੋਂ ਹੋਣ ਵਾਲੀਆਂ ਮੌਤਾਂ ਵਿੱਚ 'ਕੈਲੋਕੇਟੀਅਲ' ਕੈਂਸਰ ਦਾ ਦੂਸਰਾ ਸਥਾਨ ਹੈ। ਹਾਲਾਂਕਿ 40 ਸਾਲ ਦੀ ਉਮਰ ਤੋਂ ਪਹਿਲਾਂ ਇਸ ਦੇ ਹੋਣ ਦੀ ਸੰਭਾਵਨਾ ਕਾਫ਼ੀ ਘੱਟ ਹੁੰਦੀ ਹੈ, ਪਰ 40 ਸਾਲ ਦੀ ਉਮਰ ਤੋਂ ਬਾਅਦ ਇਸ ਤਰ੍ਹਾਂ ਦੇ ਕੈਂਸਰ ਹੋਣਾ ਆਮ ਗੱਲ ਮੰਨੀ ਜਾਂਦੀ ਹੈ।

*** ਬੱਚੇ ਦੇ ਅੰਦਰੂਨੀ ਅੰਗਾਂ ਨੂੰ ਵਿਕਸਤ ਕਰਨ ਵਿੱਚ ਸਹਾਈ ਹੁੰਦੇ ਹਨ : ਮਾਂ ਦੇ ਦੁੱਧ ਵਿਚਲੇ ਸਟੈਮ ਸੈੱਲ**

ਵਿਗਿਆਨੀਆਂ ਵੱਲੋਂ ਇੱਕ ਤਾਜ਼ਾ ਖੋਜ ਅਧਿਐਨ ਵਿੱਚ ਪਤਾ ਲਗਾਇਆ ਗਿਆ ਹੈ ਕਿ ਮਾਂ ਦਾ ਦੁੱਧ ਬੱਚੇ ਦੇ ਦਿਮਾਗ, ਜਿਗਰ, ਗੁਰਦਿਆਂ ਆਦਿ ਅੰਦਰੂਨੀ ਅੰਗਾਂ ਦੇ ਵੱਖ-ਵੱਖ ਟਿਸ਼ੂਜ਼ ਵਿਕਸਤ ਕਰਨ ਵਿੱਚ ਸਹਾਇਕ ਹੁੰਦਾ ਹੈ। ਇਹ ਪ੍ਰਕਿਰਿਆ ਮਾਂ ਦੇ ਦੁੱਧ ਵਿੱਚ ਵਿਸ਼ੇਸ਼ ਕਿਸਮ ਦੇ ਸਟੈਮ ਸੈੱਲਜ਼ ਕਾਰਨ ਸੰਭਵ ਹੁੰਦੀ ਹੈ। ਇਸ ਤੋਂ ਪਹਿਲਾਂ ਕੀਤੀਆਂ ਖੋਜ਼ਾਂ ਵਿੱਚ ਇਹ ਤੱਥ ਸਾਹਮਣੇ ਆਇਆ ਸੀ ਕਿ ਮਾਂ ਦੇ ਦੁੱਧ ਵਿੱਚ ਸਟੈਮ ਸੈੱਲਜ਼ ਹੁੰਦੇ ਹਨ, ਪਰ ਇਹ ਪਤਾ ਨਹੀਂ ਲੱਗ ਸਕਿਆ ਸੀ ਕਿ ਦੁੱਧ ਪੀਂਦੇ ਬੱਚੇ ਲਈ ਉਹ ਕਿਸ ਰੂਪ ਵਿੱਚ ਸਹਾਇਕ ਹੁੰਦੇ ਹਨ। ਹੁਣ ਤਾਜ਼ਾਤਰੀਨ ਖੋਜ, ਜੋ ਨੈਸ਼ਨਲ ਟ੍ਰੱਸਟ ਵੀਡਿੰਗ ਐਂਡ ਲੈਕਟੇਸ਼ਨ ਵੱਲੋਂ ਕੀਤੀ ਗਈ ਹੈ, ਦੇ ਅਨੁਸਾਰ ਸਟੈਪ ਸੈੱਲਜ਼ ਦੇ ਪੇਟ ਰਾਹੀਂ ਖੂਨ ਵਿੱਚ ਦਾਖਲ ਹੁੰਦੇ ਹਨ ਅਤੇ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਵਿਕਸਤ ਹੋਣ ਵਿੱਚ ਸਹਾਇਕ ਹੁੰਦੇ ਹਨ।

*** ਵਜ਼ਨ ਘਟਾਉਣ ਵਿੱਚ ਫਾਇਦੇਮੰਦ ਹੈ ਕੌਫ਼ੀ**

ਕੌਫ਼ੀ ਵਿੱਚ ਮਿਲਣ ਵਾਲਾ ਇੱਕ ਤੱਤ ਵਜ਼ਨ ਘਟਾਉਣ ਅਤੇ ਮੋਟਾਪੇ ਨਾਲ ਸਬੰਧਤ ਰੋਗਾਂ ਨਾਲ ਲੜਨ ਵਿੱਚ ਮੱਦਦ ਕਰ ਸਕਦਾ ਹੈ। ਕਲੋਰੋਜੇਨਿਕ ਐਸਿਡ ਨਾਂ ਦਾ ਇਹ ਤੱਤ ਲਿਵਰ ਵਿੱਚ ਇਸੂਲਿਨ ਰੋਕੂ ਸਮੱਰਥਾ ਵਧਾਉਂਦਾ ਹੈ ਅਤੇ ਚਰਬੀ ਦੇ ਜਮ੍ਹਾ ਹੋਣ ਨੂੰ ਘੱਟ ਕਰਦਾ ਹੈ। ਖੋਜ ਤਹਿਤ ਪ੍ਰਜੋਗਸ਼ਾਲਾ ਵਿੱਚ ਕੁੱਝ ਚੂਹਿਆਂ ਨੂੰ 15 ਦਿਨਾਂ ਤੱਕ ਵੱਧ ਚਰਬੀ ਵਾਲਾ ਭੋਜਨ ਦਿੱਤਾ ਗਿਆ। ਮੁੱਖ ਖੋਜਾਰਥੀ ਡਾ. ਗੋਯਜੀ ਮਾਓ ਨੇ ਦੱਸਿਆ ਹੈ ਕਿ ਚਰਬੀ ਵਾਲੇ ਭੋਜਨ ਦੇ ਨਾਲ ਹੀ ਇਨ੍ਹਾਂ ਚੂਹਿਆਂ ਨੂੰ ਹਫ਼ਤੇ ਵਿੱਚ ਦੋ ਦਿਨ 'ਕਲੋਰੋਜੇਨਿਕ ਐਸਿਡ' ਦੇ ਇੰਜਕੈਸ਼ਨ ਵੀ ਲਗਾਏ ਗਏ। ਅਸੀਂ ਵੇਖਿਆ ਕਿ ਇਸ ਨਾਲ ਨਾ ਸਿਰਫ਼ ਚੂਹਿਆਂ ਦਾ ਵਜ਼ਨ ਘਟਿਆ, ਸਗੋਂ ਖ਼ੂਨ ਵਿੱਚ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਵੀ ਮੱਦਦ ਮਿਲੀ। ਉਨ੍ਹਾਂ ਕਿਹਾ ਕਿ ਅਸੀਂ ਤਾਂ ਲੋਕਾਂ ਨੂੰ ਸੁਝਾਅ ਦੇਵਾਂਗੇ ਕਿ ਉਨ੍ਹਾਂ ਦੀ ਗੈਰ ਸਿਹਤਮੰਦ ਜੀਵਨ ਸ਼ੈਲੀ ਤੋਂ ਖੁਦ ਨੂੰ ਬਚਾਉਣ ਲਈ ਵੱਧ ਮਾਤਰਾ ਵਿੱਚ ਕੌਫ਼ੀ ਦਾ ਇਸਤੇਮਾਲ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਖੋਜ 'ਜਨਰਲ ਫਾਰਮਾਸਿਊਟੀਕਲ ਰਿਸਰਚ ਦੇ ਤਾਜ਼ਾ ਅੰਕ ਵਿੱਚ ਪ੍ਰਕਾਸ਼ਿਤ ਹੋਈ ਹੈ।

*** ਗੁਰਦਿਆਂ ਨੂੰ ਨੁਕਸਾਨ ਪਹੁੰਚਾਅ ਸਕਦਾ ਹੈ ਹਵਾ ਵਿਚਲਾ ਪ੍ਰਦੂਸ਼ਣ**

ਵਾਤਾਵਰਣ 'ਚ ਵਧਦਾ ਪ੍ਰਦੂਸ਼ਣ ਗੁਰਦਿਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ। ਖੋਜੀਆਂ ਨੇ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਜਿਹੀਆਂ ਬਿਮਾਰੀਆਂ ਦੇ ਮੰਡਰਾਉਂਦੇ ਖ਼ਤਰੇ ਵਿਚਾਲੇ ਹਵਾ 'ਚ ਇੱਕ ਅਜਿਹੇ ਕਣ ਦੀ ਪਛਾਣ ਕੀਤੀ ਹੈ, ਜਿਸ ਦਾ ਗੁਰਦਿਆਂ ਦੀ

ਬਿਮਾਰੀ ਨਾਲ ਸਿੱਧਾ ਸਬੰਧ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਹ ਖ਼ਤਰਨਾਕ ਕਣ ਹਵਾ 'ਚ ਲਗਾਤਾਰ ਵੱਧਦਾ ਜਾ ਰਿਹਾ ਹੈ। ਇਹ ਕਣ 8.4 ਮਾਈਕਰੋ ਗ੍ਰਾਮ ਪ੍ਰਤੀ ਕਿਊਬਿਕ ਮੀਟਰ ਨਾਲ ਸਮੱਰਥ ਹੋਣ ਦੀ ਸਥਿਤੀ 'ਚ ਹਾਨੀਕਾਰਕ ਨਹੀਂ ਹੈ। ਪਰ 40 ਮਾਈਕਰੋ ਗ੍ਰਾਮ ਪ੍ਰਤੀ ਕਿਊਬਿਕ ਮੀਟਰ ਵੱਡਾ ਹੋਣ 'ਤੇ ਇਹ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਦੇ ਇੱਕ ਖੋਜੀ ਨੇ ਦੱਸਿਆ ਕਿ ਬੀਤੀ ਅਕਤੂਬਰ 'ਚ ਅਮਰੀਕੀ ਦੂਤਘਰ ਤੋਂ ਪਤਾ ਲੱਗਾ ਕਿ ਦਿੱਲੀ ਦੀ ਹਵਾ ਬੇਹੱਦ ਪ੍ਰਦੂਸ਼ਿਤ ਹੋ ਚੁੱਕੀ, ਕਿਉਂਕਿ ਇਸ ਹਵਾ 'ਚ ਇਹ ਕਣ 248 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਨਾਲ ਵੱਡੇ ਮਿਲੇ।

*** ਜੰਕ ਫੂਡ ਦੀ ਮਾਰ :**

ਇੱਕ ਨਵੇਂ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ ਕਿ 'ਜੰਕ ਫੂਡ' ਬਣਾਉਣ ਵਾਲੀਆਂ ਕੰਪਨੀਆਂ ਫੇਸਬੁੱਕ ਵਰਗੀਆਂ ਸੋਸ਼ਲ ਸਾਈਟਾਂ ਨਾਲ ਮਿਲ ਕੇ ਨੌਜਵਾਨਾਂ ਨੂੰ ਇਸ ਦਾ ਸੁਆਦ ਪਾ ਰਹੀਆਂ ਹਨ। ਯੂਨੀਵਰਸਿਟੀ ਦੇ ਖੋਜੀਆਂ ਮੁਤਾਬਿਕ ਨਾਬਾਲਗ ਅਤੇ ਨੌਜਵਾਨ ਫੇਸਬੁੱਕ 'ਤੇ ਰੋਜ਼ ਡੋਮੀਨੋਜ਼, ਸਲਰਪੀ ਅਤੇ ਸਕਿੱਟਲਜ਼ ਵਰਗੇ ਬਰਾਂਡਾਂ ਨਾਲ ਜੁੜ ਰਹੇ ਹਨ। ਸਿਹਤ ਨੂੰ ਵਿਗਾੜ ਰਹੇ 'ਜੰਕ ਫੂਡ' ਕਰਕੇ ਨੌਜਵਾਨ ਮੋਟਾਪੇ ਅਤੇ ਹੋਰ ਖ਼ਤਰਨਾਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਹ ਸਰਵੇਖਣ ਭਾਵੇਂ ਆਸਟਰੇਲੀਆ ਦੇ ਫੇਸਬੁੱਕ ਯੂਜ਼ਰਾਂ ਉੱਪਰ ਕੀਤਾ ਗਿਆ ਹੈ, ਪਰ ਇਸਦਾ ਅਸਰ ਦੁਨੀਆਂ ਭਰ 'ਚ ਦੇਖਣ ਨੂੰ ਮਿਲ ਰਿਹਾ ਹੈ।

*** ਦੇਰ ਰਾਤ ਖਾਣਾ ਖਾਣ ਦੀ ਆਦਤ ਮਨੁੱਖੀ ਯਾਦ ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ**

ਹਾਲ ਹੀ 'ਚ ਕੀਤੀ ਇੱਕ ਖੋਜ ਦੇ ਅਨੁਸਾਰ ਦੇਰ ਰਾਤ ਖਾਣਾ-ਖਾਣ ਦੀ ਆਦਤ ਮਨੁੱਖ ਦੀ ਯਾਦ ਸ਼ਕਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਪ੍ਰਯੋਗਸ਼ਾਲਾ 'ਚ ਚੂਹੇ 'ਤੇ ਕੀਤੀ ਗਈ ਇੱਕ ਖੋਜ਼ 'ਚ ਪਤਾ ਲੱਗਾ ਹੈ ਕਿ ਦੇਰ ਰਾਤ ਖਾਣਾ ਖਾਣ ਕਾਰਨ ਚੂਹੇ ਦੀ ਯਾਦ ਸ਼ਕਤੀ 'ਤੇ ਅਸਰ ਪਿਆ। ਉਸ ਨੂੰ ਚੀਜ਼ਾਂ ਨੂੰ ਯਾਦ ਰੱਖਣ ਤੇ ਚੀਜ਼ਾਂ ਨੂੰ ਪਹਿਚਾਨਣ 'ਚ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਚੂਹੇ ਦੀ ਭੋਜਨ ਤੇ ਨੀਂਦ ਦੀ ਮਾਤਰਾ ਹੋਰਨਾਂ ਚੂਹਿਆਂ ਦੇ ਬਰਾਬਰ ਹੀ ਸੀ। ਪਰ ਉਸ ਨੂੰ ਇੱਕ ਨਿਸ਼ਚਿਤ ਸਮੇਂ ਤੱਕ ਦੇਰ ਰਾਤ ਤੱਕ ਖਾਣਾ ਦਿੱਤਾ ਗਿਆ। ਇਸ ਨਾਲ ਉਸ ਦੀ ਯਾਦਸ਼ਕਤੀ 'ਤੇ ਪ੍ਰਭਾਵ ਦੇਖਿਆ ਗਿਆ। ਖੋਜ ਤੋਂ ਬਾਅਦ ਇਹ ਸਾਫ਼ ਹੋ ਗਿਆ ਕਿ ਦੇਰ ਰਾਤ ਖਾਣਾ ਖਾਣ ਨਾਲ ਯਾਦ ਸ਼ਕਤੀ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਹ ਖੋਜ ਰਿਪੋਰਟ ਲਾਈਵ ਸਾਇੰਸ 'ਚ ਛਪੀ ਹੈ।

*** ਅਲਜ਼ਾਈਮਰ ਦਾ ਸ਼ੁਰੂਆਤੀ ਦੌਰ 'ਚ ਪਤਾ ਲਗਾਉਣ ਨਵੀਂ ਤਕਨੀਕ ਵਿਕਸਤ**

ਵਿਗਿਆਨੀਆਂ ਦੇ ਇੱਕ ਵਲ ਨੇ ਇੱਕ ਅਜਿਹੀ ਤਕਨੀਕ ਵਿਕਸਤ ਕੀਤੀ ਹੈ, ਜਿਸ ਨਾ ਅਲਜ਼ਾਈਮਰ ਦਾ ਸ਼ੁਰੂਆਤੀ ਦੌਰ 'ਚ ਪਤਾ ਲਗਾਉਣਾ ਸੰਭਵ ਹੋਵੇਗਾ। ਅਲਜ਼ਾਈਮਰ ਜਿੰਨੀ ਮਾਨਸਿਕ ਪੀੜਾ ਦੇਣ ਵਾਲੀ ਸਮੱਸਿਆ ਹੈ, ਇਸ ਦੇ ਬਾਰੇ 'ਚ ਜਾਣਨਾ ਓਨਾ ਹੀ ਮੁਸ਼ਕਿਲ ਹੈ। ਅਮੂਮਨ ਅਲਜ਼ਾਈਮਰ ਦੇ ਸ਼ੁਰੂਆਤੀ ਦਿਨਾਂ 'ਚ ਇਸ ਦੀ ਪਛਾਣ ਨਹੀਂ ਹੋ ਪਾਉਂਦੀ ਤੇ ਜਦ ਇਸ ਦਾ ਪਤਾ ਚੱਲਦਾ ਹੈ, ਤਦ ਤੱਕ ਬਿਮਾਰੀ ਘਰ ਕਰ ਚੁੱਕੀ ਹੁੰਦੀ ਹੈ। ਅਮਰੀਕਾ ਦੀ ਨਾਰਥ ਵੈਸਟਰਨ ਯੂਨੀਵਰਸਿਟੀ ਦੇ ਵਿਗਿਆਨਕਾਂ ਤੇ ਇੰਜੀਨੀਅਰਾਂ ਦੇ ਇੱਕ ਸਾਂਝੇ ਵਲ ਨੇ ਇੱਕ ਅਜਿਹੀ ਮੈਗਨੇਟਿਕ ਰੇਜ਼ੋਨੈਂਸ ਇਮੇਜਿੰਗ ਤਕਨੀਕ ਵਿਕਸਿਤ ਕੀਤੀ ਹੈ ਜੋ ਅਲਜ਼ਾਈਮਰ ਦੀ ਸ਼ੁਰੂਆਤੀ ਦੌਰ 'ਚ ਹੀ ਪਛਾਣ ਕਰਨ 'ਚ ਸਮੱਰਥ ਹੈ। ਨਿਊਰੋ ਸਾਇੰਸਦਾਨ ਡਾ. ਵਿਲੀਅਮ ਐੱਲ ਕਲੀਨ ਨੇ ਕਿਹਾ ਹੈ ਕਿ ਅਸੀਂ ਬਰੇਨ ਇਮੇਜਿੰਗ ਦੀ ਨਵੀਂ ਤਕਨੀਕ ਇਜਾਦ ਕੀਤੀ ਹੈ, ਜੋ ਅਲਜ਼ਾਈਮਰ ਕਾਰਨ ਬਣਨ ਵਾਲੇ ਟਾਕਸਿਨ ਦੀ ਪਛਾਣ ਕਰਨ 'ਚ ਸਮੱਰਥ ਹੈ। ਐਮ. ਆਰ. ਆਈ. ਰਾਹੀਂ ਅਸੀਂ ਉਸ ਟਾਕਸਿਨ ਨੂੰ ਵੇਖ ਸਕਦੇ ਹਾਂ। ਇਸ ਰਾਹੀਂ ਅਸੀਂ ਮੁੱਢਲੇ ਪੜਾਅ 'ਚ ਅਲਜ਼ੀਮਰ ਨੂੰ ਪਛਾਣ ਸਕਾਂਗੇ।

*** ਰੋਗੀ ਮਸੂੜੇ ਦਿਲ ਨੂੰ ਵੀ ਰੋਗੀ ਬਣਾ ਸਕਦੇ ਹਨ।**

ਇੱਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਮਸੂੜਿਆਂ ਦੇ ਰੋਗ ਵਾਲੇ ਲੋਕਾਂ ਨੂੰ ਦਿਲ ਦੀ ਬਿਮਾਰੀ ਲੱਗਣ ਦਾ ਵਧੇਰੇ ਖ਼ਤਰਾ ਹੁੰਦਾ ਹੈ। ਨਿਊਯਾਰਕ ਵੀ ਸਿਹਤ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਕਿਹਾ ਹੈ ਕਿ ਉੱਚਾ ਖ਼ੂਨ ਵਹਾਅ ਇੰਨਾ ਦਿਲ ਨੂੰ ਪ੍ਰਭਾਵਿਤ ਨਹੀਂ ਕਰਦਾ ਜਿੰਨਾ ਕਿ ਮਸੂੜਿਆਂ ਦੀ ਬਿਮਾਰੀ। ਵਿਗਿਆਨਕਾਂ ਅਨੁਸਾਰ ਮਸੂੜਿਆਂ ਦੀ ਬਿਮਾਰੀ ਪੈਦਾ ਕਰਨ ਵਾਲਾ ਬੈਕਟੀਰੀਆ ਅਜਿਹਾ ਮੁਲੰਮਾ ਪੈਦਾ ਕਰਨ 'ਚ ਸਹਾਇਤਾ ਕਰਦਾ ਹੈ, ਜੋ ਦਿਲ ਨੂੰ ਖ਼ੂਨ ਪਹੁੰਚਾਉਣ ਵਾਲੀਆਂ ਨਾੜਾਂ 'ਚ ਜਾ ਕੇ ਇਨ੍ਹਾਂ ਨੂੰ ਬੰਦ ਕਰ ਦਿੰਦਾ ਹੈ, ਜਿਸ ਨਾਲ ਖ਼ੂਨ ਦਾ ਵਹਾਅ ਰੁਕ ਜਾਂਦਾ ਹੈ।

*** ਹੁਣ ਫ਼ਲੂ ਦਾ ਸਥਾਈ ਇਲਾਜ ਦੂਰ ਨਹੀਂ**

ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਹੁਣ ਫ਼ਲੂ ਦਾ ਸਥਾਈ ਇਲਾਜ ਦੂਰ ਨਹੀਂ ਹੈ। ਵਿਗਿਆਨੀਆਂ ਅਨੁਸਾਰ ਇਲਾਜ ਦੌਰਾਨ ਇੱਕ ਖਾਸ ਰਸਇਣਕ ਅਮਲ ਉਸ ਅਨੈਜਾਈਮ ਨੂੰ ਬਲਾਕ ਕਰ ਦੇਵੇਗਾ, ਜੋ ਕਿ ਫ਼ਲੂ ਦੇ ਵਾਇਰਸ ਨੂੰ ਸਰੀਰ 'ਚ ਫੈਲਣ 'ਚ ਮੱਦਦ ਕਰਦਾ ਹੈ। ਇਹ ਰਸਾਇਣ 'ਨਿਊਰਾਮਾਈਨਾਸਾਈਡੇਸ' ਨਾਂ ਦੇ ਐਨਜਾਈਮ ਦੀ ਸਰਗਰਮੀ ਖ਼ਤਮ ਕਰ ਦਿੰਦਾ ਹੈ। 'ਨਿਊਰਾਮਾਈਨਾਸਾਈਡਸ' ਦੇ ਪਰਿਵਾਰ ਦਾ ਹੀ ਇੱਕ ਵਾਇਰਸ ਸਾਹ ਨਾੜੀਆਂ ਅਤੇ ਫ਼ੇਫੜਿਆਂ ਵਿੱਚ ਝੱਗ ਜਿਹੀ ਵਾਸਕ ਬਣਾਉਣੀ ਸ਼ੁਰੂ ਕਰ ਦਿੰਦਾ ਹੈ। ਪਰ ਗੈਰ ਸਰਗਰਮ ਹੋ ਜਾਣ 'ਤੇ ਇਹ ਸਾਰੇ ਕੰਮਕਾਜ ਇਕੱਲੇ ਵਾਇਰਸ ਨਹੀਂ ਕਰਦੇ। ਵਿਗਿਆਨੀਆਂ ਦਾ ਵਿਚਾਰ ਹੈ ਕਿ ਮਨੁੱਖੀ ਸਰੀਰ ਆਪ ਹੀ ਐਂਟੀਬਾਡੀਜ਼ ਬਣਾਉਣ ਦੀ ਸਮੱਰਥਾ ਰੱਖਦਾ ਹੈ, ਪਰ ਕਦੀ ਕਦੀ ਪਹਿਲਾਂ ਹੀ ਮਨੁੱਖੀ ਜਾਨਾਂ ਖ਼ਤਰੇ ਵਿੱਚ ਪੈ ਸਕਦੀਆਂ ਹਨ। ਮੈਲਬੋਰਨ ਸਥਿਤ ਬਾਇਓਮਾਲੀਕਿਊਲਰ ਇੰਜੀਅਰਿੰਗ ਐਂਡ ਜਾਨ ਕਰਨਿਨਰ ਸਕੂਲ ਆਫ਼ ਮੈਡੀਕਲ ਸਾਇੰਸ ਦੇ ਵਿਗਿਆਨੀਆਂ ਨੇ ਨਿਊਰਾਮਾਈਨਾਸਾਈਡੇਸ 'ਤੇ ਖੋਜ ਕਰਕੇ ਇਹ ਸਿੱਟਾ ਕੱਢਿਆ ਹੈ।

*** ਮੋਟਾਪੇ ਨੂੰ ਰੋਕਣ ਵਾਲੇ ਪ੍ਰੋਟੀਨ ਦੀ ਖੋਜ**

ਮੋਟਾਪੇ ਦੇ ਸ਼ਿਕਾਰ ਲੋਕਾਂ ਨੂੰ ਇਸ ਖ਼ਬਰ ਨਾਲ ਤਸੱਲੀ ਮਿਲੇਗੀ ਕਿ ਨਵੀਂ ਖੋਜ ਅਨੁਸਾਰ ਇੱਕ ਅਜਿਹੇ ਪ੍ਰੋਟੀਨ ਦੀ ਖੋਜ ਕੀਤੀ ਗਈ ਹੈ, ਜੋ ਸਰੀਰ ਵਿੱਚ ਫ਼ੈਟ ਨੂੰ ਰੋਕਦਾ ਹੈ। ਇਸ ਨਵੇਂ ਪ੍ਰੋਟੀਨ ਨੂੰ ਐੱਮ. ਏ. ਐੱਫ-1 ਦਾ ਨਾਂ ਦਿੱਤਾ ਗਿਆ ਹੈ। ਇਹ ਸਰੀਰ ਵਿੱਚ ਪਹਿਲਾਂ ਤੋਂ ਹੀ ਮੌਜੂਦ ਵਰਗਾ ਹੀ ਹੈ ਤੇ ਇਹ ਸਰੀਰ ਵਿੱਚ ਤੰਤੂਆਂ ਨੂੰ ਨਵਾਂ ਪ੍ਰੋਟੀਨ ਬਣਾਉਣ ਲਈ ਵੀ ਨਿਰੰਤਰਤਾ ਬਖਸ਼ਦਾ ਹੈ। ਇਸ ਦੀ ਖੋਜ ਹੋਣ ਨਾਲ ਸਰੀਰ ਵਿੱਚ ਜਮ੍ਹਾਂ ਫ਼ੈਟ ਨੂੰ ਕਾਬੂ ਕਰਨ ਸਬੰਧੀ ਆਸ ਪੈਦਾ ਹੋ ਗਈ ਹੈ। ਯੂਨੀਵਰਸਿਟੀ ਆਫ਼ ਸਾਊਦਰਨ ਕੈਲੇਫੋਰਨੀਆਂ ਡਾਨਿਸ ਦੇ ਸਹਾਇਕ ਪ੍ਰੋਫੈਸਰ ਸੇਆਨ ਕਰਨ ਨੇ ਦੱਸਿਆ ਕਿ ਸਰੀਰ ਵਿੱਚ ਇਸ ਪ੍ਰੋਟੀਨ ਦੀ ਹੋਂਦ ਬਾਰੇ ਦਹਾਕਿਆਂ ਤੋਂ ਪਤਾ ਹੈ, ਪਰ ਹੁਣ ਹੋਈ ਖੋਜ ਵਿੱਚ ਇਸ ਦੀ ਤਾਜ਼ੀ ਸਮੱਰਥਾ ਦਾ ਪਤਾ ਲੱਗਾ ਹੈ।

*** ਆਸਾਨੀ ਨਾਲ ਵਰਤਣ ਵਾਲੀ ਗਰਭ ਨਿਰੋਧਕ ਦਵਾਈ ਵਿਕਸਤ**

ਖੋਜੀਆਂ ਨੇ ਘੱਟ ਲਾਗਤ ਤੇ ਆਸਾਨੀ ਨਾਲ ਵਰਤੀ ਜਾ ਸਕਣ ਵਾਲੀ ਗਰਭ ਨਿਰੋਧਕ ਦਵਾਈ ਵਿਕਸਤ ਕੀਤੀ ਹੈ। ਬੀ. ਬੀ. ਸੀ. ਦੀ ਰਿਪੋਰਟ ਮੁਤਾਬਿਕ ਇਸ ਦਵਾਈ ਦੀ ਵਰਤੋਂ ਰਵਾਇਤੀ ਤਰੀਕਿਆਂ ਤੋਂ ਜ਼ਿਆਦਾ ਸੌਖੀ ਹੋਵੇਗੀ। ਇਸ ਨੂੰ ਟੀਕੇ ਰਾਹੀਂ ਲਿਆ ਜਾ ਸਕੇਗਾ। ਰਿਪੋਰਟ ਮੁਤਾਬਿਕ ਇਹ ਵਿਸ਼ੇਸ਼ ਯੰਤਰ ਹੋਵੇਗਾ, ਜਿਸ 'ਚ ਇੱਕ ਛੋਟੀ ਸੂਈ ਲੱਗੀ ਹੋਵੇਗੀ। ਇਹ ਰਵਾਇਤੀ ਸੂਈ ਤੋਂ ਬਿਲਕੁੱਲ ਵੱਖ ਹੋਵੇਗੀ। ਦਵਾਈ ਦੀ ਵਰਤੋਂ ਨਾਲ ਔਰਤ ਨੂੰ ਤਿੰਨ ਮਹੀਨੇ ਤੱਕ ਗਰਭ ਨਹੀਂ ਠਹਿਰੇਗਾ। ਰਿਪੋਰਟ ਦੇ ਅਨੁਸਾਰ ਯੰਤਰ ਨੂੰ ਇਸ ਤਰੀਕੇ ਨਾਲ ਡਿਜ਼ਾਇਨ ਕੀਤਾ ਗਿਆ ਹੈ ਕਿ ਇਸ ਦਾ ਇੱਕ ਵਾਰ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸਤੋਂ ਇਨਫੈਕਸ਼ਨ ਦਾ ਡਰ ਵੀ ਨਹੀਂ ਹੈ। ਸ਼ੁਰੂਆਤੀ ਪਰੀਖਣਾਂ 'ਚ ਦਵਾਈ ਨੇ ਚੰਗੇ ਤੇ ਹਾਂ ਪੱਖੀ ਨਤੀਜੇ ਵਿਖਾਏ ਹਨ।

**...ਤੇ ਅੰਤ ਵਿੱਚ**

ਤੁਹਾਡਾ ਬੱਚਾ ਜੇਕਰ ਛੋਟੀ ਉਮਰ ਦਾ ਹੈ ਤੇ ਤੁਹਾਡੀ ਨਸੀਹਤ ਅਤੇ ਝਿੜਕਾਂ 'ਤੇ ਧਿਆਨ ਨਹੀਂ ਦੇ ਰਿਹਾ ਤਾਂ ਉਸ ਦੀ ਮਨਸ਼ਾ ਤੁਹਾਡੀ ਅਣਦੇਖੀ ਕਰਨਾ ਨਹੀਂ ਹੈ। ਬਲਕਿ ਤੁਹਾਡੀ ਫਟਕਾਰ ਨਾਲ ਸੱਚਮੁੱਚ ਉਸ ਦੀ ਅਕਲ 'ਤੇ ਤਾਲੇ ਲੱਗ ਜਾਂਦੇ ਹਨ। ਇਹ ਵਿਗਿਆਨਕ ਖੋਜ 'ਚ ਸਾਬਤ ਹੋ ਗਿਆ ਹੈ ਕਿ ਮਾਂ-ਪਿਓ ਦੇ ਲੈਕਚਰ ਨਾਲ ਤਣਾਅ ਗ੍ਰਸਤ ਬੱਚਿਆਂ ਦਾ ਦਿਮਾਗ ਆਪਣੇ ਆਪ ਹੀ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇੱਕ ਦਿਲਚਸਪ ਅੈਧਿਐਨ ਦੇ ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਮਾਂ-ਪਿਓ ਦੀ ਅਲੋਚਨਾ ਦੇ ਸਮੇਂ ਬੱਚਿਆਂ ਦੇ ਦਿਮਾਗ ਦਾ ਉਹ ਹਿੱਸਾ ਜ਼ਿਆਦਾ ਸਰਗਰਮ ਹੋ ਜਾਂਦਾ ਹੈ ਜਿੱਥੋਂ ਨਾਂਹ ਪੱਖੀ ਭਾਵਨਾਵਾਂ ਆਉਂਦੀਆਂ ਹਨ ਤੇ ਦਿਮਾਗ ਦੇ ਉਨ੍ਹਾਂ ਹਿੱਸਿਆਂ 'ਚ ਸਰਗਰਮੀ ਘੱਟ ਹੋ ਜਾਂਦੀ ਹੈ, ਜੋ ਭਾਵਨਾਵਾਂ ਨੂੰ ਕੰਟਰੋਲ ਕਰਨ ਤੇ ਦੂਜਿਆਂ ਦੇ ਨਜ਼ਰੀਏ ਨੂੰ ਸਮਝਣ 'ਚ ਮੱਦਦ ਕਰਦੇ ਹਨ।

# ਤਰਕਸ਼ੀਲ ਆਗੂ ਡਾ. ਰਾਏਜਸਬੀਰ ਸਿੰਘ ਜੀ ਬਾਰੇ ਕੁਝ ਜਾਣਕਾਰੀ

ਜਨਮ 12 ਅਗਸਤ 1947 ਨੂੰ ਚੱਕ 73 ਆਰ ਬੀ, ਰੱਖ ਬਰਾਂਚ, ਜ਼ਿਲ੍ਹਾ ਲਾਇਲਪੁਰ ਵਿੱਚ ਹੋਇਆ ਅਤੇ ਬਚਪਨ ਰਾਹੋਂ, ਜ਼ਿਲ੍ਹਾਂ ਜਲੰਧਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿੱਚ ਬੀਤਿਆ। ਮਾਪਿਆਂ ਤੇ ਸਮੇਂ ਦੇ ਪ੍ਰਭਾਵ ਹੇਠ ਉਹ ਪੂਰਾ ਅੰਧ-ਵਿਸ਼ਵਾਸੀ ਸੀ। ਇਕ ਵਾਰ ਜਸਵੀਰ ਜੀ ਅੰਮ੍ਰਿਤਸਰ ਗਏ ਅਤੇ ਉਥੋਂ ਸ. ਸ. ਰਟੌਲ ਦੀ ਪੁਸਤਕ ਨਰੋਆ ਸਮਾਜ ਸਮੇਤ ਤਿੰਨ ਕਿਤਾਬਾਂ ਲੈ ਕੇ ਆਏ।



ਪੜ੍ਹਨ ਦੀ ਰੁਚੀ ਸੀ। ਸੋ ਇਹ ਕਿਤਾਬ ਨਰੋਆ ਸਮਾਜ ਪੜ੍ਹਦਿਆਂ ਉਹਨਾਂ ਨੇ ਆਪਣੇ ਅੰਦਰ ਅਜੀਬ ਤਬਦੀਲੀ ਮਹਿਸੂਸ ਕੀਤੀ। ਜਿਉਂ ਜਿਉਂ ਉਹ ਇਹ ਪੜ੍ਹਦਾ ਗਿਆ, ਮਨ ਅੰਧ-ਵਿਸ਼ਵਾਸ਼ ਤੋਂ ਸਾਫ਼ ਹੁੰਦਾ ਗਿਆ। ਅਗਲੇਰੀ ਪੜ੍ਹਾਈ ਦੌਰਾਨ ਉਹਨਾਂ ਬੀ.ਏ. ਭਾਗ ਪਹਿਲਾ ਵਿੱਚ ਪੁਲੀਟੀਕਲ ਸਾਇੰਸ ਵਿਸ਼ਾ ਲਿਆ। ਇਸ ਵਿਚਲੇ ਅਧਿਆਇ 1857 ਦਾ ਗ਼ਦਰ, ਗਰਮ ਦਲੀ ਵਿਚਾਰਧਾਰਾ ਤਿਲਕ ਤੇ ਲਾਲਾ ਲਾਜਪਤ ਰਾਏ, ਦੇ ਅਧਿਐਨ ਨੇ ਉਹਨਾਂ ਕਪਾਟ ਖੋਲ੍ਹ ਦਿੱਤੇ। ਉਹ ਅਚਨਚੇਤ ਹੀ ਇਸ ਵਿਚਾਰਧਾਰਾ ਦਾ ਹਾਮੀ ਬਣ ਗਿਆ। ਉਸਦੇ ਮਨ ਵਿੱਚ ਫਿਰਕਾਪ੍ਰਸਤੀ ਦੇ ਬੱਦਲ ਧੂਏਂ ਵਾਂਗ ਉਡ ਗਏ।

ਗੁਰਦਾਸਪੁਰ ਗੁਰੂ ਨਾਨਕ ਕਾਲਜ ਵਿੱਚ ਅਧਿਆਪਕੀ ਦੇ ਦੌਰਾਨ ਉਸਨੇ ਆਪਣੇ ਇਕ ਸਾਥੀ ਨਾਲ ਮਾਰਕਸ, ਲੈਨਿਨ, ਆਦਿ ਦੀਆਂ ਰਚਨਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਪ੍ਰਕਿਰਿਆ ਅਧੀਨ ਉਸਦੀ ਆਪਣੀ ਵਿਚਾਰਧਾਰਾ ਬਣਨ ਲਗੀ।

ਬਾਅਦ ਵਿੱਚ ਜਸਵੀਰ ਜੀ ਯੂਨੀਵਰਸਿਟੀ ਵਿੱਚ ਚਲਾ ਗਿਆ। 1971 ਵਿੱਚ ਪੰਜਾਬੀ ਦੀ ਐਮ. ਏ. ਕਰ ਲਈ ਸੀ। 1978 ਵਿੱਚ ਉਸਦੀ ਪੀ ਐੱਚ. ਡੀ. ਹੋ ਗਈ ਸੀ। 1981 ਵਿੱਚ ਖੋਜ ਕਾਰਜ ਵਾਸਤੇ ਕੰਬੀਨੇਸ਼ਨ ਬਨਾਉਣ ਦੀ ਖਾਤਰ ਹਿਸਟਰੀ ਦੀ ਐਮ. ਏ. ਦੀ ਡਿਗਰੀ ਹਾਸਲ ਕੀਤੀ। ਯੂਨੀਵਰਸਿਟੀ ਸੇਵਾ ਦੇ ਦੌਰਾਨ ਉਹਨਾਂ ਨੇ ਸਿੱਖ ਇਤਿਹਾਸ ਪੜ੍ਹਾਇਆ ਅਤੇ ਸਾਤਰੇ ਦੇ ਹੋਂਦਵਾਦ, ਹੁਸਰਲ ਦੇ ਵਰਤਾਰਾ ਗਿਆਨ ਤੋਂ ਇਲਾਵਾ ਮਨੁੱਖੀ ਅਧਿਕਾਰਾਂ ਦਾ ਅਧਿਆਪਨ ਵੀ ਕਰਵਾਇਆ।

ਰਿਟਾਇਰਮੈਂਟ ਲਾਗੇ ਆਈ ਵੇਖ ਕੇ ਮੈਂ ਇਕ ਤਾਂ ਰਸ਼ੀਅਨ ਦੀ ਐਮ. ਏ. ਕੀਤੀ ਅਤੇ ਆਪਣੇ ਤਰਕਸ਼ੀਲਤਾ ਦੇ ਵਿਹਾਰ ਪੱਖ ਵਾਸਤੇ ਸਾਈਕੋਥਰੈਪੀ ’ਤੇ ਕੌਂਸਲਿੰਗ ਦਾ ਕੋਰਸ ਕਰ ਲਿਆ। ਡਾਕਟਰ ਸਾਹਿਬ 1985 ਤੋਂ ਹੀ ਤਰਕਸ਼ੀਲ ਸੁਸਾਇਟੀ ਵਿੱਚ ਕੰਮ ਕਰਦਾ ਰਿਹਾ। ਅਹੁਦੇਦਾਰੀਆਂ ਵੀ ਨਿਭਾਈਆਂ ਪਰ ਜ਼ਿਆਦਾ ਰੁਚੀ ਮਾਨਸਿਕ ਰੋਗਾਂ ਦੀ ਸੰਬੰਧੀ ਵਰਤੋਂ ਵਿਹਾਰ ਪ੍ਰਤੀ ਹੀ ਰਹੀ। ਇਸ ਵਿਹਾਰਕ ਕਾਰਜ ਰਾਹੀਂ ਉਹਨਾਂ ਨੂੰ ਇਸ ਔਖੇ ਵਿਸ਼ੇ ਤੱਕ ਥਾਹ ਪਈ।

ਰਿਟਾਇਰਮੈਂਟ ਤੇ ਸੰਬੰਧਿਤ ਸੇਵਾ ਵਾਧੇ ਤੋਂ ਬਾਅਦ ਉਹ ਵਿਹਲਾ ਟਿਕ ਨਾ ਸਕਿਆ। ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਤੋਂ ਮੇਜਰ ਪ੍ਰੋਜੈਕਟ ਲਿਆ। ਇਹ ਸਿੱਖ ਧਰਮ ਬਾਰੇ ਗੁਰਮੁਖੀ ਤੇ ਫ਼ਾਰਸੀ ਸਰੋਤਾਂ ਦੇ ਅਧਿਐਨ ਬਾਰੇ ਸੀ। ਇਸ ਤਰ੍ਹਾਂ ਉਹਨਾਂ ਨੇ ਵਿਭਾਗ ਵਿਚਲੇ ਸੈਪ (ਸਪੈਸ਼ਲ ਅਸਿਸਟੈਂਟਸ ਪ੍ਰੋਗਰਾਮ) ਦੇ ਅੰਤਰਗਤ ਗ਼ਦਰ ਲਹਿਰ: ਸਰੋਤ ਅਧਿਐਨ ਵਾਲਾ ਖੋਜ ਕਾਰਜ ਲਿਆ। ਇਸ ਦੇ ਅਧੀਨ ਗ਼ਦਰ ਸਾਹਿਤ (ਨਾਵਲ, ਨਾਟਕ, ਕਹਾਣੀਆਂ, ਕਵਿਤਾਵਾਂ) ਵਿਚੋਂ ਕੇਸਰ ਸਿੰਘ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਆਦਿ ਦੀਆਂ ਰਚਨਾਵਾਂ ਦੇ ਸਰੋਤਾਂ ਬਾਰੇ ਮੁਤਾਲਿਆ ਕੀਤਾ।

ਇਸ ਤੋਂ ਬਿਨਾਂ ਗ਼ਦਰੀ ਬਾਬਿਆਂ ਦੇ ਬਿਆਨ ਤੇ ਲਈਆਂ ਗਈਆਂ ਇੰਟਰਵਿਊਆਂ, ਆਤਮ ਕਥਾਵਾਂ ਤੇ ਜੀਵਨੀਆਂ ਦੀ ਵਿਚਾਰ ਕੀਤੀ ਗਈ ਹੈ। ਇਹ ਬਿਆਨ ਤੇ ਰਚਨਾਵਾਂ ਮੁੱਢਲੇ ਸਰੋਤਾਂ ਦੇ ਅੰਤਰਗਤ ਆਉਂਦੀਆਂ ਹਨ। ਗ਼ਦਰੀ ਨੇਤਾਵਾਂ ਦੇ ਬਿਰਤਾਂਤ ਬਿਨਾਂ ਸ਼ੱਕ ਨਿਜੀ ਅਤੇ ਸਾਪੇਖਕ ਹਨ ਪਰ ਇਹ ਅੰਗਰੇਜ਼ੀ/ ਸਰਕਾਰੀ ਸਰੋਤਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਸਰੋਤਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹਨ। ਕਾਰਨ ਇਹ ਹੈ ਕਿ ਭਾਵੇਂ ਗ਼ਦਰੀ ਨੇਤਾ ਨਿਰਪੇਖ ਨਹੀਂ ਹਨ ਪਰ ਉਨ੍ਹਾਂ ਦਾ ਮਕਸਦ ਕਿਸੇ ਹੋਰ ਦੀ ਲੁੱਟ-ਘਸੁੱਟ ਕਰਨਾ ਨਹੀਂ ਸਗੋਂ ਅਜਿਹੀਆਂ ਰਚਨਾਵਾਂ ਕਰਨਾ ਸੀ ਜੋ ਦੇਸ਼ ਦੀ ਆਜ਼ਾਦੀ ਤੇ ਲੋਕ ਸੇਵਾ ਨਾਲ ਜੁੜੀਆਂ ਹੋਈਆਂ ਸਨ।

ਸਰਕਾਰੀ ਡਾਇਰੈਕਟਰੀਆਂ (1916 ਤੇ 1934 ਵਾਲੀ), ਘਟਨਾਵਲੀਆਂ ਅਤੇ ਰਿਪੋਰਟਾਂ ਤੇ ਹੋਮ ਵਿਭਾਗ ਦੀਆਂ ਕਾਰਵਾਈਆਂ ਵਾਲੀਆਂ ਫਾਈਲਾਂ ਤੱਥ ਤਾਂ ਦਰਸਾਉਂਦੀਆਂ ਹਨ ਪਰ ਇਹ ਤੱਥ ਉਸ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਵਿਚਾਰੇ ਜਾਣੇ ਚਾਹੀਦੇ ਹਨ। ਇਸ ਅਧਿਐਨ ਲਈ ਇਸ ਨੂੰ ਨੇਤਾਵਾਂ ਦੇ ਖ਼ਿਆਲਾਂ, ਆਤਮਕਥਾਵਾਂ ਦੀ ਰੌਸ਼ਨੀ ਵਿੱਚ ਰੱਖਣ ਦੀ ਜ਼ਰੂਰਤ ਹੈ।

ਨਿਜੀ ਬਿਆਨਾਂ ਤੇ ਆਤਮਕਥਾਵਾਂ ਵਿੱਚ ਇਸ ਰਚਨਾ ਦੇ, ਹਿੰਦੀਆਂ ਦੇ, ਖਾਸ ਕਰ ਬਾਬੇ ਨੇਤਾਵਾਂ ਦੇ ਇਸ ਸੰਘਰਸ਼ ਬਾਰੇ ਪੱਖ ਸਾਹਮਣੇ ਆਉਂਦੇ ਹਨ। ਰਿਪੋਰਟਾਂ ਵਿੱਚ ਸਰਕਾਰੀ ਪੱਖ ਝਲਕਦਾ ਹੈ। ਇਸ ਲਹਿਰ ਦੀ ਗੂੰਜ ਨਾਲ ਸਰਕਾਰ ਦੇ ਅੰਦਰ ਹਿਲ ਗਏ ਸਨ। ਭਾਵੇਂ ਹਿੰਦ ਦੀ ਕਿਸਮਤ ਬ੍ਰਿਟਿਸ਼ ਸਰਕਾਰ ਦੇ ਹੱਕ ਵਿੱਚ ਭੁਗਤ ਗਈ। ਪਰ ਲੋਕਾਂ ਦੀ ਚੇਤਨਾ ਅਜਿਹੀ ਜਾਗੀ ਕਿ ਉਨ੍ਹਾਂ ਨੂੰ ਸੱਚੇ ਪਾਤਸ਼ਾਹ ਅਤੇ ਅੰਗਰੇਜ਼ੀ ਬਾਦਸ਼ਾਹ ਦਾ ਅੰਤਰ ਲੱਗਣ ਲੱਗਾ। ਹੁਣ ਉਹ ਬਾਦਸ਼ਾਹ ਅੱਗੇ ਅਰਜ਼ੋਈਆਂ ਕਰਨ ਤੋਂ ਝਕਣ ਲੱਗਾ। ਸਰਕਾਰ ਸਾਰੇ ਹੀ ਖੇਤਰਾਂ ਵਿੱਚ ਕਾਮਯਾਬ ਤਾਂ ਹੋ ਗਈ ਪਰ ਬ੍ਰਿਟਿਸ਼ ਰਾਜ ਦੀ ਉਮਰ ਕਿਤੇ ਘਟ ਗਈ। ਗ਼ਦਰ ਦੀਆਂ ਮਾਰੀਆਂ ਸੱਟਾਂ ਏਨੀਆਂ ਗੁੱਝੀਆਂ ਪਰ ਕਾਰਆਮਦ ਸਾਬਤ ਹੋਈਆਂ ਕਿ ਉਹ ਰਾਜ ਜਿਸ ਅਧੀਨ ਸੂਰਜ ਵੀ ਨਹੀਂ ਡੁੱਬਦਾ ਸੀ 30 ਕੁ ਵਰ੍ਹੇ ਹੀ ਕੱਢ ਸਕਿਆ।

ਅਗਲਾ ਅਹਿਮ ਪ੍ਰੋਜੈਕਟ ਇਮੈਰੈਟਿਸ ਫੈਲੋਸ਼ਿਪ ਐਵਾਰਡ ਅਧੀਨ ਸੀ, ਜੋ ਉਹਨਾਂ ਨੂੰ ਇਸ ਸਾਲ ਅਪ੍ਰੈਲ 2014 ਵਿੱਚ ਮਿਲਿਆ। ਇਸ ਵਿੱਚ ਗ਼ਦਰ ਲਹਿਰ: ਗਲਾਸਰੀ ਵਿੱਚ ਕੰਮ ਕੀਤਾ ਜਾਣਾ ਹੈ। ਗਲਾਸਰੀ ਦੇ ਅੰਤਰਗਤ ਕਾਫੀ ਸੂਚਨਾ ਮਿਲਦੀ ਹੈ ਜਿਵੇਂ ਤਾਜੀਰਾਤੇ ਹਿੰਦ ਦੀਆਂ ਧਾਰਾਵਾਂ, ਕੈਦੀਆਂ ਦਾ ਖਾਸ ਕਰ ਕਾਲੇ ਪਾਣੀ ਵਾਲਾ ਜੀਵਨ, ਸੰਤਾਂ, ਭਗਤਾਂ ਦੀ ਆਤਮਕ ਸਾਧਨਾ, ਦੇਸ਼ਾਂ ਵਿਦੇਸ਼ਾ ਦੀਆਂ ਯਾਤਰਾਵਾਂ, ਗ਼ਦਰ ਬਾਰੇ ਧਾਰਨਾਵਾਂ (ਟੋਲੀਆਂ ਤੇ ਦੇਸ਼ ਭਗਤਾਂ ਦੀਆਂ) ਹਿੰਦੂ ਸਿੱਖ ਮੁਸਲਮਾਨਾਂ ਦੇ ਆਪਸੀ ਸੰਬੰਧ, ਕੁਝ ਵਿਸ਼ੇਸ਼ ਦਿਲਚਸਪੀ ਰੱਖਣ ਵਾਲਿਆਂ ਵੱਲੋਂ ਫਿਰਕਾਪ੍ਰਸਤੀ ਫੈਲਾਉਣ ਦੇ ਜਤਨ ਬਾਰੇ ਕਈ ਕੁਝ ਪ੍ਰਾਪਤ ਹੁੰਦਾ ਹੈ। ਖ਼ਾਸ ਕਰ ਕੈਨੇਡਾ ਯਾਤਰਾ, ਰੂਸ ਯਾਤਰਾ, ਭਗੌੜੇ ਤੇ ਵਾਅਦਾ ਮੁਆਫ਼ੀ ਦਾ ਜੀਵਨ, ਟੋਡੀਆਂ ਦੀ ਅੰਗਰੇਜ਼ ਭਗਤੀ ਦਾ ਵੀ ਪਤਾ ਚਲਦਾ ਹੈ।

ਇਸ ਪ੍ਰੋਜੈਕਟ ਦਾ ਕੰਮ ਚਲ ਰਿਹਾ ਹੈ। ਆਸ ਕਰਦੇ ਹਾਂ ਕਿ ਮਿਹਨਤ ਨਾਲ ਅਤੇ ਲੋੜੀਂਦੇ ਸਹਿਯੋਗ ਪ੍ਰਾਪਤ ਕਰਕੇ ਡਾਕਟਰ ਸਾਹਿਬ ਨਵੇਂ ਪੱਖਾਂ ਨੂੰ ਜਾਣਨ ਤੇ ਪੇਸ਼ ਕਰਨ ਵਿੱਚ ਸਫਲ ਹੋਣਗੇ।

ਜਗਦੀਸ਼ ਪੰਵਾਰ



# ਨਸ਼ਟ ਹੋ ਗਿਆ ਰਾਮਪਾਲ ਦਾ ਰਾਜਾਸ਼ਾਹੀ ਸਾਮਰਾਜ

ਧਰਮ ਅਤੇ ਪਖੰਡ ਦੇ ਬੇਲਗਾਮ ਰੱਥ ਉੱਤੇ ਸਵਾਰ ਅਖੌਤੀ ਸੰਤ ਰਾਮਪਾਲ ਕਈ ਦਿਨਾਂ ਤਕ ਨਿਆਂ ਨੂੰ ਅਤੇ ਰਾਜ ਹਕੂਮਤ ਨੂੰ ਚੁਣੌਤੀ ਦੇਂਦਾ ਰਿਹਾ। ਪਰੰਤੂ ਜਦ ਆਸ਼ਰਮ ਦੀਆਂ ਚੂਲਾਂ ਹਿਲੀਆਂ ਤਾਂ ਸਚਾਈ ਬੇਹੱਦ ਭਿਅੰਕਰ ਅਤੇ ਹੈਰਾਨ ਕਰਨ ਵਾਲੀ ਸੀ।

ਸੰਤਾਂ ਦੀ ਭਾਰਤ ਭੂਮੀ ਉੱਤੇ ਅੱਜ ਕੱਲ੍ਹ ਇੱਕ ਹੋਰ 'ਸੰਤ ਦੀ ਲੀਲਾ' ਦੇ ਚਰਚੇ ਗਰਮ ਹੋ ਰਹੇ ਹਨ। ਇੱਕ ਹਫ਼ਤੇ ਤਕ ਨਿਆਂਇਕ ਅਤੇ ਰਾਜਸੱਤਾ ਨੂੰ ਆਪਣੇ ਕਿਲੇ ਵਰਗੇ ਆਸ਼ਰਮ ਤੋਂ ਕਿਸੇ ਰਾਜਸ਼ਾਹੀ ਸਾਮੰਤ ਵਾਂਗ ਟੱਕਰ ਅਤੇ ਚੁਨੌਤੀ ਦੇਣ ਵਾਲਾ ਕਥਿਤ ਸੰਤ ਰਾਮਪਾਲ ਆਖਰ ਫੜ੍ਹਿਆਂ ਗਿਆ। ਆਪਣੇ ਨਿਜੀ ਸੁਰੱਖਿਆ ਕਰਮਚਾਰੀਆਂ ਅਤੇ ਸ਼ਰਧਾਲੂਆਂ ਦੀ ਫੌਜ ਨੂੰ ਅੱਗੇ ਕਰ ਕੇ ਉਹ ਪੁਲਿਸ ਅਤੇ ਸੁਰੱਖਿਆ ਜਵਾਨਾਂ ਨੂੰ ਲਗਾਤਾਰ ਥਕਾਉਣ ਵਿੱਚ ਕਾਮਯਾਬ ਹੋ ਰਿਹਾ ਸੀ। 19 ਨਵੰਬਰ ਨੂੰ ਆਖਰ ਉਸਨੂੰ ਰਾਜ ਹਕੂਮਤ ਦੇ ਜਵਾਨਾਂ ਅੱਗੇ ਹਾਰਨਾ ਹੀ ਪਿਆ।

ਜਦ ਇਹ ਪੱਤਰਕਾਰ ਗ੍ਰਿਫਤਾਰ ਦੇ ਦੋ ਦਿਨ ਬਾਅਦ ਹਰਿਆਣਾ ਦੇ ਬਰਵਾਲਾ ਤੋਂ ਤਿੰਨ ਕਿਲੋਮੀਟਰ ਦੂਰ ਚੰਡੀਗੜ੍ਹ ਟੋਰਾਨਾ ਰਸਤੇ ਉੱਤੇ ਬਣੇ ਵਿਸ਼ਾਲ ਮਹਲਨੁਮਾ ਆਸ਼ਰਮ ਉੱਤੇ ਪੁੱਜਾ ਤਾਂ ਵੀ ਦੇਖਿਆ ਕਿ ਬਾਹਰ ਸੈਂਕੜੇ ਲੋਕਾਂ ਦੀ ਭੀੜ ਹੈ। ਭੀੜ ਵਿੱਚ ਆਸ਼ਰਮ ਦੇ ਕਿਸੀ ਰਹੱਸ ਦੇ ਉਜਾਗਰ ਹੋਣ ਵਰਗੀ ਉਤਸੁਕਤਾ ਦਿਖਾਈ ਦੇ ਰਹੀ ਸੀ। ਲੋਕ ਖੁਸ਼ੀ ਅਤੇ ਰੋਮਾਂਚ ਨਾਲ ਭਰੇ ਹੋਏ ਸਨ। ਭੀੜ ਵਿੱਚ ਬਹੁਤੇ ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਸਨ ਜਿਹੜੇ ਆਸ਼ਰਮ ਦੀਆਂ ਗਤੀਵਿਧੀਆਂ ਉੱਤੇ ਸ਼ੱਕ ਕਰਦੇ ਆ ਰਹੇ ਸਨ ਅਤੇ ਇਸ ਤੋਂ ਪਰੇਸ਼ਾਨ ਸਨ।

ਰਾਮਪਾਲ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਹਨ। ਰਾਮਪਾਲ ਆਖਰ ਆਸਰਮ ਵਿੱਚ ਕੀ ਕਰਦਾ ਸੀ? ਉਸ ਨੇ ਆਪਣੀ ਕਮਾਂਡੋ ਫੋਰਸ ਕਿਉਂ ਬਣਾਈ? ਪੁਲਿਸ ਅਤੇ ਸੁਰੱਖਿਆ ਬਲਾਂ ਦੇ ਜਵਾਨਾਂ ਦੇ ਨਾਲ ਨਾਲ ਆਸ਼ਰਮ ਦੇ ਬਾਹਰ ਮੌਜੂਦ ਹਰ ਬੰਦਾ ਜਾਣਨਾ ਚਾਹੁੰਦਾ ਹੈ ਕਿ ਆਸ਼ਰਮ ਦੇ ਅੰਦਰ ਕੀ ਕੁੱਝ ਨਵਾਂ ਰਹੱਸ ਬਾਹਰ ਨਿਕਲ ਕੇ ਆ ਰਿਹਾ ਹੈ।

ਸਤਲੋਕ ਆਸ਼ਰਮ ਦ ਚਮਤਕਾਰ ਤੋਂ ਪਰਦਾ ਉੱਠ ਰਿਹਾ ਹੈ। ਆਸ਼ਰਮ ਦੇ ਮੁੱਖੀ ਰਾਮਪਾਲ ਅਤੇ ਉਸ ਦੇ 800 ਤੋਂ ਵੱਧ ਹਿਮਾਇਤੀਆਂ ਦੀ ਗ੍ਰਿਫਤਾਰੀ ਦੇ ਬਾਅਦ ਆਸ਼ਰਮ ਵਿੱਚ ਸਰਚ (ਖੋਜ, ਤਲਾਸ਼ੀ) ਮੁਹਿੰਮ ਚਲਦੀ ਰਹੀ। ਨਵੇਂ-ਨਵੇਂ ਖੁਲਾਸੇ ਹੁੰਦੇ ਰਹੇ। ਪਹਿਲਾਂ ਆਸ਼ਰਮ ਦੇ ਅੰਦਰ ਕੀ ਚੱਲ ਰਿਹਾ ਸੀ, ਹੁਣ ਤਕ ਕਿਸੇ ਨੂੰ ਪਤਾ ਨਹੀਂ ਸੀ।

ਇਸ ਪੱਤਰਕਾਰ ਨੇ ਦੇਖਿਆ ਕਿ ਲਗਭਗ 12 ਏਕੜ ਵਿੱਚ ਫੈਲੇ ਅਤੇ ਸਾਹਮਣੇ ਤਿੰਨ ਕੰਧਾਂ ਨਾਲ ਮਜ਼ਬੂਤ ਕਿਲੇਬੰਦੀ ਵਾਲੇ ਵਿਸ਼ਾਲ ਸਤਲੋਕ ਆਸ਼ਰਮ ਦੇ ਮੁੱਖ ਦਰਵਾਜੇ ਉੱਤੇ ਖੜ੍ਹੇ ਅਧਿਕਾਰੀ ਅੰਦਰ ਤੋਂ ਆ ਰਹੇ ਸਮਾਨ ਉੱਤੇ ਡੂੰਘਾਈ ਨਾਲ ਨਿਗਾਹ ਰੱਖ ਰਹੇ ਹਨ ਅਤੇ ਫੇਰ ਉਸ ਸਾਮਾਨ ਨੂੰ ਟਰੈਕਟਰਾਂ ਵਿੱਚ ਭਰ ਕੇ ਪੁਲਿਸ ਦੀ ਦੇਖ ਰੇਖ ਵਿੱਚ ਭੇਜਿਆ ਜਾ ਰਿਹਾ ਸੀ। ਆਸ਼ਰਮ ਦੇ ਅੰਦਰ ਸਿਰਫ ਜਾਂਚ ਟੀਮ ਦੇ ਮੈਂਬਰ ਮੌਜੂਦ ਸਨ। ਹੋਰ ਕਿਸੇ ਨੂੰ ਵੀ ਅੰਦਰ ਜਾਣ ਦੀ ਆਗਿਆ ਨਹੀਂ ਸੀ। ਤਿੰਨ ਦਿਨ ਪਹਿਲਾਂ ਪੁਲਿਸ ਤੋਂ ਕੁੱਟਾਪਾ ਖਾ ਚੁੱਕਿਆ ਮੀਡੀਆ 30 ਫੁੱਟ ਦੂਰ ਤੋਂ ਹੀ ਤਮਾਸ਼ਾ ਦੇਖ ਰਿਹਾ ਸੀ।

ਸ਼ੱਕ ਭਰਪੂਰ ਆਸ਼ਰਮ: 4-5 ਦਿਨ ਤਕ ਆਸ਼ਰਮ ਹਿਮਾਇਤੀਆਂ ਅਤੇ ਪੁਲਿਸ ਦੇ ਵਿੱਚ ਹੋਈ ਹਿੰਸਕ ਝੜਪ ਦੇ ਬਾਅਦ ਆਸ਼ਰਮ ਤੋਂ ਹਜ਼ਾਰਾਂ ਇਸਤਰੀਆਂ ਆਦਮੀ, ਬੱਚੇ, ਸ਼ਰਧਾਲੂਆਂ ਨੂੰ ਬਾਹਰ ਕੱਢਿਆ ਗਿਆ। ਇਹਨਾਂ ਵਿੱਚੋਂ 6 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ 4 ਇਸਤਰੀਆਂ ਸਨ। ਆਸ਼ਰਮ ਦੇ ਅੰਦਰ ਤੋਂ ਭਾਰੀ ਮਾਤਰਾ ਵਿੱਚ ਹਥਿਆਰ, ਲਾਠੀਆਂ, ਤੇਜ਼ਾਬ ਦੀਆਂ ਬੋਤਲਾਂ, ਪੈਟਰੋਲ ਬੰਬ, ਹਜ਼ਾਰਾਂ ਗੁਲੇਲਾਂ, ਕਮਾਂਡੋ ਡਰੈੱਸਾਂ ਮਿਲਣ ਨਾਲ ਸਨਸਨੀ ਫੈਲੀ ਹੋਈ ਹੈ। ਹਜ਼ਾਰਾਂ ਭਗਤਾਂ ਨੂੰ ਬਾਹਰ ਕੱਢਣ ਦੇ 2 ਦਿਨ ਬਾਅਦ ਆਸ਼ਰਮ ਵਿੱਚ ਇਸਤਰੀਆਂ ਦੇ ਅੰਦਰਲੇ ਕੱਪੜੇ, ਨਿਰੋਧ, ਨਸੀਲੀਆਂ ਦਵਾਈਆਂ, ਗਰਭਪਾਤ ਕਰਾਉਣ ਦੀ ਕਿੱਟ ਅਤੇ ਇੱਕ ਬੇਹੋਸ਼ ਦੇ ਮਿਲਣ ਦੀ ਖਬਰ ਤੋਂ ਆਸ਼ਰਮ ਹੋਰ ਵੀ ਸ਼ੱਕ ਭਰਪੂਰ ਲੱਗ ਰਿਹਾ ਸੀ। ਆਸ਼ਰਮ ਤੋਂ ਲੈਪਟੋਪ, ਕੰਪਿਊਟਰ, ਹਾਈਡਿਸਕ ਸੀਡੀ, ਡਾਇਰੀਆਂ ਵੀ ਮਿਲੀਆਂ ਹਨ। ਆਸ਼ਰਮ ਦੇ ਅੱਗੇ ਦੀ ਬਾਹਰੀ ਕੰਧ ਟੁੱਟੀ ਹੋਈ ਹੈ। ਅੰਦਰ ਭਗਤਾਂ ਦੇ ਰਹਿਣ ਦੀ ਜਗ੍ਹਾਂ ਨਜ਼ਰ ਆ ਰਹੀ ਸੀ। ਟੁੱਟੀ ਕੰਧ ਦੇ ਪਾਸ ਦਰਜਨਾਂ ਗਰਦਾ ਭਰੀਆਂ ਮੋਟਰਸਾਇਕਲਾਂ ਖੜ੍ਹੀਆਂ ਸੀ। ਇਹ ਸ਼ਾਇਦ ਆਸ਼ਰਮ ਵਿੱਚ ਕਰਮਚਾਰੀਆਂ ਦੀਆਂ ਹਨ। ਦਾਅਵਾ ਕੀਤਾ ਰਿਹਾ ਹੈ ਕਿ ਆਸ਼ਰਮ ਵਿੱਚ ਸੁਰੱਖਿਆ, ਸਫਾਈ, ਖਾਨਪਾਨ, ਹਿਸਾਬ ਕਿਤਾਬ ਦੇਖਣ ਵਾਲੇ ਆਦਿ ਸੈਂਕੜੇ ਕਰਮਚਾਰੀ ਸਨ। ਕੰਧ ਨੂੰ ਪੁਲਿਸ ਦੁਆਰਾ ਜੇਸੀਬੀ ਮਸ਼ੀਨਾਂ ਲਗਾ ਕੇ ਤੋੜ ਦਿੱਤਾ ਗਿਆ ਕਿਉਂਕਿ ਇਸ ਦੀਵਾਰ ਸਮੇਤ ਅੰਦਰ ਤਹਿਖਾਨਾ ਅਤੇ ਮੰਜ਼ਲਾਂ ਬਣਾਉਣ ਦੇ ਲਈ ਕੋਈ ਆਗਿਆ ਨਹੀਂ ਲਈ ਗਈ ਸੀ। ਆਸ਼ਰਮ ਨੂੰ ਹਾਈਵੋਲਟੇਜ਼ ਦਾ ਕਨੈਕਸ਼ਨ ਵੀ ਦੇ ਦਿੱਤਾ ਗਿਆ ਸੀ। ਕਿਉਂ ਅਤੇ ਕਿਵੇਂ ਦਾ ਜਵਾਬ ਕੋਈ ਦੇਣ ਨੂੰ ਤਿਆਰ ਨਹੀਂ ਲੱਗ ਰਿਹਾ ਹੈ, ਪ੍ਰਸ਼ਾਸਨ ਨੇ ਇਸ ਸਾਰੇ ਨਿਰਮਾਣ ਉੱਤੇ ਪਹਿਲਾਂ ਅੱਖਾਂ ਬੰਦ ਕਰੀ ਰੱਖੀਆਂ

ਰਾਮਪਾਲ ਦੇ ਰੋਹਤਕ ਜ਼ਿਲ੍ਹੇ ਦੇ ਕਰੌਥਾ ਆਸ਼ਰਮ ਵਿੱਚ ਗੋਲੀਬਾਰੀ ਨਾਲ ਇੱਕ ਆਦਮੀ ਦੀ ਮੌਤ ਦੇ ਬਾਅਦ ਉਸ ਦੇ ਖਿਲਾਫ 2006 ਵਿੱਚ ਰੋਹਤਕ ਦੇ ਸਦਰ ਥਾਨਾ ਵਿੱਚ ਹੱਤਿਆ ਦਾ ਕੇਸ ਦਰਜ



ਹੋਇਆ ਸੀ। ਉਥੇ ਰਾਮਪਾਲ ਦਾ ਪਹਿਲਾਂ ਸਭ ਤੋਂ ਵੱਡਾ ਹਿੰਸਕ ਸੰਘਰਸ਼ ਹੋਇਆ ਸੀ। ਉਹ ਕੁੱਝ ਸਮੇਂ ਜੇਲ ਵਿੱਚ ਵੀ ਰਿਹਾ। ਫੇਰ ਉਸਨੂੰ ਜਮਾਨਤ ਮਿਲ ਗਈ ਪਰ ਅਦਾਲਤ ਵਿੱਚ ਪੇਸ਼ੀਆਂ ਉੱਤੇ ਗੈਰਹਾਜ਼ਰ ਰਹਿਣ ਲੱਗਾ। ਇਸੇ ਕਾਰਨ ਤੋਂ ਉਸ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ।

ਇਸ ਸੰਘਰਸ਼ ਕਰਕੇ, ਉਸ ਦਾ ਭਗਤਾਂ ਨੂੰ ਆਪਣੇ ਪ੍ਰਵਚਨਾਂ ਵਿੱਚ ਆਰੀਆ ਸਮਾਜੀਆਂ ਦੇ ਵਿਰੁੱਧ ਖੂਬ ਜ਼ਹਿਰ ਉਗਲਦਾ ਸੀ। ਉਸ ਦੀਆਂ ਲਿਖੀਆਂ ਕਿਤਾਬਾਂ ਵਿੱਚ ਵੀ 'ਸੱਤਿਆਰਥ ਪ੍ਰਕਾਸ਼' ਦਾ ਮਖ਼ੌਲ ਉੱਡਾਇਆ ਗਿਆ ਹੈ। ਇਸ ਨਾਲ ਆਰੀਆ ਸਮਾਜ ਦੇ ਲੋਕ ਭੜਕ ਗਏ ਸਨ ਅਤੇ ਰਾਮਪਾਲ ਨੂੰ ਬਾਜ ਆਉਣ ਦੀ ਚੇਤਾਵਨੀ ਦਿੱਤੀ ਸੀ।

ਰਾਮਪਾਲ ਨੇ 2008 ਦੇ ਬਾਅਦ ਅਦਾਲਤ ਵਿੱਚ ਪੇਸ਼ੀ ਉੱਤੇ ਜਾਣਾ ਬੰਦ ਕਰ ਦਿੱਤਾ ਅਤੇ ਉਸ ਦੇ ਹਿਮਾਇਤੀ ਵਕੀਲਾਂ ਨਾਲ ਉਲਝ ਪੈਂਦੇ ਸਨ। ਰਾਮਪਾਲ ਦੁਆਰਾ ਜੱਜਾਂ ਦੇ ਖਿਲਾਫ਼ ਪਰਚੇ ਵੰਡੇ ਗਏ ਜਿਸ ਵਿੱਚ ਲਿਖਿਆ ਹੁੰਦਾ ਸੀ, ਭ੍ਰਿਸ਼ਟ ਜੱਜ ਕੁਮਾਰਗ ਉੱਤੇ ਹੈ। ਅਜਿਹਾ ਕਰਕੇ ਉਸ ਨੇ ਨਿਆਂਪਾਲਿਕਾ ਅਤੇ ਸ਼ਾਸਨਪ੍ਰਸ਼ਾਸਨ ਨਾਲ ਸਿੱਧਾ ਟਕਰਾਓ ਮੁੱਲ ਲੈ ਲਿਆ।

ਹਿਸਾਰ ਜ਼ਿਲ੍ਹਾ ਅਦਾਲਤ ਦੇ ਐਡਵੋਕੇਟ ਸੁੰਦਰ ਲਾਲ ਸੈਨੀ ਕਹਿੰਦੇ ਹਨ, "ਅਦਾਲਤ ਦੀ ਤਰੀਕ ਦੇ ਆਸਪਾਸ ਉਹ ਜਾਣਬੁੱਝ ਕੇ ਆਸ਼ਰਮ ਵਿੱਚ ਸਤਿਸੰਗ ਰੱਖਦਾ ਸੀ ਅਤੇ ਆਪਣੇ ਹਜ਼ਾਰਾਂ ਸ਼ਰਧਾਲੂਆਂ ਨੂੰ ਇਕੱਠਾ ਕਰਦਾ ਸੀ। ਉਸ ਦੇ ਹਜ਼ਾਰਾਂ ਪੈਰੋਕਾਰ ਅਦਾਲਤ ਵਿੱਚ ਰੌਲਾਂਰੱਪਾ ਕਰਦੇ ਸਨ। ਵਕੀਲਾਂ ਨਾਲ ਬਦਸਲੂਕੀ ਕਰਦੇ ਸਨ ਅਤੇ ਜੱਜਾਂ ਉੱਤੇ ਦਬਾਅ ਬਣਾਉਂਦੇ ਸਨ, ਧਮਕਾਉਂਦੇ ਵੀ ਸਨ। ਵਕੀਲਾਂ ਨੂੰ ਉਸ ਤੇ ਖਿਲਾਫ ਹੜਤਾਲ ਕਰਨੀ ਪਈ। ਪੁਲਿਸ ਜਦ ਵਾਰੰਟ ਤਾਮੀਲ ਕਰਾਉਣ ਜਾਂਦੀ ਤਾਂ ਹਿਮਾਇਤਿਆਂ ਦੁਆਰਾ ਪੁਲਿਸ ਨੂੰ ਧਮਕਾਇਆ ਜਾਂਦਾ ਸੀ। ਅਸੀਂ ਉਸ ਦੀ ਜ਼ਿਆਦਤੀ ਦੀ ਸ਼ਿਕਾਇਤ ਚੰਡੀਗੜ੍ਹ ਹਾਈਕੋਰਟ ਵਿੱਚ ਭੇਜੀ ਸੀ। ਫੇਰ ਵੀ ਉਸ ਨੇ ਕੋਈ ਪਰਵਾਰ ਨਹੀਂ ਕੀਤੀ। ਉਹ ਆਪਣੇ ਆਪ ਨੂੰ ਅਦਾਲਤੀ ਹੁਕਮ ਦੀ ਅਣਦੇਖੀ ਕਰਦਾ ਰਿਹਾ। ਉਹ ਸਰਕਾਰ ਅਤੇ ਅਦਾਲਤ ਨੂੰ ਚੁਣੌਤੀ ਦੇਣ ਲੱਗਾ ਸੀ।"

2008 ਦੇ ਬਾਅਦ ਰਾਮਪਾਲ ਅਦਾਲਤ ਵਿੱਚ ਹਜ਼ਾਰ ਨਹੀਂ ਹੋਇਆ। ਉਹਦੇ ਖਿਲਾਫ਼ 40 ਤੋਂ ਵੱਧ ਵਾਰ ਵਾਰੰਟ ਜਾਰੀ ਕੀਤੇ ਜਾ ਚੁੱਕੇ ਸਨ ਫੇਰ ਵੀ ਉਹ ਟਾਲਮਟੋਲ ਕਰਦਾ ਰਿਹਾ। ਬਿਮਾਰੀ ਦਾ ਬਹਾਨਾ ਖੋਜਦਾ ਸੀ। ਆਖਿਰ ਪੰਜਾਬ ਐਂਡ ਚੰਡੀਗੜ੍ਹ ਹਾਈਕੋਰਟ ਨੇ ਇਸ ਪਖੰਡੀ ਦੀ ਇੱਛਾ ਨੂੰ ਸਮਝਿਆ ਅਤੇ ਗੈਰਜ਼ਮਾਨਤੀ ਵਾਰੰਟ ਜਾਰੀ ਕੀਤੇ। ਪੁਲਿਸ ਵਾਰ-ਵਾਰ ਵਾਰੰਟ ਤਾਮੀਲ ਕਰਾਉਣ ਵਿੱਚ ਨਾਕਾਮ ਰਹੀ ਤਾਂ ਪੁਲਿਸ ਨੂੰ ਕਈ ਵਾਰ ਝਿੜਕ ਸੁਣਨੀ ਪਈ। ਤਾਜ਼ਾਂ ਵਾਰੰਟ ਜਾਰੀ ਕਰਨ ਦੇ ਬਾਵਜੂਦ ਪੁਲਿਸ ਉਸਨੂੰ ਫ਼ੜਨ ਵਿਚ ਨਾਕਾਮ ਰਹੀ ਤਾਂ ਅੰਤ ਵਿੱਚ ਹਾਈਕੋਰਟ ਨੂੰ ਕਹਿਣਾ ਪਿਆ ਕਿ ਸਰਕਾਰ ਜੇਕਰ ਰਾਮਪਾਲ ਨੂੰ ਪੇਸ਼ ਨਹੀਂ ਕਰ ਸਕਦੀ ਤਾਂ ਮੁੱਖ ਮੰਤਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਇਸ ਤੋਂ ਆਸ਼ਰਮ ਦੇ ਬਾਹਰ ਤਣਾਅ ਫੈਲ ਗਿਆ ਕਿਉਂਕਿ ਰਾਮਪਾਲ ਦੇ ਹਿਮਾਇਤੀ ਕਹਿੰਦੇ ਸਨ ਕਿ ਉਹ ਕਾਨੂੰਨ ਅਤੇ ਸਰਕਾਰ ਨੂੰ ਨਹੀਂ ਮੰਨਦੇ, ਉਹ ਤਾਂ ਕਥਿਤ ਰੱਬ ਦੇ ਦੂਤ ਨੂੰ ਮੰਨਦੇ ਹਨ ਜੋ ਰਾਮਪਾਲ ਹੀ ਹੈ।

ਸੋਚੀ ਸਮਝੀ ਰਣਨੀਤੀ: ਅਦਾਲਤ ਦੀ ਸਖਤੀ ਤੇ ਬਾਅਦ ਸਰਕਾਰ ਨੂੰ ਰਾਮਪਾਲ ਦੀ ਗ੍ਰਿਫਤਾਰੀ ਦੇ ਪੱਕੇ ਪ੍ਰਬੰਧ ਕਰਨੇ ਪਏ ਕਿਉਂਕਿ ਹਜ਼ਾਰਾਂ ਹਿਮਾਇਤੀ ਸਤਲੋਕ ਆਸ਼ਰਮ ਵਿੱਚ ਡੇਰਾ ਪਾਈ ਰਾਮਪਾਲ ਦੀ ਹਿਫ਼ਾਜ਼ਤ ਦੇ ਲਈ ਜਾਨ ਦੇਣ ਦੀ ਗੱਲ ਕਰ ਰਹੇ ਸਨ। ਪ੍ਰਸ਼ਾਸਨ ਦੁਆਰਾ ਇਸ ਨਾਲ ਨਿਬਟਣ ਦੇ ਲਈ ਭਾਰੀ ਸੰਖਿਆ ਵਿੱਚ ਪੁਲਿਸ ਬਲ ਤੈਨਾਤ ਕੀਤਾ ਗਿਆ ਪਰੰਤੂ ਰਾਮਪਾਲ ਨੂੰ ਸ਼ਾਇਦ ਪਹਿਲਾਂ ਤੋਂ ਅੰਦਾਜਾਂ ਸੀ ਕਿ ਹੁਣ ਉਹ ਅਦਾਲਤੀ ਸ਼ਿਕੰਜੇ ਤੋਂ ਬਚ ਨਹੀਂ ਸਕੇਗਾ। ਇਸ ਲਈ ਉਸ ਨੇ 7 ਦਿਨ ਦਾ ਸਤਿਸੰਗ ਦਾ ਪ੍ਰਬੰਧ ਰੱਖਿਆ ਅਤੇ ਆਪਣੇ ਹਜ਼ਾਰਾਂ ਹਿਮਾਇਤੀਆਂ ਨੂੰ ਆਸ਼ਰਮ ਵਿੱਚ ਇਕੱਠਾ ਕਰ ਲਿਆ। ਆਸ਼ਰਮ ਦੀ ਕਿਲੇਬੰਦੀ ਕਰ ਦਿੱਤੀ ਗਈ। ਹਥਿਆਰ, ਲਾਠੀਆ, ਪੈਟਰੋਲ ਬੰਬ, ਇੱਟਾਂ, ਪੱਥਰ ਆਦਿ ਸਮਾਨ ਪੁਲਿਸ ਨਾਲ ਮੁਕਾਬਲੇ ਦੇ ਲਈ ਤਿਆਰ ਕਰ ਲਿਆ ਗਿਆ। ਰਾਮਪਾਲ ਦੀ 'ਸੈਨਾ' ਆਸ਼ਰਮ ਦੀ ਛੱਤ ਅਤੇ ਕੰਧਾਂ ਉੱਤੇ ਜੰਗ ਦੇ ਲਈ ਆ ਡਟੀ। ਇਸਤਰੀਆਂ ਅਤੇ ਬੱਚਿਆਂ ਨੂੰ ਵੀ ਅੱਗੇ ਕਰ ਦਿੱਤਾ ਗਿਆ। ਰਾਮਪਾਲ ਆਸ਼ਰਮ ਵਿੱਚ ਲੁਕਿਆ ਰਿਹਾ। ਪੁਲਿਸ ਨੇ ਆਸ਼ਰਮ ਦੇ ਸੰਚਾਲਕਾਂ ਨੂੰ ਵਾਰ-ਵਾਰ ਰਾਮਪਾਲ ਨੂੰ ਉਸਨੂੰ ਸਪੁਰਦ ਕਰਨ ਲਈ ਕਿਹਾ। ਵਿੱਚ ਪ੍ਰੁੱਜੋ। ਉਹ ਭਗਤਾਂ ਨੂੰ ਮਰਿਆਦਾ ਵਿੱਚ ਬੰਨ੍ਹ ਕੇ ਰੱਖਦਾ ਸੀ। ਉਹ ਕਹਿੰਦਾ ਸੀ ਕਿ ਭਗਤਾਂ ਨੂੰ ਗੁਰੂਮਰਿਆਦਾ ਵਿੱਚ ਰਹਿਣਾ ਜ਼ਰੂਰੀ ਹੈ। ਉਹ ਆਪਣੀ ਹਰ ਗੱਲ ਨੂੰ ਮੰਨਣ ਲਈ ਕਹਿੰਦਾ ਸੀ।

ਹਰ ਬਾਬੇ ਵਾਂਗ ਰਾਮਪਾਲ ਵੀ ਆਪਣੇ ਭਗਤਾਂ ਤੋਂ ਸੁਖ, ਸ਼ਾਂਤੀ, ਅਮੀਰੀ ਦੇ ਲਈ ਪੂਜਾ ਪਾਠ ਦੇ ਬਦਲੇ ਵਿੱਚ 8 ਤੋਂ 10 ਹਜ਼ਾਰ ਰੁਪਏ ਲੈਂਦਾ ਸੀ।

ਪੁਲਿਸ ਨੇ ਆਤਮ ਸਮਰਪਣ ਕਰਾਉਣ ਦੇ ਲਈ ਰਾਮਪਾਲ ਦੇ ਭਰੋਸੇਮੰਦ ਦੋ ਲੀਡਰਾਂ ਦੇ ਜ਼ਰੀਏ ਉਸ ਨਾਲ ਗੱਲ ਵੀ ਕੀਤੀ ਪਰ ਕੋਈ ਲਾਭ ਨਹੀਂ ਹੋਇਆ। ਪੁਲਿਸ ਨੇ ਰਾਮਪਾਲ ਦੇ ਪੁੱਤਰ ਨੂੰ ਕਬਜ਼ੇ ਵਿਚ ਲੈ ਕੇ ਧਮਕਾਇਆ ਤਾਂ ਉਸ ਨੇ ਆਪਣੇ ਪਿਤਾ ਨਾਲ ਗੱਲ ਕੀਤੀ, ਤਦ ਜਾ ਕੇ ਉਹ ਸਮਰਪਣ ਨੂੰ ਰਾਜ਼ੀ ਹੋਇਆ।

ਰਾਮਪਾਲ ਦੀ ਗ੍ਰਿਫਤਾਰੀ ਦੇ ਬਾਅਦ ਉਸ ਦੇ ਪਖੰਡ ਦੇ ਕਿੱਸੇ ਖੁੱਲ੍ਹਣੇ ਸ਼ੁਰੂ ਹੋ ਗਏ। ਉਸ ਦੇ ਖਿਲਾਫ ਕਤਲ ਦੀ ਕੋਸ਼ਿਸ਼, ਦੇਸ਼ਧਰੋਹ ਸਹਿਤ ਭਿੰਨ-ਭਿੰਨ ਧਾਰਾਵਾਂ ਵਿੱਚ ਦੋ ਦਰਜਨ ਤੋਂ ਜ਼ਿਆਦਾ ਕੇਸ ਦਰਜ ਕੀਤੇ ਗਏ ਹਨ। ਆਸ਼ਰਮ ਦੀ ਤਲਾਸ਼ੀ ਵਿੱਚ ਤਰ੍ਹਾਂ-ਤਰ੍ਹਾਂ ਦੇ ਸਮਾਨ ਮਿਲ ਰਹੇ ਹਨ। ਜਾਂਚ ਦਾ ਕੰਮ ਇੱਕ ਐਸ. ਆਈ. ਟੀ. ਗਠਿਤ ਕਰ ਕੇ ਉਸਨੂੰ ਸੰਭਾਲਿਆ ਗਿਆ ਹੈ। ਜਾਂਚ ਤੋਂ ਪਤਾ ਚੱਲਿਆ ਹੈ ਕਿ ਰਾਮਪਾਲ ਦੇ ਤਿੰਨ ਵਿੱਚ 2 ਟਰੱਸਟ ਹੀ ਰਜਿਸਟਰਡ ਹਨ। ਇੱਕ, ਕਬੀਰ ਪਰਮੇਸ਼ਵਰ ਭਗਤੀ ਟਰੱਸਟ (ਹਿਸਾਰ) ਅਤੇ ਦੂਜਾ, ਬੰਦੀ ਛੋੜ ਭਗਤੀ ਮੁਕਤੀ ਟਰੱਸਟ (ਲੁਧਿਆਣਾ) ਆਸ਼ਰਮ ਦੇ ਆਸਪਾਸ ਦੇ ਪਿੰਡ ਵਾਲੇ ਪ੍ਰੇਸ਼ਾਨ ਸਨ। ਸ੍ਰੀ ਕ੍ਰਿਸ਼ਨ,

ਸ੍ਰੀ ਕ੍ਰਿਸ਼ਨ,ਸਾਬਕਾ ਸਰਪੰਚ, ਢਾਣੀ ਪ੍ਰੇਮ ਨਗਰ: ਆਸ਼ਰਮ ਦੇ ਨਜ਼ਦੀਕ ਪਿੰਡ ਢਾਣੀ ਪ੍ਰੇਮ ਨਗਰ ਦੇ ਸਾਬਕਾ ਸਰਪੰਚ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਰਾਮਪਾਲ ਦੀ ਗ੍ਰਿਫ਼ਤਾਰੀ ਨਾਲ ਆਸਪਾਸ ਦੇ ਲੋਕ ਬਹੁਤ ਖੁਸ਼ ਹਨ ਕਿਉਂਕਿ ਆਸ਼ਰਮ ਦੇ ਕਾਰਨ ਸਥਾਨਕ ਲੋਕ ਬਹੁਤ ਪ੍ਰੇਸ਼ਾਨ ਸਨ।

ਰਾਮਪਾਲ ਦੇ ਚੇਲੇ ਗੱਡੀਆਂ ਨੂੰ ਖੇਤਾਂ ਵਿੱਚ ਖੜ੍ਹਾਂ ਦੇਂਦੇ ਸਨ। ਜਦ ਚਾਹੁੰਣ ਰਸਤਾ ਜਾਮ ਕਰ ਦੇਂਦੇ ਸਨ। ਆਸ਼ਰਮ ਦੇ ਅੰਦਰ ਕੀ ਚੱਲ ਰਿਹਾ ਹੈ, ਕਿਸੇ ਨੂੰ ਪਤਾ ਨਹੀਂ ਹੁੰਦਾ ਸੀ। ਰਾਮਪਾਲ ਦੇ ਭਗਤ ਫ਼ਸਲ ਖਰਾਬ ਕਰ ਦੇਂਦੇ ਸਨ। ਖੇਤਾਂ ਵਿੱਚ ਟੱਟੀ ਪਿਸ਼ਾਬ ਕਰਦੇ ਸਨ। ਆਸ਼ਰਮ ਵਿੱਚ ਸੀਵਰ ਦਾ ਪ੍ਰਬੰਧ ਨਾ ਹੋਣ ਕਾਰਨ ਆਸ਼ਰਮ ਦੇ ਪਿੰਡਾਂ ਵਿੱਚ

ਬਦਬੂ ਫੈਲ ਜਾਂਦੀ ਸੀ। ਖੇਤਾਂ ਵਿੱਚ ਗੰਦਗੀ ਆਉਂਦੀ ਸੀ। ਰਾਜਪਾਲ ਨੂੰ ਆਮ ਲੋਕਾਂ ਨਾਲ ਕੋਈ ਮਤਲਬ ਨਹੀਂ ਸੀ। ਉਸ ਦੇ ਜ਼ਿਆਦਾਤਰ ਪੈਰੋਕਾਰ ਬਾਹਰ ਦੇ ਰਾਜਾਂ ਦੇ ਹਨ। ਕੌਣ ਕੀ ਹੈ, ਕਿਸੇ ਨੂੰ ਪਤਾ ਨਹੀਂ ਪਤਾ, ਇਸ ਲਈ ਆਸਪਾਸ ਦੇ ਸਥਾਨਕ ਲੋਕਾਂ ਵਿੱਚ ਡਰ ਬਣਿਆਂ ਰਹਿੰਦਾ ਸੀ।

ਢਾਣੀ ਪ੍ਰੇਮ ਨਗਰ, ਖਰਕੜਾ, ਗੈਬੀਪੁਰ, ਬਰਵਾਲਾ ਦੇ ਨਿਵਾਸੀਆਂ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਸੀ। ਆਸ਼ਰਮ ਸ਼ੁਰੂ ਤੋਂ ਹੀ ਆਸਪਾਸ ਦੇ ਪਿੰਡ ਵਾਲਿਆਂ ਦੀ ਨਜ਼ਰ ਵਿੱਚ ਸ਼ੱਕ ਦੇ ਘੇਰੇ ਵਿੱਚ ਰਿਹਾ ਹੈ। ਲੋਕ ਕਈ ਵਾਰ ਵਿਰੋਧ ਜਤਾ ਚੁੱਕੇ ਹਨ। ਨਜ਼ਦੀਕ ਦੇ ਆਮ ਲੋਕਾਂ ਨੂੰ ਆਸ਼ਰਮ ਵਿੱਚ ਜਾਣ ਦੀ ਆਗਿਆ ਨਹੀਂ ਸੀ। ਆਸ਼ਰਮ ਵਿੱਚ ਬਹੁਤ ਘੱਟ ਚੇਲੇ ਹਰਿਆਣਾ ਦੇ ਹਨ ਜੋ ਆਸ਼ਰਾਮ ਦੇ ਹਨ, ਉਹ ਮਾਲ ਵਿੱਚ ਹਿੱਸੇਦਾਰ ਹਨ।

ਬੇਸ਼ੁਮਾਰ ਜਾਇਦਾਦ ਦਾ ਮਾਲਕ: ਰਾਮਪਾਲ ਦੀਆਂ ਜ਼ਿਆਦਾਤਰ ਜਾਇਦਾਦਾਂ ਬੰਦੀ ਛੋੜ ਭਗਤੀ ਮੁਕਤੀ ਟਰੱਸਟ ਦੇ ਅੰਤਰਗਤ ਹਨ। ਇਸ ਟਰੱਸਟ ਦੇ ਨਾਂ ਨਾਲ ਉਸ ਨੇ ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਦੇ ਨੇੜੇ ਉੜਦਨ ਪਿੰਡ ਵਿੱਚ 50 ਏਕੜ ਜਮੀਨ ਲਈ ਸੀ ਜਿਸ ਉੱਤੇ ਆਸ਼ਰਮ ਉਸਾਰੀ ਅਧੀਨ ਹੈ। ਸਾਢੇ 4 ਏਕੜ ਦੀ ਜਮੀਨ ਉੱਤੇ ਬਣਿਆਂ ਕਰੌਥਾਂ ਆਸ਼ਰਮ, ਦੌਲਤਪੁਰ ਵਿੱਚ 2 ਏਕੜ ਅਤੇ ਸਤਲੋਕ ਆਸ਼ਰਮ ਦੀ 12 ਏਕੜ ਜਮੀਨ ਖਰੀਦੀ ਗਈ। ਜਾਂਚ ਵਿੱਚ ਹਾਲੇ ਤਕ ਕਬੀਰ ਪਰਮੇਸ਼ਵਰ ਭਗਤੀ ਟਰੱਸਟ ਦੀ ਜਾਇਦਾਦ ਨਹੀਂ ਆਂਕੀ ਗਈ। ਅਨੁਮਾਨ ਹੈ ਕਿ ਰਾਜਪਾਲ ਦੇ ਪਾਸ 250 ਕਰੋੜ ਤੋਂ ਵੱਧ ਦੀ ਜਾਇਦਾਦ ਹੈ। ਸਾਬਕਾ ਸਰਪੰਚ ਧਰਮਪਾਲ ਜੀ ਕਹਿੰਦੇ ਹਨ, "ਲੋਕਾਂ ਨੂੰ ਇਸ ਗੱਲ ਦਾ ਵੀ ਡਰ ਰਹਿੰਦਾ ਸੀ ਕਿ ਉਨ੍ਹਾਂ ਨੂੰ ਕਿਤੇ ਆਪਣੀ ਜਮੀਨ, ਘਰ ਵੇਚ ਕੇ ਨਾ ਜਾਣਾ ਪੈ ਜਾਵੇ। ਸਥਾਨਕ ਪਿੰਡ ਦਾ ਕੋਈ ਵੀ ਆਦਮੀ ਰਾਮਪਾਲ ਦਾ ਚੇਲਾ ਨਹੀਂ ਹੈ, ਸਭ ਬਾਹਰ ਦੇ ਹਨ। ਅੰਦਰ ਕੀ ਚੱਲ ਰਿਹਾ ਹੁੰਦਾ ਸੀ, ਕਿਸੇ ਨੂੰ ਕੁੱਝ ਪਤਾ ਨਹੀਂ ਰਹਿੰਦਾ ਸੀ।"

ਬਰਬਲਾ ਦੇ ਨੇੜੇ ਦੇ ਬਲਵੀਰ ਸਿੰਘ ਜੀ ਕਹਿੰਦੇ ਹਨ, "ਪਿੰਡ ਵਾਸ਼ੀ ਖੁਸ਼ ਹਨ। ਉਸ ਜੱਜ ਸਾਹਿਬ ਦਾ ਧੰਨਵਾਦ। ਜਿਹਨਾਂ ਨੇ ਸਹੀ ਫੈਸਲਾ ਲਿਆ। ਸਚਾਈ ਦੇ ਪ੍ਰਤੀ ਆਮ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਹੈ।" ਕੁੱਝ ਸਮਝਦਾਰ ਲੋਕ ਹੈਰਾਨ ਹਨ ਕਿ ਕਿਵੇਂ ਹਜ਼ਾਰਾਂ , ਲੇਖਾਂ ਲੋਕ ਇਹਨਾਂ ਬਾਬਿਆਂ ਦੇ ਝਾਂਸੇ ਵਿੱਚ ਫਸ ਜਾਂਦੇ ਹਨ। ਇਹਨਾਂ ਦੇ ਗੀਤ ਗਾਉਣ ਲੱਗਦੇ ਹਨ ਅਤੇ ਇਹਨਾਂ ਦੇ ਲਈ ਜਾਨ ਦੇਣ ਨੂੰ ਤਿਆਰ ਰਹਿੰਦੇ ਹਨ। ਆਖਿਰ ਕਿਸ ਤਰ੍ਹਾਂ ਰਾਮਪਾਲ ਨੇ ਭਗਤਾਂ ਉੱਤੇ ਆਪਣਾ ਪ੍ਰਭਾਵ ਜਮਾਂ ਕੇ ਰੱਖਿਆ ਸੀ।

1995 ਵਿੱਚ ਰਾਜ ਦੇ ਸਿੰਚਾਈ ਵਿਭਾਗ ਵਿੱਚ ਜੇਈ ਦੀ ਨੌਕਰੀ ਛੱਡ ਕੇ ਰਾਮਪਾਲ ਨੇ ਆਪਣੇ ਪਿੰਡ ਘਟਾਨਾ ਵਿੱਚ ਹੀ ਸਤਿਸੰਗ ਦੀ ਸ਼ੁਰੂਆਤ ਕੀਤੀ ਸੀ। ਸ਼ੁਰੂ ਵਿੱਚ ਇਥੇ 10-12 ਪਰਵਾਰ ਉਸ ਦੇ ਨਾਲ ਜੁੜੇ ਪਰੰਤੂ ਪਿੰਡ ਦੇ ਦੂਜੇ ਪਰਵਾਰ ਉਸ ਦੇ ਵਿਰੁੱਧ ਹੋ ਗਏ। ਇਸ ਦੇ ਬਾਅਦ ਰਾਮਪਾਲ ਨੂੰ ਉਥੋਂ ਜਾਣਾ ਪਿਆ।

ਕਤਲ ਦੇ ਮੁਕੱਦਮੇ ਦੇ ਬਾਅਦ ਰਾਮਪਾਲ ਧਰਮ ਦੀ ਓਟ ਵਿੱਚ ਝੂਠੇ ਚਮਤਕਾਰਾਂ ਦੇ ਦਿਖਾਵੇ ਅਤੇ ਫਰਜ਼ੀ ਕਿੱਸਿਆ ਦੇ ਜ਼ਰੀਏ ਭੋਲੀ-ਭਾਲੀ ਜਨਤਾ ਦੀ ਭੀੜ ਇਕੱਠੀ ਕਰਨ ਵਿੱਚ ਲੱਗ ਗਿਆ। ਇਸ ਦੇ ਲਈ ਉਹ ਤ੍ਰਾਂ-ਤਰ੍ਹਾਂ ਦੇ ਟੋਟਕੇ ਅਜਮਾਉਣ ਤੋਂ ਨਹੀਂ ਹਟਿਆ। ਗੁਫ਼ਾ ਦੇ ਜ਼ਰੀਏ ਲੋਕਾਂ ਵਿੱਚ ਅੰਧਵਿਸ਼ਵਾਸ ਫੈਲਾਉਣ ਵਿੱਚ ਕਾਮਯਾਬ ਹੋ ਗਿਆ ਅਤੇ ਉਸ ਦੇ ਸ਼ਰਧਾਲੂਆਂ ਦੀ ਭੀੜ ਵੱਧਦੀ ਗਈ। ਰਾਮਪਾਲ ਇੱਕ ਟਰੌਲੀਨੁਮਾ ਹਾਈਡਰੋਲਿਕ ਲਿਫਟ ਦੇ ਜ਼ਰੀਏ ਇੱਕ ਥਾਂ ਤੋਂ ਦੂਜੀ ਥਾਂ ਸ਼ਰਧਾਲੂਆਂ ਦੇ ਵਿੱਚ ਪ੍ਰਗਟ ਹੁੰਦਾ ਸੀ। ਇਸੇ ਅੰਧਵਿਸ਼ਵਾਸ ਦੇ ਕਾਰਨ ਲੋਕ ਉਸਨੂੰ ਚਮਤਕਾਰੀ, ਭਗਵਾਨ ਦਾ ਅਵਤਾਰ ਸਮਝਣ ਲੱਗੇ ਸਨ।

ਉਹ ਆਪਣੇ ਸਿੰਘਾਸਨ (ਆਸਣ, ਚੌਕੀ) ਦੇ ਪਾਸ ਬਣੇ ਕਮਰੇ ਵਿੱਚ ਹਜ਼ਾਰਾਂ ਸ਼ੀਸੀਆਂ ਰੱਖਦਾ ਸੀ, ਜੋ ਤਲਾਸ਼ੀ ਵਿੱਚ ਬਰਾਮਦ



ਹੋਈਆਂ ਹਨ। ਪੁੱਛਗਿੱਛ ਵਿੱਚ ਉਸ ਦੇ ਹਿਮਾਇਤੀ ਦੱਸਦੇ ਹਨ ਕਿ ਉਹ ਭਗਤਾਂ ਨੂੰ ਜੋ ਪਾਣੀ ਚਮਤਕਾਰੀ ਅਤੇ ਦੁੱਖ ਨਿਬਾਰਕ ਦੱਸ ਕੇ ਚਰਨਾਮਤ ਦੇ ਰੂਪ ਵਿੱਚ ਦੇਂਦਾ ਸੀ ਉਹ ਅਸਲ ਵਿੱਚ ਇਯੂਬਵੈਲ ਦਾ ਪਾਣੀ ਹੁੰਦਾ ਸੀ। ਇਹਨਾਂ ਸ਼ੀਸ਼ੀਆਂ ਵਿੱਚ ਉਹ ਇਹੀ ਪਾਣੀ ਭਰ ਕੇ ਰੱਖਦਾ ਸੀ।

ਰਾਮਪਾਲ ਟੈਲੀਵਿਜਨ ਉੱਤੇ ਧਾਰਮਕ ਚੈਨਲਾਂ ਵਿੱਚ ਵੀ ਆਪਣੇ ਪ੍ਰਵਚਨਾਂ ਦੇ ਜ਼ਰੀਏ ਨਾਲ ਲੋਕਾਂ ਨੂੰ ਆਪਣੇ ਵੱਲ ਖਿੱਚਦਾ ਸੀ ਟੀ. ਵੀ. ਦੇ ਇਲਾਵਾ ਆਪ ਦੀ ਸਾਹਿਤ ਪ੍ਰਚਾਰ ਸਾਮੱਗਰੀ ਦੇ ਦੁਆਰਾ ਉਹ ਲੋਕਾਂ ਤਕ ਪਹੁੰਚ ਬਣਾਉਂਦਾ ਸੀ। ਉਹ ਆਸ਼ਰਮ ਵਿੱਚ ਆਪਣੇ ਭਗਤਾਂ ਨੂੰ ਆਪਣੀ ਫੋਟੋ ਵਾਲੇ ਸਟਿੱਕਰ, ਤਸਵੀਰ ਵਾਲੇ ਲੌਕੇਟ, ਅੰਗੂਠੀ ਵੇਚਦਾ ਸੀ। ਆਸ਼ਰਮ ਦੀਆਂ ਕੰਧਾਂ ਉੱਤੇ ਉਸ ਦੇ ਛੋਟੇ ਵੱਡੇ ਪੋਸਟਰ, ਬੋਰਡ ਲੱਗੇ ਹਨ ਜਿਹਨਾਂ ਵਿੱਚ ਉਸਨੂੰ ਜਗਦਗੁਰੂ ਭਗਵਾਨ ਦੱਸਿਆ ਗਿਆ ਹੈ।

ਅਨੇਕ ਲੋਕ ਚੈਨਲ ਉੱਤੇ ਉਸ ਦੇ ਪ੍ਰਵਚਨ ਸੁਣ ਕੇ ਆਸ਼ਰਮ ਨਾਲ ਜੁੜ ਗਏ। ਇਸ ਤਰ੍ਹਾਂ ਉਸ ਦੇ ਭਗਤਾਂ ਦੀ ਗਿਣਤੀ ਵੱਧਦੀ ਗਈ। ਰਾਮਪਾਲ ਦੇ ਭਿੰਨ-ਭਿੰਨ ਰਾਜਾਂ ਵਿੱਚ 12 ਲੱਖ ਤੋਂ ਜ਼ਿਆਦਾ ਪੈਰੋਕਾਰ ਬਣਾਏ ਜਾਂਦੇ ਹਨ। ਉਸ ਦੇ ਏਜੰਟ ਸ਼ਰਧਾਲੂਆਂ ਨੂੰ ਖਰਾਬ ਕਿਡਨੀ, ਕੈਂਸਰ ਤੋਂ ਠੀਕ ਕਰਨ ਅਤੇ ਮਰੀ ਹਾਲਤ ਵਿੱਚ ਪਹੁੰਚ ਚੁਕੇ ਬੰਦੇ ਨੂੰ ਜਿਉਂਦਾ ਕਰਨ ਵਰਗੇ ਚਮਤਕਾਰੀ ਕਿੱਸੇ ਸੁਣਾਂਦੇ ਹਨ।

ਬਲਵੀਰ ਸਿੰਘ ਦੇ ਅਨੁਸਾਰ, ਰਾਮਪਾਲ ਆਪਣੇ ਆਪ ਨੂੰ ਕਬੀਰ ਪੰਥੀ ਦੱਸਦਾ ਹੈ। ਪਰੰਤੂ ਕਬੀਰ ਜੀ ਨੇ ਆਪਣੇ ਸਾਹਿਤ ਵਿੱਚ ਜੋ ਮਾਨਵਤਾ ਦੀ ਸਿੱਖਿਆ ਦਿੱਤੀ ਸੀ, ਰਾਮਪਾਲ ਦੇ ਪ੍ਰਵਚਨਾਂ ਵਿੱਚ ਉਹ ਗੱਲਾਂ ਕਿਧਰੇ ਨਹੀਂ ਆਖੀਆਂ ਜਾਂਦੀਆਂ। ਉਹ ਤਾਂ ਕਬੀਰ ਦੀ ਓਟ ਵਿੱਚ ਧਰਮ ਦੀ ਦੁਕਾਨ ਚਲਾ ਰਿਹਾ ਸੀ।

ਠੱਗਵਿਦਿਆ ਦਾ ਉਸਤਾਵ ਹੈ ਰਾਮਪਾਲ-ਈਸ਼ਵਰ ਸਿੰਘ ਖੱਤਰੀ, ਏਕਟੀਵਿੱਸਟ: ਸ੍ਰੀ ਈਸ਼ਵਰ ਸਿੰਘ ਖੱਤਰੀ ਜੀ ਕਹਿੰਦੇ ਹਨ ਕਿ 'ਬਾਬਾਡਮ' ਦੇਸ਼ ਵਿੱਚ ਬਹੁਤ ਵੱਡਾ ਧੰਦਾ ਹੈ। ਲੋਕਾਂ ਨੂੰ ਆਪਣੇ ਆਲੇ ਦੁਆਲੇ ਇਕੱਠਾ ਕਰਨ ਦੀ ਇਹਨਾਂ ਲੋਕਾਂ ਵਿੱਚ ਬਹੁਤ ਗਜਬ (ਵਿਲੱਖਣਗਲ) ਦੀ ਕਲਾ ਹੁੰਦੀ ਹੈ। ਇਹ ਲੋਕ ਜਿਸਨੂੰ ਵਿਦਿਆ ਕਹਿੰਦੇ ਹਨ ਉਹ ਅਸਲ ਵਿੱਚ ਠੱਗਵਿਦਿਆ ਹੈ। ਬਾਬੇ ਦਾ ਕੰਮ ਹੈ ਅਨਪੜ੍ਹ, ਘੱਟ ਪੜ੍ਹੇ ਲਿਖੇ ਲੋਕਾਂ ਨੂੰ ਬਰਗਲਾਉਣਾ। ਇਸ ਕੰਮ ਵਿੱਚ ਇਹ ਮਾਹਰ ਹੁੰਦੇ ਹਨ।

ਈਸ਼ਵਰ ਸਿੰਘ ਜੀ ਦੱਸਦੇ ਹਨ ਕਿ ਰਾਮਪਾਲ ਦੇ ਜ਼ਿਆਦਾਤਰ ਪੈਰੋਕਾਰ ਹੇਠਲੀਆਂ, ਅਤੇ ਪਿਛਲੀਆਂ ਜਾਤਾਂ ਦੇ ਹਨ। ਹਾਸ਼ੀਏ ਉੱਤੇ ਰਹੀ ਇਹਨਾਂ ਜਾਤਾਂ ਨੂੰ ਆਸ਼ਰਮਾਂ, ਬਾਬਿਆਂ ਦੇ ਪਾਸ ਸਮਾਜਿਕ ਅਤੇ ਭਾਵਨਾਤਮਕ ਜਗਹ ਮਿਲਦੀ ਹੈ। ਉਹਨਾਂ ਦੀ ਇਸ ਕਮਜ਼ੋਰੀ ਦਾ ਬਾਬੇ

ਜੰਮ ਕੇ ਲਾਭ ਉਠਾਂਦੇ ਹਨ। ਹੁਣ ਉਸ ਕਮਾਉਣ ਵਾਲੇ ਦੀ ਕਮਾਈ ਦਾ ਕੁੱਝ ਹਿਸਾ ਦਾਨ ਦੇ ਰੂਪ ਵਿੱਚ ਮੰਗਿਆ ਜਾਂਦਾ ਹੈ, ਬਦਲੇ ਵਿੱਚ ਉਸਨੂੰ ਸੁਨਹਿਰੀ ਸੁਪਨੇ ਦਿਖਾਏ ਜਾਂਦੇ ਹਨ। ਲੋਕ ਇਸ ਤਰ੍ਹਾਂ ਜੁਟਦੇ ਜਾਂਦੇ ਹਨ। ਹਰ ਆਦਮੀ ਦੁਖੀ ਹੈ। ਉਹ ਆਪਣੇ ਦੁੱਖਾਂ ਦਾ ਇਲਾਜ ਬਾਬਿਆਂ ਦੇ ਦਰਸ਼ਨ, ਉਹਨਾਂ ਦੇ ਆਸ਼ੀਰਵਾਦ, ਪ੍ਰਵਚਨ ਸੁਣ ਨੇ ਵਿੱਚ ਲੱਭਦਾ ਹੈ। ਇਸ ਲਈ ਬਾਬਿਆਂ ਦੀ ਗਿਣਤੀ ਵੱਧਦੀ ਜਾਂਦੀ ਹੈ ਪਰ ਚੇਲਿਆਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਰਹਿੰਦੀਆਂ ਹਨ। ਉਧਰ ਬਾਬਿਆਂ ਦੀਆਂ ਗੋਲਕਾਂ ਭਰਦੀਆਂ ਜਾਂਦੀਆਂ ਹਨ।

ਖਤਰੀ ਜੀ ਕਹਿੰਦੇ ਹਨ ਕਿ ਤਮਾਸ਼ਬੀਨ ਆਮ ਲੋਕਾਂ ਨੂੰ ਵਰਗਲਾਇਆ ਕਰਦਾ ਹੈ ਕਿ ਮੈਂ ਤੁਹਾਡਾ ਰੱਬ ਨਾਲ ਸਿੱਧਾ ਲਿੰਕ ਕਰਾ ਦਿਆਂਗਾ। ਅੱਜ ਜੋ ਚੜ੍ਹਾਵਾ ਦੇਵੋਗੇ, ਉਹ ਰੱਬ ਨੂੰ ਮਿਲੇਗਾ। ਇਸ ਤਰ੍ਹਾਂ ਲੋਕ ਵੱਧ ਚੜ੍ਹਕੇ ਪੈਸਾ ਦੇਣ ਲੱਗਦੇ ਹਨ। ਬਾਬਾ ਸਥਾਨਕ ਲੋਕਾਂ ਦੀ ਬਜਾਏ ਦੂਰਦੁਰੇਡੇ ਦੇ ਲੋਕਾਂ ਦੇ ਪਾਸ ਆਪਣਾ ਏਜੰਟ ਭੇਜਦਾ ਹੈ। ਨਵੀਂ ਥਾਂ ਉੱਤੇ ਸ਼ੁਰੂ ਵਿੱਚ ਉਹ ਆਪਣੇ ਪੈਸੇ ਖਰਚ ਕਰਕੇ ਸਤਿਸੰਗ ਦਾ ਪ੍ਰਬੰਧ ਕਰਦਾ ਹੈ। ਉਸ ਵਿੱਚ ਲੋਕ ਜੁੜਦੇ ਹਨ। ਬਾਅਦ ਵਿੱਚ ਹੌਲੀ-ਹੌਲੀ ਚੇਲੇ ਬਣਦੇ ਜਾਂਦੇ ਹਨ। ਰਾਮਪਾਲ ਦੇ ਪਾਸ ਵੀ ਠੱਗਵਿਦਿਆ ਸੀ ਜੋ ਹਰੇਕ ਬਾਬੇ ਦੇ ਪਾਸ ਹੁੰਦੀ ਹੈ ਇਸ ਤਰ੍ਹਾਂ ਬਾਬਿਆਂ (ਪਖੰਡੀਆਂ) ਦਾ ਧੰਦਾ ਚੱਲਦਾ ਹੈ। ਇਹ ਧਰਮ ਦੀ ਓਟ ਵਿੱਚ ਲੋਕਾਂ ਨੂੰ ਮੂਰਖ ਬਣਾ ਕੇ ਪੈਸਾ ਕਮਾਉਣ ਦਾ ਕੰਮ ਕਰਦੇ ਹਨ। ਸਤਿਸੰਗ ਵਿੱਚ ਰਾਮਪਾਲ ਦੇ ਸੇਵਾਦਾਰ ਨਕਦੀਦਾਨ ਕਰਦੇ ਹਨ। ਉਨ੍ਹਾਂ ਦੀ ਦੇਖਾਦੇਖੀ ਲੋਕ ਪੈਸਾ ਬਰਸਾਉਣ ਲੱਗਦੇ ਸਨ।

ਹੋਰ ਵੀ ਹਨ ਅਜਿਹੇ ਬਾਬੇ :- ਹਰਿਆਣੇ ਵਿੱਚ ਇਹ ਪਹਿਲਾ ਮਾਮਲਾ ਨਹੀਂ ਹੈ। ਇਸਤੋਂ ਪਹਿਲਾਂ ਵੀ ਬਾਬਿਆਂ ਅਤੇ ਉਨ੍ਹਾਂ ਦੇ ਵਿਰੋਧੀਆਂ ਅਤੇ ਬਾਬਿਆਂ ਵਿੱਚ ਹੀ ਆਪਸ ਵਿੱਚ ਗੈਂਗਵਾਰ ਚੱਲਦੀ ਰਹੀ ਹੈ। ਡੇਰਾ ਸੱਚਾ ਸੌਦਾ ਦੇ ਰਾਮ ਰਹੀਮ ਸਿੰਘ ਅਤੇ ਸਿੱਖਾਂ ਦੇ ਵਿੱਚ ਕਾਫ਼ੀ ਸਮੇਂ ਤੋਂ ਤਣਾਅ ਦੇ ਹਾਲਾਤ ਹਨ। ਖ਼ੂਨੀ ਘੋਲ ਵੀ ਹੋ ਚੁੱਕੇ ਹਨ। ਰਾਮ ਰਹੀਮ ਕਈ ਮਾਮਲੇ ਦਰਜ ਹਨ। ਉਸ ਦੇ ਭਗਤਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਹੈ।

ਇੱਕ ਸਮੇਂ ਲੋਕਾਂ ਦੀਆਂ ਨਜ਼ਰਾਂ ਵਿੱਚ ਕਥਿਤ ਭਗਵਾਨ ਦਾ ਅਵਤਾਰ ਬਣ ਚੁੱਕਾ ਆਸਾਰਾਮ ਜਦ ਬਲਾਤਕਾਰੀ ਦਾ ਰੂਪ ਨਿਕਲਿਆ ਤਾਂ ਭਗਤਾਂ ਦੀਆਂ ਅੱਖਾਂ ਖੁੱਲ੍ਹੀਆਂ। ਆਸਾਰਾਮ ਨੂੰ ਵੀ ਇੰਦੌਰ ਆਸ਼ਰਮ ਵਿੱਚ ਰਾਜਸਥਾਨ ਅਤੇ ਗੁਜਰਾਤ ਪੁਲਿਸ ਫੜ੍ਹਨ ਗਈ ਤਾਂ ਵਿਰੋਧ ਵਿੱਚ ਉਸ ਦੇ ਹਜ਼ਾਰਾਂ ਹਿਮਾਇਤੀ ਸੜਕਾਂ ਉੱਤੇ ਉਤਰ ਆਏ ਸਨ। ਆਖਿਰ ਉਹ ਫੜ੍ਹਿਆ ਗਿਆ ਅਤੇ ਉਸ ਦੇ ਈਸ਼ਵਰਤਵ ਦਾ ਮੁਲੰਮਾ ਉਤਰ ਗਿਆ। ਉਸ ਦੇ ਲੱਖਾਂ ਭਗਤਾਂ ਉੱਤੇ ਪਿਆ ਸ਼ਰਧਾ ਦਾ ਪਰਦਾ ਵੀ ਹਟ ਗਿਆ। ਅੱਜ 1 ਸਾਲ ਤੋਂ ਵੱਧ ਸਮੇਂ ਬਾਅਦ ਵੀ ਆਸਾਰਾਮ ਜੇਲ੍ਹ ਦੀਆਂ ਸਲਾਖਾਂ ਤੋਂ ਬਾਹਰ ਨਹੀਂ ਆ ਸਕਿਆ ਹੈ।

ਕੁੱਝ ਸਮੇਂ ਪਹਿਲਾਂ ਨਿਰਮਲ ਬਾਬੇ ਦੇ ਖਿਲਾਫ਼ ਹੇਰਾਫੇਰੀ ਦੇ ਮਾਮਲੇ ਨੇ ਤੂਲ ਪਕੜਿਆ ਸੀ। ਉਹ ਚੁਟਕਲੇਨੁਮਾ ਟੋਟਕੇ ਦੱਸ ਕੇ ਲੋਕਾਂ ਤੋਂ ਕਰੋੜਾਂ ਰੁਪਏ ਠੱਗ ਚੁੱਕਾ ਹੈ ਅਤੇ ਹੁਣ ਫੇਰ ਟੈਲੀਵਿਜਨ ਚੈਨਲਾਂ ਉੱਤੇ ਬੇਸ਼ਰਮੀ ਦੇ ਨਾਲ ਧਰਮਾਂਧਾਂ ਨੂੰ ਮੂਰਖ ਬਣਾ ਰਿਹਾ ਹੈ। ਉਹ ਆਪਣੇ ਦਰਬਾਰ ਵਿੱਚ ਦਾਖ਼ਲੇ ਦੀ 2 ਹਜ਼ਾਰ ਰੁਪਏ ਫੀਸ ਵਸੂਲਦਾ ਹੈ।

ਸੰਤ ਦੀ ਸ਼ਕਲ ਵਿੱਚ ਅੱਜ ਜੋ ਰਾਮਪਾਲ ਗ੍ਰਿਫਤਾਰ ਕੀਤਾ ਗਿਆ ਹੈ ਉਹ ਇੱਕ ਇੰਜਨੀਅਰ ਸੀ। ਇੱਕ ਮਾਮੂਲੀ ਇੰਜਨੀਅਰ ਦਾ ਇਸ ਵਕਤ 250 ਕਰੋੜ ਰੁਪਏ ਤੋਂ ਉਪਰ ਦਾ ਟਰਨਓਵਰ ਦੱਸਿਆ ਜਾਂਦਾ ਹੈ। (ਨਿਸ਼ਚਿਤ ਸਮੇਂ ਵਿੱਚ ਵਿਕਰੀ) ਇਸੇ ਤਰ੍ਹਾਂ, ਸਵਾਮੀ ਨਿੱਤਿਆਨੰਦ ਦੀਆਂ ਰੰਗੀਨ ਲੀਲਾਵਾਂ ਤੋਂ ਕੌਣ ਜਾਣੂ ਨਹੀਂ ਹੈ। ਸ਼ੰਕਰਾਚਾਰੀਆ ਸਵਾਮੀ ਜਯੇਂਦਰ ਸਰਸਵਤੀ ਉਤੇ ਆਪਣੇ ਮਠ ਦੇ ਮੈਨੇਜਰ ਦੀ ਹੱਤਿਆ ਦਾ ਮਾਮਲਾ ਚੱਲਿਆ ਸੀ ਅਤੇ ਉਹ ਜੇਲ੍ਹ ਵਿੱਚ ਰਿਹਾ ਸੀ। ਯੋਗ ਅਤੇ ਆਯੁਰਵੇਦ ਦੇ ਨਾਂ ਉਤੇ ਰਾਮਦੇਵ ਦਾ ਧਾਰਮਿਕ ਵਪਾਰ ਅਰਬਾਂ ਵਿੱਚ ਪਹੁੰਚ ਗਿਆ ਹੈ ਅਤੇ ਸਰਕਾਰ ਦੀ ਜ਼ੈੱਡ ਪਲੱਸ ਸੁਰੱਖਿਆ ਪ੍ਰਾਪਤ ਕਰਕੇ ਉਹ ਵੀ. ਵੀ. ਆਈ. ਪੀ . ਬਾਬਾ ਅਖਵਾਉਣ ਦਾ ਮਾਣ ਪ੍ਰਾਪਤ ਕਰ ਚੁੱਕਾ ਹੈ।

ਸਰਕਾਰਾਂ, ਅਦਾਲਤਾਂ ਦੇ ਡਰ ਤੋਂ ਰਾਮਪਾਲ, ਆਸਾਰਾਮ ਵਰਗੇ ਬਾਬਿਆਂ ਨੂੰ ਚਾਹ ਕੇ ਵੀ ਨਹੀਂ ਬਚਾ ਪਾ ਰਹੀਆਂ ਹਨ। ਰਾਮਪਾਲ ਦੀ ਘਟਨਾ ਦੇ ਬਾਅਦ ਪੰਜਾਬ ਹਰਿਆਣਾ ਹਾਈਕੋਰਟ ਨੇ ਇਹਨਾਂ ਦੋਹਾਂ ਰਾਜ ਸਰਕਾਰਾਂ ਨੂੰ ਹੁਕਮ ਦੇਣਾ ਪਿਆ ਕਿ ਉਹ ਆਪਣੇ ਇੱਥੋਂ ਦੇ ਆਸ਼ਰਾਮਾਂ, ਡੇਰਿਆਂ ਦਾ ਜਾਇਜ਼ਾ ਲੈ ਕੇ ਇੱਕ ਮੁਕੰਮਲ ਰਿਪੋਰਟ ਪੇਸ਼ ਕਰਨ। ਉੱਤਰ ਭਾਰਤ ਵਿੱਚ ਛੋਟੇ ਮੋਟੇ ਹਜ਼ਾਰਾਂ ਆਸ਼ਰਮ, ਡੇਰੇ ਹਨ ਅਤੇ ਇਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਲੱਖਾਂ ਕਰੋੜਾਂ ਵਿੱਚ ਹੈ। ਹਰ ਸਮੇਂ ਇੱਕ ਨਾ ਇੱਕ ਬਾਬਾ ਲੋਕਾਂ ਦੇ ਦਿਲੋ ਦਿਮਾਗ ਉਤੇ ਛਾਇਆ ਰਹਿੰਦਾ ਹੈ। ਫੇਰ ਕੁੱਝ ਸਮੇਂ ਬਾਅਦ ਉਸ ਦੀ ਪੋਲ ਖੁੱਲ੍ਹਦੀ ਹੈ ਤਾਂ ਕੋਈ ਦੂਜਾ ਉਠ ਖੜ੍ਹਾ ਹੁੰਦਾ ਹੈ। ਤਦ ਲੋਕ ਉਸ ਵੱਲ ਭੱਜਣ ਲੱਗਦੇ ਹਨ। ਇਹ ਸਿਲਸਿਲਾ ਚੱਲਦਾ ਆਇਆ ਹੈ।

ਇੱਕ ਹੀ ਧਰਮ ਦੇ ਬਾਬਿਆਂ ਦੇ ਵਿੱਚ ਆਏ ਦਿਨ ਟੱਕਰ ਹੁੰਦੀ ਰਹਿੰਦੀ ਹੈ। ਹਿੰਸਾ, ਮਾਰਕੁੱਟ, ਮੁਕਦਮੇਬਾਜੀ ਆਮ ਗੱਲ ਹੈ। ਇਹ ਬਾਬੇ ਆਪਣੇ ਪ੍ਰਵਚਨਾਂ ਵਿੱਚ ਵੀ ਇੱਕ ਦੂਜੇ ਦੀ ਨਿੰਦਿਆ ਕਰਦੇ ਨਹੀਂ ਥੱਕਦੇ। ਆਪਣੇ ਆਪ ਨੂੰ ਧਰਮ ਦਾ ਅਸਲੀ ਠੇਕੇਦਾਰ ਬਾਕੀ ਨੂੰ ਨਕਲੀ ਸਾਬਤ ਕਰਨ ਉੱਤੇ ਤੁਲੇ ਦੇਖੇ ਜਾ ਸਕਦੇ ਹਨ।

ਸਵਾਲ ਉਠਦਾ ਹੈ ਕਿ ਦੇਸ਼ ਭਰ ਵਿੱਚ ਇਸ ਤਰ੍ਹਾਂ ਦੇ ਆਸ਼ਰਮ ਚੱਲਦੇ ਕਿਵੇਂ ਹਨ? ਅਸਲ ਵਿੱਚ ਸੰਤ ਬਣ ਕੇ ਆਸ਼ਰਮ ਨੂੰ ਸੰਚਾਲਿਤ ਕਰਨ ਗਜਬ ਦੀ ਕਲਾ ਹੈ। ਬਾਬਾ, ਸੰਤ, ਗੁਰੂ, ਲੋਕ ਚਾਲਬਾਜੀ ਦੇ ਉਸਤਾਦ ਹੁੰਦੇ ਹਨ। ਹਜ਼ਾਰਾਂ ਲੱਖਾਂ ਲੋਕਾਂ ਦੇ ਵਿੱਚ ਪਖੰਡ ਦਾ ਪ੍ਰਚਾਰਪ੍ਰਸਾਰ ਕਰਨਾ ਅਤੇ ਝੂਠ ਨੂੰ ਸੱਚ ਦੇ ਰੈਪਰ ਵਿੱਚ ਪੈਕ ਕਰ ਕੇ ਵੇਚਣਾ ਕਿਸੇ ਮਾਹਰ ਪ੍ਰਬੰਧਕ ਦੇ ਹੀ ਵੱਸ ਦੀ ਗੱਲ ਹੈ। ਬਾਬੇ ਦੇ ਨਾਲ ਅਜਿਹੇ ਕਈ ਲੋਕ ਹੁੰਦੇ ਹਨ ਜੋ ਸਭਨਾਂ ਤਰ੍ਹਾਂ ਦੇ ਪ੍ਰਬੰਧਨ ਵਿੱਚ ਨਿਪੁੰਨ ਹੁੰਦੇ ਹਨ। ਉਹਨਾਂ ਵਿੱਚ ਚਤੁਰਾਈ, ਸ਼ਾਤਰਪਨ, ਕੁਟਿਲਤਾ, ਬੇਈਮਾਨੀ, ਝੂਠ, ਪੈਸਾ ਬਟੋਰਨ ਦੀ ਕਲਾ ਮਾਫ਼ੀਆਗਿਰੀ, ਗੁੰਡਾਗਰਦੀ ਵਰਗੇ ਹਰ ਤਰ੍ਹਾਂ ਦੇ ਗੁਣ ਹੁੰਦੇ ਹਨ।

ਕਿਵੇਂ ਮਿਲੇ ਛੁੱਟਕਾਰਾ :- ਬਾਬੇ ਲੋਕਾਂ ਦੀ ਅਗਿਆਨਤਾ ਦੇ ਕਾਰਨ ਤੋਂ ਵੱਧਦੇ ਫੁਲਦੇ ਹਨ ਕਿਉਂਕਿ ਸੁਖ, ਸ਼ਾਂਤੀ, ਅਮੀਰੀ ਤਰੱਕੀ ਦੀ ਇੱਛਾ ਦੇ ਲਈ ਅਤੇ ਦੁੱਖ, ਕਮੀ (ਥੁੜ੍ਹਾਂ), ਅਸੁਰੱਖਿਆ ਤੋਂ ਨਿਜਾਤ ਪਾਣ ਦੇ ਲਈ ਭੋਲੀ ਭਾਲੀ ਜਨਤਾ ਇਹਨਾਂ ਦੇ ਕੋਲ ਜਾਣ ਨੂੰ ਮਜ਼ਬੂਰ ਮਹਿਸੂਸ ਕਰਦੀ ਹੈ। ਬਾਬਿਆਂ ਨੂੰ ਲੀਡਰਾਂ ਅਤੇ ਸ਼ਾਸਨ ਦੀ ਪੂਰੀ ਸੁਰੱਖਿਆ ਮਿਲਦੀ ਹੈ। ਇਹ ਆਸ਼ਰਮ ਇਹਨਾਂ ਦੇ ਵੋਟਬੈਂਕ ਬਣ ਚੁੱਕੇ ਹਨ। ਇਹ ਵਜ੍ਹਾਂ ਹੈ ਕਿ ਰਾਮਪਾਲ ਨੇ ਆਪਣੇ ਕਾਰੋਬਾਰ ਦਾ ਵਿਸਥਾਰ ਹਰਿਆਣਾ ਤੋਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਗੁਜਰਾਤ, ਮਹਾਂਰਾਂਸਟਰ, ਉੱਤਰਾਖੰਡ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਨੇਪਾਲ ਅਤੇ ਭੂਟਾਨ ਤਕ ਫੈਲਾ ਲਿਆ ਸੀ।

ਇਹ ਹਾਲਤ ਸੰਸਾਰੀ ਹੈ। ਅਮਰੀਕਾ, ਚੀਨ, ਜਾਪਾਨ, ਵਰਗੇ ਦੇਸ਼ਾਂ ਵਿੱਚ ਵੀ ਚਮਤਾਰੀ ਸੰਤ, ਛੋਟੇ-ਛੋਟੇ ਵੱਖ-ਵੱਖ ਪੰਥ ਦੇ ਲੋਕਾਂ ਦੇ ਮਨਮਸਤਕ ਉੱਤੇ ਛਾਏ ਰਹਿੰਦੇ ਹਨ। ਇਥੇ ਵੀ ਧਾਰਮਕ ਪਖੰਡਾਂ ਦੀ ਪੋਲ ਖੁੱਲ੍ਹਦੀ ਰਹਿੰਦੀ ਹੈ। ਪਾਦਰੀ, ਮੁੱਲਾ, ਗਰੰਥੀ ਆਪਣੇ ਆਪ ਨੂੰ ਕਥਿਤ ਰੱਬ ਦਾ ਏਜੰਟ ਦੱਸ ਕੇ ਲੋਕਾਂ ਨੂੰ ਮੁਕਤੀ, ਸੁਖਅਮੀਰੀ ਦਾ ਰਸਤਾ ਦੱਸਦੇ ਹੋਏ ਆਪਣਾ ਉੱਲੂ ਸਿੱਧਾ ਕਰਦੇ ਆ ਰਹੇ ਹਨ।

ਇਹਨਾਂ ਸਭਨਾਂ ਵਿੱਚ ਇੱਕ ਸਮਾਨਤਾ ਜ਼ਰੂਰ ਹੈ ਅਤੇ ਉਹ ਇਹ ਕਿ ਇਹ ਤਿਕੜਮਾਂ (ਚਾਲਾਂ) ਵਿੱਚ ਮਾਹਰ ਹੁੰਦੇ ਹਨ। ਲੋਕਾਂ ਨੂੰ ਮੂਰਖ ਬਣਾਉਣ ਦੀ ਕਲਾ ਇਹਨਾਂ ਵਿੱਚ ਕੁੱਟ-ਕੁੱਟ ਕੇ ਭਰੀ ਹੁੰਦੀ ਹੈ। ਇਹ ਆਸ਼ਰਮ, ਬਾਬਿਆਂ ਦੇ ਤਦ ਤਕ ਫਲਦੇ ਫੁਲਦੇ ਰਹਿਣਗੇ ਜਦ ਤਕ ਜਨਤਾ ਅਗਿਆਨਤਾ ਦੇ ਖੂਹ ਤੋਂ ਬਾਹਰ ਨਹੀਂ ਨਿਕਲ ਆਉਂਦੀ

**ਅਨੁਵਾਦਕ : ਪਵਨਕੁਮਾਰ ਰੱਤੋਂ**

# ਨੈਸ਼ਨਲ ਬੁਕ ਟਰੱਸਟ, ਇੰਡੀਆ ਦੀਆਂ

## ਸਾਹਿਤਕ ਪੁਸਤਕਾਂ ਦੇ ਵਿਸ਼ਾਲ ਸੰਸਾਰ ਨਾਲ ਸਾਂਝ ਪਾਓ

**ਪੰਜਾਬੀ ਕਹਾਣੀ ਦਾ ਵਿਕਾਸ** : [illegible] ਸਿੰਘ [illegible] (ਸੰਪਾਦਕ)

ਕੀਮਤ : 445.00

ਇਸ ਪੁਸਤਕ ਵਿਚ ਪੰਜਾਬੀ ਦੇ 61 ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

**ਗ਼ਦਰ ਅੰਦੋਲਨ – ਸੰਖੇਪ ਇਤਿਹਾਸ** : ਹਰੀਸ਼ ਕੇ. ਪੁਰੀ

ਅਨੁਵਾਦ : [illegible] ਕੀਮਤ : 135.00

ਪੁਸਤਕ ਵਿਚ ਗ਼ਦਰ ਅੰਦੋਲਨ ਦੇ ਪਿਛੋਕੜ, ਉਸ ਦੇ [illegible] ਰੂਪ, ਉਸ ਦੀਆਂ [illegible] ਪਾਰ ਗਤੀਵਿਧੀਆਂ, ਇਸ ਤਹਿਰੀਕ ਦੇ ਮਨੋਰਥ, ਨੀਤੀਆਂ ਤੇ ਕਲਪਨਾਵਾਂ, [illegible] ਕੁਰਬਾਨੀਆਂ ਅਤੇ ਭਾਰਤ [illegible] ਦੇ [illegible] ਕਾਰਵਾਈਆਂ ਨੂੰ ਪ੍ਰੇਰਿਤ ਕਰਨ ਵਾਲੀ ਇਸ ਦੀ ਵਿਰਾਸਤ ਦਾ ਸੰਖੇਪ ਇਤਿਹਾਸ ਹੈ

**ਮੋਹਿਤ ਸੇਨ (ਸਵੈਜੀਵਨੀ):** ਅਨੁਵਾਦ : [illegible]

ਕੀਮਤ 235.00

ਪੁਸਤਕ ਪ੍ਰਸਿੱਧ ਚਿੰਤਕ ਕਮਿਊਨਿਸਟ ਮੋਹਿਤ ਸੇਨ ਦੀ ਸਵੈਜੀਵਨੀ ਹੈ।

**ਪੰਜਾਬ ਦੇ ਖ਼ਾਨਾਬਦੋਸ਼ ਕਬੀਲੇ (ਸਭਿਆਚਾਰ ਅਤੇ ਲੋਕ ਜੀਵਨ)**

: ਡਾ. [illegible]

ਮੂਲ ਪੰਜਾਬੀ : ਕੀਮਤ : 200.00

ਪੁਸਤਕ ਵਿਚ ਪੰਜਾਬ ਦੇ [illegible] ਕਬੀਲਿਆਂ ਉੱਤੇ ਖੋਜ ਭਰਪੂਰ ਲੇਖ ਸ਼ਾਮਿਲ ਹਨ

**ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ** : [illegible] (ਸੰਪਾਦਕ)

ਮੂਲ ਪੰਜਾਬੀ : ਕੀਮਤ 305.00

ਪੁਸਤਕ ਵਿਚ ਰਘੁਬੀਰ ਢੰਡ ਦੀਆਂ [illegible] ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ

**ਹਾਸ਼ਮ ਕ੍ਰਿਤ ਸੱਸੀ ਪੁੰਨੂੰ** : ਡਾ. ਜਸਵਿੰਦਰ ਕੌਰ ਬਿੰਦਰਾ (ਸੰਪਾਦਕ)

ਮੂਲ ਪੰਜਾਬੀ : ਕੀਮਤ : 85.00

ਪੁਸਤਕ ਵਿਚ ਹਾਸ਼ਮ [illegible] ਦੀ [illegible] ਤਸਵੀਰ ਪੇਸ਼ ਕੀਤੀ ਹੈ।

**ਭਾਈ ਪ੍ਰੀਤਮ ਸਿੰਘ ਜੀਵਨ ਯਾਤਰਾ** : [illegible]

ਮੂਲ ਪੰਜਾਬੀ : ਕੀਮਤ : [illegible]

ਪੁਸਤਕ ਵਿਚ ਭਾਈ ਪ੍ਰੀਤਮ ਸਿੰਘ ਦੇ [illegible]

**ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ**

: [illegible] (ਸੰਪਾਦਕ)

ਅਨੁਵਾਦ : ਬਲਬੀਰ ਮਾਧੋਪੁਰੀ : ਕੀਮਤ : 120.00

ਪੁਸਤਕ ਵਿਚ [illegible] ਨਾਲ ਸੰਬੰਧਿਤ [illegible] ਕਹਾਣੀਆਂ ਹਨ।

**ਚੋਣਵੇਂ ਪੰਜਾਬੀ ਨਿਬੰਧ** : ਡਾ. [illegible] (ਸੰਪਾਦਕ)

ਕੀਮਤ : [illegible]

ਇਸ ਪੁਸਤਕ ਵਿਚ 58 ਚੋਣਵੇਂ ਪੰਜਾਬੀ ਨਿਬੰਧ ਸ਼ਾਮਿਲ ਹਨ

**ਪਰੀ ਰੰਗ – ਪੰਜਾਬ ਦੀਆਂ ਲੋਕ ਕਥਾਵਾਂ** : [illegible] ਕੌਰ [illegible]

ਮੂਲ ਪੰਜਾਬੀ : ਕੀਮਤ 150.00

ਪਰੀ ਰੂਪ ਪੰਜਾਬ ਲੋਕ ਕਥਾਵਾਂ ਦਾ ਇਕ ਅਨੂਠਾ ਅਤੇ [illegible] ਸੰਗ੍ਰਹਿ ਹੈ।

## ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ ਉੱਤੇ ਸੰਪਰਕ ਕਰੋ :-

ਨੈਸ਼ਨਲ ਬੁਕ ਟਰੱਸਟ, ਇੰਡੀਆ
ਨਹਿਰੂ ਭਵਨ, 5 ਇੰਸਟੀਟਿਊਸ਼ਨਲ ਏਰੀਆ
ਫੇਜ਼-2, ਵਸੰਤ ਕੁੰਜ, ਨਵੀਂ ਦਿੱਲੀ-110070
ਟੈਲੀਫ਼ੋਨ : 91-11-26707700
ਫੈਕਸ : 91-11-26121883
ਵੈੱਬਸਾਈਟ : www.nbtindia.gov.in

ਮੁੰਬਈ : ਟੈਲੀਫ਼ੋਨ : 022 23720442
ਈ-ਮੇਲ : nbtindiamumbai@yahoo.com
ਬੰਗਲੌਰ : ਟੈਲੀਫ਼ੋਨ : 080 26711994
ਈ-ਮੇਲ : sro@nbtindia.org.in
ਕੋਲਕਾਤਾ : ਟੈਲੀਫ਼ੋਨ : 03322413899
ਈ-ਮੇਲ : ero@nbtindia.org.in